

# ਸੁਖਾਂ ਦਾ ਬਾਗ਼

ਰਤਨ ਸਿੰਘ

ਉੱਤਰ ਪ੍ਰਦੇਸ਼ ਪੰਜਾਬੀ ਅਕਾਦਮੀ
ਲਖਨਊ

BVP05058

# ਸੁਖਾਂ ਦਾ ਬਾਗ਼

ਰਤਨ ਸਿੰਘ

ਉੱਤਰ ਪ੍ਰਦੇਸ਼ ਪੰਜਾਬੀ ਅਕਾਦਮੀ
ਲਖਨਊ

# ਸੁਖਾਂ ਦਾ ਬਾਗ਼ (ਲਘੂ ਕਥਾ)

ਲੇਖਕ :
ਰਤਨ ਸਿੰਘ
ਅ-੪੦੨, ਬੀਟਾ-੧, ਗਰੇਟਰ ਨੋਅਡਾ
ਉੱਤਰ ਪ੍ਰਦੇਸ਼-੨੦੧੩੧੦
ਮੋ੦- ੯੯੧੧੧-੪੬੯੯੪

ਪਹਿਲਾ ਸੰਸਕਰਣ, ੨੦੧੭

ਮੁੱਲ : ੧੦੦.੦੦ ਰੁਪਏ

© ਪ੍ਰਕਾਸ਼ਕ :
ਉੱਤਰ ਪ੍ਰਦੇਸ਼ ਪੰਜਾਬੀ ਅਕਾਦਮੀ
੨੧- ਬੀ੦ਸੀ੦ ਗੋਮਤੀ ਰੇਜੀਡੇਨਸੀ
ਅਸ਼ੋਕ ਮਾਰਗ, ਲਖਨਊ
ਫੋਨ-੦੫੨੨-੪੦੦੬੩੧੮
email: uppunjabiacademy@gmail.com

ਛਪਾਈ :
ਮੇਸਰਸ ਸਵਾਸਤਿਕਾ ਪ੍ਰਿੰਟਵੇਲ (ਇੰਡਿਆ) ਪ੍ਰਾ੦ ਲਿ੦
੩੩, ਕੈਂਟ ਰੋਡ, ਲਖਨਊ

**Printed By :**
Swastika Printwell (India) Pvt Ltd
33, Cantt Road, Lucknow

3

**ਏਸੇ ਕਲਮ ਤੋਂ :-**

| | | |
|---|---|---|
| 1. | ਸੁਫ਼ਨੇ ਵਾਲੀ ਧਰਤੀ | *ਕਵਿਤਾ* |
| 2. | ਹੱਡ ਬੀਤੀ | *ਕਵਿਤਾ (ਆਪ ਬੀਤੀ)* |
| 3. | ਅੱਖਰਾਂ ਅੰਦਰ ਬਲਦਾ ਦੀਵਾ | ਦੋਹੇ |
| 4. | ਸ਼ਹੀਦੀਨਾਮਾ | *ਕਵਿਤਾ – ਸ਼ਹੀਦਾਂ ਨੂੰ ਕਾਵਿ-ਸ਼ਰਧਾਂਜਲੀ* |
| 5. | ਜੀਵਨ ਜੀਵਨ | *ਕਵਿਤਾ* |
| 6. | ਬਾਤ | *ਕਹਾਣੀਆਂ* |
| 7. | ਉਡਨ ਖਟੋਲਾ | *ਉਰਦੂ ਨਾਵਲ ਦਾ ਪੰਜਾਬੀ ਰੂਪ* |
| 8. | ਕਿਣਮਿਣ ਕਣੀਆਂ | *ਮਿਨੀ ਕਹਾਣੀਆਂ* |
| 9. | ਸੰਗੀਤ ਸਾਹਾਂ ਦਾ | *ਉਰਦੂ ਨਾਵਲ ਦਾ ਪੰਜਾਬੀ ਰੂਪ* |
| 10. | ਪਾਣੀ ਨੂੰ ਲੱਗੀ ਅੱਗ ਵੇ | *ਕਹਾਣੀਆਂ* |
| 11. | ਰਤਨ-ਮਾਲਾ | *ਪਿਆਰ ਕਹਾਣੀਆਂ* |
| 12. | ਬੌਛਾਰ | *ਕਹਾਣੀਆਂ* |

4

5

# ਤਤਕਰਾ


1. ਸੁਖਾਂ ਦਾ ਬਾਗ਼ 7
2. ਇਕ ਨਦੀ ਥੱਕੀ ਥੱਕੀ 9
3. ਪਹਿਲਾ ਪਿਆਰ 13
4. ਮਾੜੇ ਦਾ ਗੁੱਸਾ 17
5. ਪਛਤਾਵਾ 20
6. ਸਭ ਤੋਂ ਵੱਡੀ ਖ਼ੁਸ਼ੀ 26
7. ਨਿੱਕੀ ਜਿੰਨੀ ਗੱਲ 30
8. ਫੁੱਲ ਪੱਤੀ 33
9. ਨਵੀਂ ਦੋਸਤੀ 37
10. ਤੀਸਰੀ ਜਿੱਤ 41
11. ਇੰਤਜ਼ਾਰ ਕਲਾਕਾਰ ਦਾ 45
12. ਰਖਵਾਲੀ 51
13. ਬੇਜ਼ੁਬਾਨੀ ਵੀ ਜ਼ਬਾਂ ਹੁੰਦੀ ਏ 55
14. ਪਹਿਲੀ ਸ਼ਰਤ 62
15. ਸੰਦੇਸ਼ ਵਾਹਕ 67
16. ਇਕ ਕਾਲਾ ਪਲ 71
17. ਅੱਖੀਂ ਦੇਖੀ 76

18. ਤਲੀ ਤੇ ਧਰਿਆ ਦੀਵਾ 80

19. ਠੁੰਮ੍ਹਣਾ ਸਾਹਿਬ 84

20. ਸੱਚਾ ਪਿਆਰ 87

21. ਕੋਈ ਹਲ ਨਜ਼ਰ ਨਹੀਂ ਆਉਂਦਾ 91

22. ਬਾਬਾ ਮਾਖੋ ਤੇ ਬਾਬਾ ਨੱਬੋ 96

# ਸੁਖਾਂ ਦਾ ਬਾਗ਼

"ਇਸ਼ਕ ਤੇ ਰੂਪ ਨਾਲ ਇਨਸਾਫ਼ ਹੋਣਾ ਚਾਹੀਦੈ" – ਇਕ ਵਾਰ ਜ਼ਿੰਦਗੀ ਨੇ ਸੋਚਿਆ ਅਤੇ ਫ਼ੈਸਲਾ ਕੀਤਾ ਕਿ ਚਲੋ ਆਸ਼ਿਕ ਨੂੰ ਮਹਿਬੂਬ ਨਾਲ ਮਿਲਣ ਦਾ ਮੌਕਾ ਦੇ ਕੇ ਵੇਖਾਂ।

ਜ਼ਿੰਦਗੀ ਨੇ ਏਹ ਫ਼ੈਸਲਾ ਕੀਤਾ, ਤਾਂ ਸਿਆਲਾਂ ਨੇ ਆਪਣੇ ਘਰ ਵਿਚ ਚਿਰੋਕੇ, ਚਾਕ ਦਾ ਕੰਮ ਕਰ ਰਹੇ ਰਾਂਝੇ ਨਾਲ ਹੀਰ ਨੂੰ ਪਰਣਾ ਦਿੱਤਾ।

ਰਾਂਝਾ ਹੀਰ ਨੂੰ ਨਾਲ ਲੈ ਕੇ ਚਾਈਂ ਚਾਈਂ ਆਪਣੇ ਘਰ ਪਹੁੰਚਿਆ ਤਾਂ ਕਿ ਭਰਜਾਈਆਂ ਜਿਨ੍ਹਾਂ ਨੇ ਰਾਂਝੇ ਨੂੰ ਏਹ ਕਹਿ ਕੇ ਘਰੋਂ ਤੋਰਿਆ ਸੀ ਕਿ ਸਾਡਾ ਹੁਸਨ ਤੇਰੀ ਨਜ਼ਰੀਂ ਨਹੀਂ ਚੜ੍ਹਦਾ ਤਾਂ ਜਾ, ਜਾ ਕੇ ਸਿਆਲਾਂ ਦੀ ਹੀਰ ਪਰਣਾ ਲਿਆ। ਉਹ ਹੀਰ ਦੇ ਰੂਪ ਨੂੰ ਵੇਖ ਕੇ ਸੜ-ਬਲ ਕੇ ਕੋਲਾ ਹੋ ਗਈਆਂ।

ਰਹੀ ਭਰਾਵਾਂ ਦੀ ਗੱਲ ਤਾਂ ਉਹਨਾਂ ਨੂੰ ਏਹ ਫ਼ਿਕਰ ਸਤਾਣ ਲੱਗੀ ਕਿ ਹੁਣ ਤੇ ਰਾਂਝੇ ਨੂੰ ਏਹਦੇ ਹਿੱਸੇ ਦੀ ਜ਼ਮੀਨ ਦੇਣੀ ਪਊ। ਸੋ ਉਹਨਾਂ ਨੇ ਖੁਆ-ਪਿਆ ਕੇ ਪੰਚੈਤ ਨੂੰ ਕੀਤਾ ਆਪਣੇ ਵੱਲ, ਤੇ ਸਾਰੀ ਉਪਜਾਊ ਜ਼ਮੀਨ ਤਾਂ ਆਪ ਮੱਲ ਲਈ, ਤੇ ਬੰਜਰ ਰੱਕੜ ਰਾਂਝੇ ਦੇ ਹਿੱਸੇ ਪਾ ਦਿੱਤੀ।

ਏਹ ਰੱਕੜ ਜ਼ਮੀਨ ਸੀ ਇਕ ਮੈਰਾ, ਜਿੱਥੇ ਘਾਹ ਉੱਗਦੀ ਸੀ ਜਾਂ ਦੱਬ, ਜਾਂ ਫੇਰ ਕੰਡਿਆਲੀਆਂ ਝਾੜੀਆਂ। ਹਾਂ, ਮੈਰੇ ਦੇ ਵਿਚਕਾਰ ਇਕ ਨਿੰਮ ਦਾ ਰੁੱਖ ਸੀ, ਜਿਹਦੀ ਛਾਵੇਂ ਉਹ ਆਜੜੀ ਬੈਠੇ ਰਹਿੰਦੇ ਸਨ, ਜੇਹੜੇ ਮੈਰੇ ਵਿਚ ਡੰਗਰ ਚਾਰਨ ਆਉਂਦੇ ਸਨ।

ਹੀਰ ਤੇ ਰਾਂਝੇ ਨੇ ਇਸ ਨਿੰਮ ਦੇ ਰੁੱਖ ਥੱਲੇ ਇਕ ਛੋਟੀ ਜਹੀ ਝੋਂਪੜੀ ਬਣਾਈ ਤੇ ਆਪਣੀ ਜ਼ਿੰਦਗੀ ਸ਼ੁਰੂ ਕੀਤੀ।

ਸਭ ਤੋਂ ਪਹਿਲਾਂ ਰਾਂਝੇ ਨੇ ਸਾਰੀਆਂ ਕੰਡਿਆਲੀਆਂ ਝਾੜੀਆਂ ਕੱਟੀਆਂ, ਤੇ ਆਲੇ-ਦੁਆਲੇ ਸਾਰੇ ਪਾਸੇ ਵਾੜ ਗੱਡ ਦਿੱਤੀ।

ਵਾੜ ਗੱਡੀ ਗਈ ਤਾਂ ਪਿੰਡ ਦੇ ਲੋਕੀਂ ਡੰਗਰ ਕਿੱਥੇ ਚਾਰਨ ? ਸੋ ਇਨ੍ਹਾਂ ਨੇ ਆ ਕੇ ਰਾਂਝੇ ਨੂੰ ਕਿਹਾ ਕਿ ਤੁਸੀਂ ਸਾਡੇ ਡੰਗਰ ਆਪਣੇ ਮੈਰੇ ਵਿਚ ਪਹਿਲਾਂ ਵਾਂਗ ਚਰਨ ਦਿਉ। ਅਸੀਂ ਤੁਹਾਨੂੰ ਇਸ ਦੇ ਇਵਜ਼ ਵਿਚ ਫਸਲ ਪੱਕਣ ਤੇ

ਅਨਾਜ ਦੇ ਦਿਆ ਕਰਾਂਗੇ।

ਸੋ ਹੁਣ ਦੋਨਾਂ ਦੇ ਖਾਣ-ਪੀਣ ਦਾ ਮਾੜਾ-ਮੋਟਾ ਠਾਹ ਠੀਆ ਹੋ ਗਿਆ।

'ਪਰ ਏਨੇ ਨਾਲ ਜ਼ਿੰਦਗੀ ਤਾਂ ਨਹੀਂ ਚੱਲੇਗੀ' – ਦੋਵਾਂ ਸੋਚਿਆ। 'ਹੋਰ ਕੀ ਕਰੀਏ ?'

ਸੋਚ-ਸਾਚ ਕੇ, ਇਕ ਦਿਨ ਉਹਨਾਂ ਨੇ ਨਿੰਮ ਦੇ ਇਕ ਟਾਹਣ ਤੇ ਦਸਹਿਰੀ ਅੰਬ ਦੀ ਕਲਮ ਲਾ ਦਿੱਤੀ। ਮੌਸਮ ਆਉਣ ਤੇ ਉਸ ਟਾਹਣ ਤੇ ਅੰਬ ਦਾ ਬੂਰ ਪਿਆ, ਤਾਂ ਉਹਨਾਂ ਦਾ ਜੀਅ ਖੁਸ਼ ਹੋ ਗਿਆ।

ਏਹ ਸਫ਼ਲਤਾ ਵੇਖ ਕੇ ਉਹਨਾਂ ਨਿੰਮ ਦੇ ਹੋਰ ਟਾਹਣਾਂ ਤੇ ਦੂਜੇ ਫਲਦਾਰ ਬੂਟਿਆਂ ਦੀਆਂ ਕਲਮਾਂ ਲਾਉਣੀਆਂ ਸ਼ੁਰੂ ਕੀਤੀਆਂ। ਅਨਾਰ, ਆੜੂ, ਅਮਰੂਦ, ਸੇਬ ਹੋਰ ਵੀ ਕਈ ਫਲ।

ਏਸ ਤਰ੍ਹਾਂ ਨਿੰਮ ਦਾ ਰੁੱਖ, ਉਹਨਾਂ ਦੀ ਰੋਜ਼ੀ-ਰੋਟੀ ਦਾ ਅਜੇਹਾ ਸਾਧਨ ਬਣ ਗਿਆ ਕਿ ਦੁਨੀਆਂ ਵੇਖੇ ਤੇ ਹੈਰਾਨ ਹੋਵੇ। ਏਸ ਅਚੰਭੇ ਦੀਆਂ ਖਬਰਾਂ ਫੈਲੀਆਂ ਤਾਂ ਲਾਗੇ-ਚਾਗੇ ਦੇ ਲੋਕ ਤਾਂ ਛੱਡੋ ਦੂਰੋਂ ਦੂਰੋਂ ਲੋਕੀਂ ਆਉਂਦੇ ਤੇ ਆਪਣੀਆਂ ਅੱਖਾਂ ਨਾਲ ਵੇਖਦੇ ਤੇ ਕਹਿੰਦੇ, "ਵਾਹ ਰੱਬਾ ! ਤੇਰੀ ਕੁਦਰਤ !"

ਹੀਰ ਰਾਂਝੇ ਦਾ ਹੌਸਲਾ ਵਧਿਆ ਤਾਂ ਉਹਨਾਂ ਨੇ, ਉਹਨਾਂ ਫਲਾਂ ਦੇ ਛਿਲਕਿਆਂ ਤੇ ਰੁੱਖ ਤੋਂ ਝੜਨ ਵਾਲੇ ਪੱਤਿਆਂ ਨੂੰ ਇਕ ਟੋਏ ਵਿਚ ਦੱਬ ਕੇ ਰੂੜੀ ਬਣਾਈ, ਤਾਂ ਉਸ ਰੂੜੀ ਨੇ ਬੰਜਰ ਜ਼ਮੀਨ ਦੇ ਉਸ ਟੁਕੜੇ ਨੂੰ ਵੀ ਉਪਜਾਊ ਬਣਾ ਦਿੱਤਾ। ਉਥੇ ਵੀ ਉਹਨਾਂ ਨੇ ਫਲਦਾਰ ਪੌਦਾ ਲਗਾਇਆ ਤਾਂ ਉਹ ਵੀ ਪਣਪ ਗਿਆ।

ਬਸ ਫੇਰ ਕੀ ਸੀ ?

ਇਕ ਦੇ ਬਾਅਦ ਦੋ, ਦੋ ਦੇ ਬਾਅਦ ਤਿੰਨ। ਸਮਾਂ ਬੀਤਣ ਨਾਲ ਜ਼ਮੀਨ ਦਾ ਉਹ ਬੰਜਰ ਹਿੱਸਾ, ਉਹ ਮੈਰਾ, ਜਿੱਥੇ ਸਿਰਫ ਘਾਹ, ਦੱਬ ਤੇ ਕੰਡਿਆਂ ਵਾਲੀਆਂ ਝਾੜੀਆਂ ਉੱਗਦੀਆਂ ਸਨ, ਉਹ ਹੀਰ ਰਾਂਝੇ ਦੀ ਮਿਹਨਤ ਤੇ ਲਗਨ ਨਾਲ ਇਕ ਦਿਨ ਫਲਾਂ ਦੇ ਬਾਗ਼ ਵਿਚ ਬਦਲ ਗਿਆ।

ਜੋ ਵੀ ਵੇਂਹਦਾ ਉਹ ਕਹਿੰਦਾ, "ਭਈ ਕਮਾਲ ਹੈ ! ਆਪੋ ਵਿਚ ਸੱਚਾ ਪਿਆਰ ਕਰਨ ਵਾਲੀ ਏਸ ਜੋੜੀ ਦੀ ਲਗਨ ਨੇ ਜੰਗਲ ਨੂੰ ਮੰਗਲ ਬਣਾ ਦਿੱਤਾ ਏ।"

"ਸੱਚੀ ਲਗਨ ਤੇ ਕੋਸ਼ਿਸ਼ ਹੋਵੇ ਤਾਂ ਮੁਸੀਬਤਾਂ ਦੇ ਵੱਡੇ ਵੱਡੇ ਪਹਾੜ ਪਲਾਂ ਵਿਚ ਠੀਕਰੀਆਂ ਵਾਂਗ ਖਿੰਡ ਜਾਂਦੇ ਨੇ।"

ਏਨ੍ਹਾਂ ਲੋਕਾਂ ਦੀਆਂ ਗੱਲਾਂ ਸੁਣ ਕੇ ਜ਼ਿੰਦਗੀ ਸੋਚ ਰਹੀ ਏ, 'ਇਸ਼ਕ ਤੇ ਮੁਹੱਬਤ ਹੀ ਦੁਨੀਆਂ ਦਾ ਚਲਨ ਹੋ ਜਾਏ ਤਾਂ ਸਾਰੀ ਧਰਤੀ ਸੁਖਾਂ ਦਾ ਬਾਗ਼ ਬਣ ਸਕਦੀ ਏ।'

# ਇਕ ਨਦੀ ਥੱਕੀ ਥੱਕੀ

ਪਰਿਵਾਰ ਦਾ ਇਕ ਬੰਦਾ, ਕਿਸੇ ਖ਼ਤਰਨਾਕ ਬੀਮਾਰੀ ਦਾ ਸ਼ਿਕਾਰ ਹੋ ਕੇ ਮੰਜੀ ਤੇ ਪੈ ਜਾਏ ਤਾਂ ਘਰ ਦੇ ਬਾਕੀ ਬੰਦਿਆਂ ਦੇ ਚੇਹਰੇ ਵੀ ਮੁਰਝਾ ਜਾਂਦੇ ਨੇ, ਠੀਕ ਏਸੇ ਤਰ੍ਹਾਂ, ਇਸ ਰੁੱਖ ਦੇ ਸੁੱਕ ਜਾਣ ਤੇ, ਜੰਗਲ ਵਿਚ ਉਹਦੇ ਆਲੇ-ਦੁਆਲੇ ਦੇ ਰੁੱਖ ਵੀ ਉਦਾਸ ਰਹਿੰਦੇ ਨੇ।

ਉਹਨਾਂ ਦੀਆਂ ਡਾਲੀਆਂ ਹਵਾ ਵਿਚ ਝੂਮਦੀਆਂ ਤੇ ਹਨ, ਪਰ ਏਵੇਂ ਜਿਵੇਂ ਮਾਤਮ ਕਰ ਰਹੀਆਂ ਹੋਣ। ਪੱਤਿਆਂ ਦੀ ਹਰਿਆਵਲ ਵੀ ਕੁਝ ਫਿੱਕੀ ਫਿੱਕੀ ਜਹੀ ਲੱਗਦੀ ਏ।

ਹੋਰ ਤੇ ਹੋਰ, ਉਥੇ ਲਾਗੇ ਹੀ ਵਗਣ ਵਾਲੀ ਨਦੀ ਦਾ ਪਾਣੀ ਵੀ ਹੌਲੀ-ਹੌਲੀ ਇੰਝ ਸਰਕਦਾ ਏ, ਜਿਵੇਂ ਕਮਜ਼ੋਰੀ ਦੇ ਕਾਰਨ ਉਹਦੇ ਵਿਚ ਵਗਣ ਦੀ ਤਾਕਤ ਹੀ ਨਾ ਬਚੀ ਹੋਵੇ।

ਸੁੱਕੇ ਹੋਏ ਰੁੱਖ ਦੀ ਹਾਲਤ ਏਹ ਹੈ ਕਿ ਜ਼ਮੀਨ ਵੱਲ ਕਮਾਨ ਵਾਂਗ ਝੁਕੇ ਹੋਏ ਤਣੇ ਦੇ ਸੱਕ ਵੀ ਉਤਰ ਚੁੱਕੇ ਨੇ। ਉੱਪਰ ਵੱਲ ਉਠਦੀਆਂ ਹੋਈਆਂ ਦੋ ਮੋਟੀਆਂ ਮੋਟੀਆਂ ਟਹਿਣੀਆਂ ਵੱਖ ਵੱਖ ਪਾਸਿਆਂ ਵੱਲ ਇੰਝ ਫੈਲੀਆਂ ਹੋਈਆਂ ਨੇ, ਜਿਵੇਂ ਕੋਈ ਆਦਮੀ ਦੋਵੇਂ ਬਾਹਵਾਂ ਚੁੱਕੀ ਅਸਮਾਨ ਵੱਲ ਤਰਸ ਭਰੀਆਂ ਨਜ਼ਰਾਂ ਨਾਲ ਵੇਖ ਰਿਹਾ ਹੋਵੇ।

ਪਰ ਅਸਮਾਨ 'ਤੇ ਬੈਠਾ ਰੱਬ, ਉਸ ਵੱਲ ਵੇਖਦਾ ਤਾਂ ਹੈ ਪਰ ਕਰਦਾ ਕੁਝ ਨਹੀਂ।

ਅਜੇਹੀ ਹਾਲਤ ਵਿਚ ਇਕ ਦਿਨ, ਏਹ ਹੋਇਆ ਕਿ ਇਕ ਕਬੂਤਰੀ ਆਈ ਅਤੇ ਸਾਰਾ ਜੰਗਲ ਛੱਡ ਕੇ ਏਸ ਰੁੱਖ ਦੀ ਰੁੰਡ-ਮੁੰਡ ਸੁੱਕੀ ਟਹਿਣੀ ਤੇ ਆ ਕੇ ਬੈਠ ਗਈ ਅਤੇ ਏਧਰ-ਓਧਰ ਚੁੰਝ ਘੁਮਾਂਦੀ, ਗੁਟਰ-ਗੂੰ ਗੁਟਰ-ਗੂੰ ਕਰਨ ਲੱਗੀ।

ਕਬੂਤਰੀ ਦੇ ਪੰਜਿਆਂ ਦੀ ਥੋੜ੍ਹੀ ਜਹੀ ਨਰਮੀ ਤੇ ਗਰਮੀ ਰੁੱਖ ਦੀ ਸੁੱਕੀ ਟਹਿਣੀ ਨੇ ਮਹਿਸੂਸ ਕੀਤੀ ਤਾਂ ਉਸ ਨੂੰ ਬੜਾ ਚੰਗਾ ਚੰਗਾ ਲੱਗਾ।

ਏਨੇ ਨੂੰ ਇਕ ਕਬੂਤਰ ਆਇਆ ਤੇ ਉਹ ਉਸ ਰੁੱਖ ਦੀ ਦੂਜੀ ਟਹਿਣੀ ਤੇ ਆ ਕੇ ਬੈਠ ਗਿਆ, ਤਾਂ ਉਹਦੇ ਪੰਜਿਆਂ ਦੀ ਨਰਮੀ ਤੇ ਗਰਮੀ ਨੂੰ ਆਪਣੇ

ਅੰਦਰ ਮਹਿਸੂਸ ਕਰਕੇ ਰੁੱਖ ਨੂੰ ਖਿਆਲ ਆਇਆ ਕਿ ਸ਼ਾਇਦ ਉਹਦੇ ਦਿਨ ਬਦਲਣ ਵਾਲੇ ਨੇ।

ਤੱਦੇ, ਕਬੂਤਰ ਤੇ ਕਬੂਤਰੀ ਦੀਆਂ ਨਜ਼ਰਾਂ ਆਪੋ ਵਿਚ ਮਿਲੀਆਂ ਤਾਂ ਦੋਵਾਂ ਨੂੰ ਇੰਝ ਲੱਗਾ ਜਿਵੇਂ...

...ਹੀਰ ਤੇ ਰਾਂਝਾ ਪਹਿਲੀ ਵਾਰ ਇਕ ਦੂਜੇ ਨੂੰ ਵੇਖ ਕੇ, ਨਜ਼ਰਾਂ ਹੀ ਨਜ਼ਰਾਂ ਵਿਚ ਆਪਣਾ ਦਿਲ ਇਕ ਦੂਜੇ ਨੂੰ ਦੇ ਬੈਠੇ ਸਨ, ਤਿਵੇਂ ਏਹ ਵੀ ਆਪਣਾ ਦਿਲ ਹਾਰ ਬੈਠੇ ਨੇ। ਦੋਵਾਂ ਦੀਆਂ ਚੁੰਝਾਂ ਵਿਚੋਂ ਗੁਟਰ-ਗੂੰ ਗੁਟਰ-ਗੂੰ ਦੀਆਂ ਅਵਾਜ਼ਾਂ ਨਿਕਲੀਆਂ, ਤਾਂ ਰੁੱਖ ਨੂੰ ਲੱਗਾ ਕਿ ਜਿੰਦਗੀ ਦੇ ਸੰਗੀਤ ਦੀ ਇਕ ਲਹਿਰ ਏਧਰੋਂ ਉਠੀ ਤੇ ਦੂਸਰੀ ਦੂਜੇ ਪਾਸਿਓਂ, ਤੇ ਦੋਨੋਂ ਲਹਿਰਾਂ ਇਕ ਦੂਜੀ ਵਿਚ ਰਲ ਕੇ ਇਕ ਹੋਣ ਲਈ ਅੱਗੇ ਵਧ ਰਹੀਆਂ ਨੇ।

ਤੱਦੇ ਦੋਵਾਂ ਲਹਿਰਾਂ ਆਪਸ ਵਿਚ ਮਿਲੀਆਂ ਤੇ ਕਲ ਕਲ ਕਰਦੀ ਪਿਆਰ ਦੀ ਝਨਾਂ ਵਗ ਨਿਕਲੀ।

ਪਿਆਰ ਦੀ ਝਨਾਂ ਦਾ ਵਗਣਾ ਸੀ ਕਿ ਮੌਸਮ ਸੁਹਾਵਣਾ ਹੋ ਗਿਆ। ਦਿਸਹੱਦੇ ਤੋਂ ਕਾਲੇ ਬੱਦਲ ਹੌਲੀ ਹੌਲੀ ਅੱਗੇ ਵਧੇ ਤੇ ਵੇਂਹਦੇ ਹੀ ਵੇਂਹਦੇ ਸਾਰੇ ਅਸਮਾਨ 'ਤੇ ਛਾ ਗਏ। ਠੰਢੀਆਂ ਠੰਢੀਆਂ ਹਵਾਵਾਂ ਵਗਣ ਲੱਗੀਆਂ। ਚਿੱਟੀਆਂ ਕੂੰਜਾਂ ਦੀਆਂ ਡਾਰਾਂ ਵਾਤਾਵਰਣ ਵਿਚ ਦਿਖਾਈ ਦਿੱਤੀਆਂ ਤੇ ਉਹਦੇ ਨਾਲ ਹੀ ਉਹਨਾਂ ਦੀਆਂ 'ਟਰ ਟਰ' ਦੀਆਂ ਅਵਾਜ਼ਾਂ ਜਿਵੇਂ ਕਹਿ ਰਹੀਆਂ ਹੋਣ ਕਿ...

"...ਇਕ ਕਬੂਤਰ ਤੇ ਇਕ ਕਬੂਤਰੀ ਨੂੰ ਇਕ ਦੂਜੇ ਨਾਲ ਪਿਆਰ ਹੋ ਗਿਆ ਏ..."

ਉਹਨਾਂ ਦੇ ਪਿਆਰ ਦੀਆਂ ਗੂੰ ਗੂੰ ਦੀਆਂ ਅਵਾਜ਼ਾਂ, ਹਵਾ ਵਿਚ ਗੂੰਜੀਆਂ ਤਾਂ ਬੱਦਲ ਰਿਮ-ਝਿਮ ਰਿਮ-ਝਿਮ ਵਰ੍ਹਨ ਲੱਗ ਪਏ। ਪਿਆਰ ਦੀ ਏਸ ਰਿਮ-ਝਿਮ ਦਾ ਸ਼ੁਰੂ ਹੋਣਾ ਸੀ ਕਿ ਜੰਗਲ ਵਿਚ ਘਿਰੇ ਪਹਾੜਾਂ ਦੀਆਂ ਉੱਚੀਆਂ ਚੋਟੀਆਂ ਤੋਂ ਏਹ ਪਿਆਰ ਝਰਨਾ ਬਣ ਕੇ ਵਗ ਤੁਰਿਆ। ਏਸ ਪਿਆਰ ਦਾ ਗੀਤ ਗੁਣਗੁਣਾਂਦੇ ਨਦੀਆਂ ਨਾਲੇ ਜੀਵਿਤ ਹੋ ਉੱਠੇ।

ਨਤੀਜਾ ਏਹ ਨਿਕਲਿਆ ਕਿ ਉਹ ਨਦੀ ਜਿਸ ਦੇ ਕੰਢੇ ਏਹ ਸੁੱਕਾ ਰੁੱਖ ਖੜੋਤਾ ਸੀ, ਜਿਸ ਦਾ ਪਾਣੀ ਥੱਕਿਆ ਥੱਕਿਆ ਅੱਗੇ ਨੂੰ ਸਰਕਦਾ ਸੀ ਹੁਣ ਉਹਦੀਆਂ ਲਹਿਰਾਂ ਵਿਚ ਰਵਾਨੀ ਆ ਗਈ। ਨਦੀ ਦੇ ਕੰਢਿਆਂ ਤੋਂ ਉਛਲ-ਉਛਲ ਕੇ ਉਹ ਪਾਣੀ ਓਸ ਰੁੱਖ ਦੀਆਂ ਜੜ੍ਹਾਂ ਨੂੰ ਸਿੰਜਣ ਲਈ ਅੱਗੇ ਵਧਿਆ, ਜਿਸ ਦੀਆਂ ਸੁੱਕੀਆਂ ਟਹਿਣੀਆਂ ਤੇ ਕਬੂਤਰ ਤੇ ਕਬੂਤਰੀ, ਪਿਆਰ ਦੀ ਕਹਾਣੀ ਨੂੰ ਜਨਮ ਦੇ ਰਹੇ ਸਨ।

ਪਿਆਰ ਦੀ ਰਿਮ-ਝਿਮ ਨਾਲ ਭਿੱਜਦੇ, ਦੋਵੇਂ ਪੰਛੀ, ਨਰਮ ਨਰਮ ਪੰਜਿਆਂ ਨਾਲ ਤੁਰਦੇ, ਇਕ ਦੂਜੇ ਦੇ ਨੇੜੇ ਆਉਣ ਲਈ ਅੱਗੇ ਵਧੇ, ਤਾਂ ਜੰਗਲ ਦੇ

ਰੁੱਖਾਂ ਦੀਆਂ ਟਹਿਣੀਆਂ ਨੇ ਖੁਸ਼ੀ ਦੇ ਗੀਤ ਗਾਉਣੇ ਸ਼ੁਰੂ ਕਰ ਦਿੱਤੇ।

ਕਬੂਤਰੀ ਹੌਲੀ ਹੌਲੀ ਤੁਰਦੀ, ਕਬੂਤਰ ਵੱਲ ਇਉਂ ਆ ਰਹੀ ਸੀ ਜਿਵੇਂ ਹੀਰ ਗੁੜ ਤੇ ਮੱਖਣ ਮਿਲਾ ਕੇ ਬਣਾਈ ਮਿੱਠੀ ਚੂਰੀ ਦੀ ਟੋਕਰੀ ਸਿਰ ਤੇ ਚੁੱਕੀ ਆ ਰਹੀ ਹੋਵੇ।

ਕਬੂਤਰ ਉਹਦਾ ਇੰਝ ਇੰਤਜ਼ਾਰ ਕਰ ਰਿਹਾ ਸੀ ਜਿਵੇਂ ਝਨਾਂ ਦੇ ਕੰਢੇ ਬੈਠਾ ਰਾਂਝਾ ਦੂਰੋਂ ਹੀ ਹੀਰ ਦੀ ਪਾਇਲ ਦੀ ਝੁਣਕਾਰ ਸੁਣ ਕੇ, ਉਹਦੀ ਲੈਅ ਤੇ ਬਾਂਸੁਰੀ ਦੀ ਧੁਨ ਵਜਾਣਾ ਸ਼ੁਰੂ ਕਰ ਦੇਂਦਾ ਸੀ।

ਸੈਂਕੜੇ ਸਾਲ ਪਹਿਲਾਂ ਗੂੰਜੀ ਪਾਇਲ ਦੀ ਆਵਾਜ਼ ਤੇ ਰਾਂਝੇ ਦੀ ਵੰਝਲੀ ਦੀ ਲੈਅ, ਇਕ ਦੂਜੇ ਵਿਚ ਗੱਡ-ਮੱਡ ਹੋਈਆਂ ਤਾਂ ਉਹਨਾਂ ਦੇ ਅੱਜ ਦੇ ਜ਼ਮਾਨੇ ਤੀਕ ਉਸ ਰੁੱਖ ਦੇ ਲਾਗੇ ਪਹੁੰਚਦੇ ਪਹੁੰਚਦੇ, ਏਨਾ ਸਮਾਂ ਬੀਤ ਜਾਣ ਦੇ ਕਾਰਨ, ਪਿਆਰ ਦੀਆਂ ਕਦਰਾਂ ਬਦਲ ਚੁੱਕੀਆਂ ਸਨ।

ਏਸ ਲਈ ਏਸ ਤੋਂ ਪਹਿਲਾਂ ਕਿ ਕਬੂਤਰੀ ਆਪਣੇ ਮਹਿਬੂਬ ਕੋਲ ਪਹੁੰਚੇ, ਤੱਦੇ ਅਚਾਨਕ ਏਹ ਹੋਇਆ ਕਿ ਕਿਤਿਉਂ ਲਾਗਿਉਂ ਹੀ ਇਕ ਹੋਰ ਕਬੂਤਰੀ ਹਵਾ ਵਿਚ ਉੱਡਦੀ ਉੱਡਦੀ ਉਧਰੋਂ ਲੰਘੀ ਤਾਂ ਉਹਦੇ ਪੰਖ ਫੜਫੜਾਉਣ ਵਿਚ ਪਤਾ ਨਹੀਂ ਕੀ ਖਿੱਚ ਸੀ ਕਿ ਕਬੂਤਰ ਰੁੱਖ ਵਾਲੀ ਕਬੂਤਰੀ ਨੂੰ ਭੁੱਲਿਆ, ਪੰਖ ਫੜਫੜਾਏ ਤੇ ਵੇਖਦੇ ਹੀ ਵੇਖਦੇ ਹਵਾ ਵਿਚ ਉੱਡਦੀ ਕਬੂਤਰੀ ਕੋਲ ਪਹੁੰਚ ਗਿਆ।

ਏਸ ਕਬੂਤਰੀ ਨੇ ਆਪਣੇ ਮਹਿਬੂਬ ਨੂੰ ਜਾਂਦੇ ਵੇਖਿਆ ਤਾਂ ਅੱਖਾਂ ਅੱਥਰੂਆਂ ਨਾਲ ਭਿੱਜ ਗਈਆਂ, ਠੰਡਾ ਹੌਕਾ ਭਰਿਆ ਤੇ ਉਸ ਪਾਸੇ ਵੇਖਿਆ ਜਿੱਥੇ ਉਹ ਕਬੂਤਰ ਦੂਜੀ ਕਬੂਤਰੀ ਨਾਲ ਉੱਡਦਾ ਜਾ ਰਿਹਾ ਸੀ।

ਪਿਆਰ ਵਿਚ ਦਗ਼ਾ, ਫ਼ਰੇਬ, ਝੂਠ ਸ਼ਾਮਿਲ ਹੋਏ ਤਾਂ ਮੌਸਮ ਬਦਲ ਗਿਆ।

ਪਿਆਰ ਦੇ ਬੱਦਲ ਦਿਸਹੱਦੇ ਵਿਚ ਸਿਮਟ ਕੇ ਗ਼ਾਇਬ ਹੋ ਗਏ।

ਪਹਾੜ ਦੀ ਚੋਟੀ ਤੇ ਵਗਦਾ ਝਰਨਾ ਖਾਮੋਸ਼ ਹੋ ਗਿਆ।

ਨਦੀ ਦਾ ਪਾਣੀ ਫੇਰ ਪਹਿਲਾਂ ਵਾਂਗ ਥ਼ੱਕਿਆ ਥੱਕਿਆ ਜਿਹਾ ਸਰਕਣ ਲੱਗਿਆ।

ਮੁੱਕਦੀ ਗੱਲ ਕਿ ਪਿਆਰ ਦੀ ਮਾਸਾ ਜਿੰਨੀ ਖੁਸ਼ਬੋ ਮਿਲਣ ਤੇ ਜ਼ਿੰਦਗੀ ਦੇ ਘਰ ਵਿਚ ਆਇਆ ਬਹਾਰ ਦਾ ਮੌਸਮ, ਏਸ ਖ਼ੁਸ਼ਬੋ ਦੇ ਗੁੰਮ ਹੁੰਦੇ ਹੀ ਪਤਝੜ ਵਿਚ ਬਦਲ ਗਿਆ ਤੇ ਜੰਗਲ ਦੇ ਰੁੱਖ ਦੇ ਪੱਤੇ ਪਹਿਲਾਂ ਤੋਂ ਵੀ ਵੱਧ ਮੁਰਝਾ ਗਏ।

ਧਰਤੀ ਗ਼ਮਗੀਨ ਹੋ ਗਈ।

ਅਸਮਾਨ ਉਦਾਸ।

ਅਤੇ ਧਰਤੀ ਤੇ ਵੱਸੀ ਜ਼ਿੰਦਗੀ ਦੇ ਚੇਹਰੇ ਤੇ ਉਸ ਕਬੂਤਰੀ ਵਰਗੀ ਮੁਰਦਨੀ ਛਾ ਗਈ ਜੇਹੜੀ ਪਿਆਰ ਤੋਂ ਵਾਂਝੀ ਰਹਿ ਕੇ ਰੁੱਖ ਦੀ ਸੁੱਕੀ ਟਹਿਣੀ ਤੇ ਬੈਠੀ ਏਧਰ ਓਧਰ ਵੇਖ ਰਹੀ ਹੈ, ਜਿਥੋਂ ਆਸ ਦੀ ਕੋਈ ਉਮੀਦ ਝਲਕਦੀ ਦਿਖਾਈ ਨਹੀਂ ਦੇ ਰਹੀ ਸੀ।

ਪਿਆਰ ਦੀ ਨਦੀ ਤਾਂ ਕਦੋਂ ਤੋਂ ਧੋਖਾ, ਫ਼ਰੇਬ ਤੇ ਝੂਠ ਦੇ ਰੇਗਿਸਤਾਨ ਵਿਚ ਪੁੱਜ ਕੇ, ਸੁੱਕਣ ਦੀ ਕਗਾਰ 'ਤੇ ਹੈ।

# ਪਹਿਲਾ ਪਿਆਰ

"ਮੈਂ ਤੈਨੂੰ ਪਿਆਰ ਕਰਦਾ ਹਾਂ।"

ਹੁਣੇ ਹੁਣੇ ਜਵਾਨ ਹੋਈ ਹਿਰਨੀ ਦੇ ਕੰਨ ਵਿਚ ਕਿਸੇ ਹਿਰਨ ਨੇ ਕਿਹਾ ਤਾਂ ਹਿਰਨੀ ਨੇ ਧੌਣ ਚੁੱਕ ਕੇ ਉਹਦੀਆਂ ਅੱਖਾਂ ਵਿਚ ਝਾਕਿਆ।

"ਹਾਂ ! ਮੈਂ ਦਿਲ ਦੀਆਂ ਗਹਿਰਾਈਆਂ ਨਾਲ ਤੈਨੂੰ ਪਿਆਰ ਕਰਦਾ ਹਾਂ।"

ਹਿਰਨ ਦੀਆ ਅੱਖਾਂ ਵਿਚ ਇਸ ਗੱਲ ਦੀ ਸੱਚਾਈ ਨੂੰ ਮਹਿਸੂਸ ਕਰ ਕੇ ਹਿਰਨੀ ਨੂੰ ਇੰਝ ਲੱਗਾ ਜਿਵੇਂ ਕੋਈ ਅਨਹਦ ਬਾਣੀ, ਉਹਦੇ ਕੰਨਾਂ ਵਿਚ ਰਸ ਘੋਲ ਰਹੀ ਹੋਵੇ। ਜ਼ਿੰਦਗੀ ਦਾ ਕੋਈ ਭੇਦ ਖੋਲ੍ਹ ਰਹੀ ਹੋਵੇ।

ਇਨ੍ਹਾਂ ਲਫ਼ਜ਼ਾਂ ਦੇ ਅਰਥ, ਮਿਠਾਸ ਬਣ ਕੇ ਜਿਉਂ ਜਿਉਂ ਉਹਦੇ ਸਰੀਰ ਵਿਚ ਰਚਦੇ ਚਲੇ ਗਏ, ਉਹਦੇ ਲਹੂ ਵਿਚ ਰਸਦੇ ਚਲੇ ਗਏ, ਉਹ ਸਵਾਦ-ਸਵਾਦ ਹੁੰਦੀ ਗਈ ਤੇ ਉਹਦੇ 'ਤੇ ਐਸਾ ਸਰੂਰ ਛਾ ਗਿਆ, ਐਸੀ ਮਸਤੀ ਉਹਦੇ ਅੰਗ ਅੰਗ ਵਿਚ ਭਰ ਗਈ ਕਿ ਉਹਨੇ ਉਸੇ ਵੇਲੇ ਲੰਮੀਆਂ ਲੰਮੀਆਂ ਪੁਲਾਂਘਾਂ ਭਰੀਆਂ ਤੇ ਅੱਗੇ ਵਧਦਿਆਂ ਹਵਾ ਦੀ ਇਕ ਇਕ ਲਹਿਰ ਨੂੰ, ਪੈਰਾਂ ਥੱਲੇ ਆਉਂਦੀ ਧਰਤੀ ਦੇ ਇਕ ਇਕ ਕਣ ਨੂੰ ਜੰਗਲ ਦੇ ਬੂਟਿਆਂ ਤੇ ਰੁੱਖਾਂ 'ਤੇ ਲੱਗੀਆਂ ਟਹਿਣੀਆਂ ਨੂੰ ਕਹਿੰਦੀ ਜਾ ਰਹੀ ਸੀ –

ਮੇਰੇ ਵੱਲ ਵੇਖੋ
ਮੇਰੀ ਗੱਲ ਸੁਣੋ
ਇਕ ਹਿਰਨ ਮੈਨੂੰ ਦਿਲੋਂ ਪਿਆਰ ਕਰਦਾ ਏ।

ਤੱਦੇ ਉਹਨੂੰ ਇਕ ਬੂਟਾ ਦਿਖਾਈ ਦਿੱਤਾ, ਜਿਹੜਾ ਪੀਲੇ ਪੀਲੇ ਫੁੱਲਾਂ ਨਾਲ ਲੱਦਿਆ ਪਿਆ ਸੀ। ਉਹਨੇ ਉਨ੍ਹਾਂ ਫੁੱਲਾਂ ਨੂੰ ਸੁੰਘਿਆ।

"ਤੁਸੀਂ ਵੀ ਮੇਰੇ ਸਾਹਾਂ ਨੂੰ ਸੁੰਘੋ।" ਉਹਨੇ ਫੁੱਲਾਂ ਨੂੰ ਕਿਹਾ ਤੇ ਫੇਰ ਪੁੱਛਿਆ – "ਅੱਛਾ ਦੱਸੋ ! ਤੁਹਾਨੂੰ ਮੇਰੇ ਸਾਹਾਂ 'ਚੋਂ ਉਹਦੇ ਸੁੱਚੇ ਪਿਆਰ ਦੀ ਖ਼ੁਸ਼ਬੋ ਆ ਰਹੀ ਏ ? ਆ ਰਹੀ ਏ ਨਾ ?"

ਫੁੱਲਾਂ ਨੇ ਹਾਮੀ ਭਰੀ ਤਾਂ ਹਿਰਨੀ ਨੇ ਮਹਿਸੂਸ ਕੀਤਾ ਜਿਵੇਂ ਬੂਟੇ 'ਤੇ ਲੱਗੇ ਸਾਰੇ ਦੇ ਸਾਰੇ ਫੁੱਲ ਉਹਦੇ ਵਜੂਦ ਅੰਦਰ ਖਿੜ ਪਏ ਹੋਣ।

ਫੁੱਲਾਂ ਨੂੰ ਆਪਣੇ ਅੰਦਰ ਖਿੜਿਆ ਮਹਿਸੂਸ ਕਰਦੇ ਹੀ ਉਹਨੇ ਆਪਣੇ

ਸਾਹਾਂ ਵਿਚ ਉਨ੍ਹਾਂ ਦੀ ਖ਼ੁਸ਼ਬੋ ਮਹਿਸੂਸ ਕੀਤੀ ਤੇ ਇਸ ਖ਼ੁਸ਼ਬੋ ਦੇ ਨਸ਼ੇ ਵਿਚ ਸਰਸ਼ਾਰ ਹੋ ਕੇ ਕੁਲਾਂਚਾਂ ਭਰਦੀ, ਉਹ ਕਿਤੇ ਦੀ ਕਿਤੇ ਪਹੁੰਚ ਗਈ। ਜੰਗਲ ਦੀਆਂ ਸੰਘਣੀਆਂ ਛਾਵਾਂ ਥੱਲੇ।

ਇਨ੍ਹਾਂ ਛਾਵਾਂ ਥੱਲੇ ਮਿਲਣ ਵਾਲੀ ਠੰਢਕ ਦੇ ਸੁਖ ਨੂੰ, ਆਪਣੇ ਕਲੇਜੇ 'ਚ ਵੱਸੇ ਪਿਆਰ ਦੇ ਸੁਖ ਨਾਲ ਇਕਸਾਰ ਕਰਦੇ ਹੋਏ ਪਤਾ ਨਹੀਂ ਕਿੰਨੀ ਦੇਰ ਹੌਲੀ ਹੌਲੀ ਮਟਕਦੀ ਰਹੀ।

ਮਟਕ ਮਟਕ ਤੁਰਦੀ ਹੋਈ, ਮਨ ਹੀ ਮਨ ਵਿਚ ਪਿਆਰ ਦੇ ਸੁਖ ਨੂੰ ਉਹ ਇੰਝ ਮਾਣ ਰਹੀ ਸੀ ਜਿਵੇਂ...ਪਿਆਰ ਨਾਲ ਰੱਜੀ-ਪੁੱਜੀ ਜੁਗਾਲੀ ਕਰ ਰਹੀ ਹੋਵੇ।

ਪਿਆਰ ਦੀ ਜੁਗਾਲੀ ਕਰਦੀ ਹੋਈ, ਆਪਣੇ-ਆਪ ਵਿਚ ਗਵਾਚੀ ਹੋਈ ਸੀ ਕਿ ਉਹਨੇ ਆਪਣੇ ਪਿੰਡੇ 'ਤੇ ਨਿੱਘ ਨਿੱਘ ਜਿਹਾ ਮਹਿਸੂਸ ਕੀਤਾ। ਉਹਨੇ ਵੇਖਿਆ, ਪੱਤਿਆਂ ਨਾਲ ਲੱਦੀਆਂ ਟਾਹਣੀਆਂ ਵਿਚੋਂ ਛਣ-ਛਣ ਕੇ ਸੂਰਜ ਦੀਆਂ ਕਿਰਨਾਂ ਧਰਤੀ 'ਤੇ ਛੋਟੀਆਂ ਛੋਟੀਆਂ ਧੁੱਪ ਦੀਆਂ ਟੁਕੜੀਆਂ ਬਣ ਕੇ ਵਿਛ ਗਈਆਂ ਹਨ। ਉਹਨੂੰ ਲੱਗਾ ਜਿਵੇਂ ਉਹਦੇ ਪਿਆਰ ਦੀ ਰਾਹ 'ਤੇ ਲੋਅ ਖਿੜ ਗਈ ਹੋਵੇ। ਪਿਆਰ ਦਾ ਮਿੱਠਾ ਮਿੱਠਾ ਨਿੱਘ।

ਤੱਦੇ ਇਕ ਕਿਰਨ ਨੇ ਅੱਗੇ ਵਧ ਕੇ ਕਿਹਾ –

"ਹਿਰਨੀ ! ਪਹਿਲੇ ਪਿਆਰ ਦਾ ਸੁਨੇਹਾ ਮਿਲਣ ਲਈ, ਤੈਨੂੰ ਸੂਰਜ ਦੇਵਤਾ ਤੇ ਸਾਡੇ ਵੱਲੋਂ ਵਧਾਈ !"

"ਸ਼ੁਕਰੀਆ ਤੇ ਮੈਨੂੰ ਤੁਹਾਡਾ ਕਰਨਾ ਚਾਹੀਦੈ ਕਿ ਤੁਸੀਂ ਏਨਾ ਲੰਮਾ ਪੈਂਡਾ ਝਾਗ ਕੇ ਏਸ ਬੀਹੜ ਜੰਗਲ ਵਿਚ ਮੇਰੇ ਤਕ ਪਹੁੰਚੀਆਂ।"

"ਪਰ ਇਕ ਗੱਲ ਦੱਸੋ ?" ਉਹਨੇ ਕਿਰਨਾਂ ਨੂੰ ਪੁੱਛਿਆ, "ਸੂਰਜ ਦੇਵਤਾ ਤਕ ਇਹ ਖ਼ਬਰ ਕਿਵੇਂ ਪੁੱਜੀ ?"

"ਲੈ ਇਹ ਵੀ ਕੋਈ ਪੁੱਛਣ ਵਾਲੀ ਗੱਲ ਏ। ਸੂਰਜ ਦੀਆਂ ਲੱਖਾਂ ਕਰੋੜਾਂ ਅੱਖਾਂ ਨੇ। ਧਰਤੀ 'ਤੇ ਜੋ ਕੁਝ ਵਾਪਰਦਾ ਏ, ਉਹ ਸਭ ਵੇਖਦੀਆਂ ਨੇ...ਫੇਰ ਪਿਆਰ ਦੀ ਖ਼ਬਰ ਤਾਂ ਸਭ ਤੋਂ ਪਹਿਲਾਂ ਪਹੁੰਚਦੀ ਏ।" ਏਹ ਕਹਿੰਦੀ ਹੋਈ ਕਿਰਨ ਇਕ ਪਲ ਲਈ ਰੁਕੀ ਤੇ ਫੇਰ ਕਿਹਾ, "ਤੈਨੂੰ ਇਕ ਭੇਤ ਦੀ ਗੱਲ ਦੱਸਾਂ ?"

"ਦੱਸ !"

"ਧਰਤੀ 'ਤੇ ਪਨਪਦੇ ਪਿਆਰ ਦੀ ਕਨਸੋਅ ਸੂਰਜ ਤਕ ਪੁੱਜਦੀ ਏ ਤਾਂ ਸੂਰਜ ਦੇਵਤਾ ਉਸੇ ਪਿਆਰ ਨੂੰ ਲੋਅ ਤੇ ਧੁੱਪ ਵਿਚ ਢਾਲ ਕੇ ਧਰਤੀ ਵੱਲ ਭੇਜ ਦਿੰਦਾ ਏ ਤੇ ਇਸ ਧਰਤੀ 'ਤੇ ਰੂਪ ਖਿੰਡ ਜਾਂਦਾ ਏ। ਏਸ ਗੱਲ ਨੂੰ ਤੂੰ ਇਸ ਤਰ੍ਹਾਂ ਸਮਝ ਲੈ ਕਿ...ਕਿ ਜੀਵਾਂ ਦੇ ਮਨ ਵਿਚ ਉਪਜਿਆ ਪਿਆਰ

ਹੀ ਅਸਮਾਨ ਤੇ ਧਰਤੀ ਨੂੰ ਸੁਹੱਪਣ ਬਖਸ਼ਦਾ ਏ।"

ਕਿਰਨ ਦੀ ਕਈ ਹੋਈ ਏਸੇ ਗੱਲ ਨੂੰ ਗੌਲਦੇ ਹੋਏ ਹਿਰਨੀ ਨੇ ਆਪਣੇ ਆਲੇ-ਦੁਆਲੇ ਵੇਖਿਆ। ਧੁੱਪ ਦੇ ਨਿੱਕੇ-ਨਿੱਕੇ ਟੁਕੜੇ, ਲੋਅ ਦੇ ਫੁੱਲ ਬਣ ਕੇ ਹਰ ਪਾਸੇ ਚਮਕ ਰਹੇ ਸਨ, ਦਮਕ ਰਹੇ ਸਨ।

ਏਸ ਸਾਰੇ ਹੁਸਨ ਨੂੰ ਮਨ-ਮਸਤਕ ਵਿਚ ਸਮੇਟ ਕੇ, ਦਿਲ ਵਿਚ ਸਹੇਜ ਕੇ, ਹਿਰਨੀ ਨੂੰ ਲੱਗਾ ਜਿਵੇਂ ਉਹਦੇ ਪਨਪੇ ਪਿਆਰ 'ਤੇ ਹੋਰ ਨਿਖਾਰ ਆ ਗਿਆ ਹੋਵੇ। ਜਿਵੇਂ ਉਹ ਧੁਰ ਅੰਦਰ ਤਕ ਸ਼ਿੰਗਾਰੀ ਗਈ ਹੋਵੇ।

ਸ਼ਿੰਗਾਰੇ ਜਾਣ ਦੀ ਖੁਸ਼ੀ ਵਿਚ ਉਹਦਾ ਦਿਲ ਕੀਤਾ ਕਿ ਉਹ ਲੰਮੀਆਂ-ਲੰਮੀਆਂ ਕੁਲਾਂਚਾਂ ਭਰੇ, ਪਰ ਏਨੇ ਸੰਘਣੇ ਜੰਗਲ ਵਿਚ ਇਹ ਸੰਭਵ ਨਹੀਂ ਸੀ। ਇਸ ਲਈ ਉਹ ਹੌਲੀ ਹੌਲੀ ਤੁਰ ਰਹੀ ਸੀ।

ਤੱਦੇ ਹਿਰਨ ਦੇ ਬੋਲ ਉਹਦੇ ਮਨ-ਮਸਤਕ ਵਿਚ ਗੂੰਜ ਗਏ।

"ਮੈਂ ਤੈਨੂੰ ਪਿਆਰ ਕਰਦਾ ਹਾਂ।"

ਉਹਨੇ ਸੋਚਿਆ—ਪਿਆਰ ਦੇ ਇਹ ਬੋਲ ਬੋਲਣ ਵਾਲਾ ਕਿਤੇ ਲਾਗੇ ਹੀ ਹੋਣੈਂ। ਉਹਨੇ ਏਧਰ-ਓਧਰ ਵੇਖਿਆ, ਕਿਤੇ ਦਿਸਿਆ ਨਾ ਤੇ ਫੇਰ ਉਹਦੇ ਦਿਲ ਨੇ ਕਿਹਾ—"ਆਉਂਦਾ ਹੋਣੈਂ ਪਿੱਛੇ ਪਿੱਛੇ। ਮੈਂ ਲੁਕ ਜਾਨੀ ਆਂ, ਬੜਾ ਮਜ਼ਾ ਆਏਗਾ, ਆਪਣੇ ਪਹਿਲੇ ਪਿਆਰ ਨਾਲ ਲੁਕਣ-ਮੀਟੀ ਖੇਡਦੇ।"

ਇੰਝ ਸੋਚ ਕੇ ਉਹ ਇਕ ਵੱਡੇ ਰੁੱਖ ਦੀ ਆੜ ਵਿਚ ਲੁਕ ਗਈ। ਤੱਦੇ ਨੇੜੇ ਹੀ ਕਿਧਰੇ ਟਹਿਣੀਆਂ ਦੀ ਹਿੱਲਣ ਦੀ ਬਿੜਕ ਪਈ ਤਾਂ ਉਹ ਹੋਰ ਅੱਗੇ ਵਧ ਗਈ ਪਿੱਛੇ ਨੂੰ ਵੇਂਹਦੀ ਹੋਈ।

ਥੋੜ੍ਹੀ ਦੂਰ ਹੀ ਗਈ ਹੋਣੀ ਏ ਕਿ ਉਹਦੇ ਸਾਹਮਣੇ ਇਕ ਕਾਲਾ ਨਾਗ ਆ ਗਿਆ। ਨਾਗ ਨੂੰ ਵੇਖ ਕੇ ਉਹਨੂੰ ਚਾਈਂ ਚਾਈਂ ਦੱਸਣ ਲੱਗੀ —

"ਨਾਗ ਨਾਗ ! ਅੱਜ ਮੈਨੂੰ ਇਕ ਹਿਰਨ ਨੇ ਕਿਹੈ ਕਿ ਉਹ ਮੈਨੂੰ ਦਿਲੋਂ ਪਿਆਰ ਕਰਦਾ ਏ।"

"ਤੇਰੇ ਪਿਆਰ ਦੀ ਗੱਲ ਸੁਣ ਕੇ ਮੇਰੇ ਮੂੰਹ ਵਿਚ ਭਰਿਆ ਜ਼ਹਿਰ ਵੀ ਅੰਮ੍ਰਿਤ ਬਣ ਗਿਆ ਏ। ਮਿੱਠਾ ਮਿੱਠਾ।"

ਹਿਰਨੀ ਅੱਗੇ ਵਧੀ ਤਾਂ ਸ਼ਿਕਾਰ ਦੀ ਤਲਾਸ਼ ਵਿਚ ਨਿਕਲਿਆ ਸ਼ੇਰਾਂ ਦਾ ਇਕ ਝੁੰਡ ਸਾਹਮਣੇ ਆ ਗਿਆ। ਆਪਣੇ ਪਿਆਰ ਵਿਚ ਡੁੱਬੀ ਹਿਰਨੀ ਨੂੰ ਸ਼ੇਰਾਂ ਤੋਂ ਵੀ ਡਰ ਨਾ ਲੱਗਾ।

ਸਭ ਤੋਂ ਅਗਲੇ ਵਾਲੇ ਸ਼ੇਰ ਨੇ ਹਿਰਨੀ ਦੀਆਂ ਅੱਖਾਂ ਵਿਚ ਛਲਕਦੇ ਪਿਆਰ ਦੀ ਝਲਕ ਵੇਖ ਲਈ ਸੀ। ਇਸ ਲਈ ਵਾਰਿਸ ਸ਼ਾਹ ਦੇ ਅੰਦਾਜ਼ ਵਿਚ ਉਹਨੇ ਕਿਹਾ —

"ਭਲਾ ਹੋਇਆ ਮੈਂ ਤੈਨੂੰ ਨਾ ਮਾਰ ਬੈਠਾ

ਕਾਈ ਨਹੀਂ ਸੀ ਗੱਲ ਬੇਸ਼ਾਨ ਹੋਈ,
ਸਾਨੂੰ ਦੱਸ ਖਾਂ ਪਿਆਰ ਦੀ ਸਭ ਗਾਥਾ
'ਚਾਰ ਚਸ਼ਮ ਦੀ ਕਿਵੇਂ ਘਮਸਾਨ ਹੋਈ...'"

ਹਿਰਨੀ ਨੇ ਪੂਰੀ ਗੱਲ ਦੱਸੀ। "ਇਕ ਹਿਰਨ ਨੇ ਹੁਣੇ ਹੁਣੇ ਮੈਨੂੰ ਕਿਹਾ ਏ ਕਿ ਉਹ ਮੈਨੂੰ ਦਿਲੋਂ ਪਿਆਰ ਕਰਦਾ ਏ, ਉਸੇ ਦੀ ਖੁਸ਼ਬੋ ਤੁਹਾਨੂੰ ਮਿਲ ਰਹੀ ਹੋਣੀ ਏ।"

ਏਹ ਦੱਸਦੀ ਹੋਈ ਹਿਰਨੀ ਸਵਾਦ ਸਵਾਦ ਹੁੰਦੀ ਜਾਵੇ।

"ਹਾਂ ਹਾਂ ! ਪਿਆਰ ਦੀ ਖ਼ੁਸ਼ਬੋ ਨੂੰ ਦਰਿੰਦੇ ਵੀ ਚੰਗੀ ਤਰ੍ਹਾਂ ਪਛਾਣਦੇ ਨੇ। ਪਛਾਣੀਏ ਵੀ ਕਿਉਂ ਨਾ ? ਆਖਿਰ ਅਸੀਂ ਵੀ ਤਾਂ ਏਹੋ ਜਹੇ ਪਿਆਰ ਦੀ ਉਪਜ ਹਾਂ।"

ਇਹ ਕਹਿੰਦੇ ਹੋਏ ਸ਼ੇਰ ਆਪਣੀ ਰਾਹ 'ਤੇ ਚਲੇ ਗਏ ਤੇ ਹਿਰਨੀ ਆਪਣੀ ਰਾਹ 'ਤੇ।

ਆਖਿਰ ਉਹ ਇਕ ਨਦੀ ਦੇ ਕੰਢੇ 'ਤੇ ਪੁੱਜੀ। ਬੜੀ ਵਿਸ਼ਾਲ ਨਦੀ। ਉਥੇ ਪਹੁੰਚ ਕੇ ਉਹਨੂੰ ਲੱਗਾ ਜਿਵੇਂ ਉਹ ਨਦੀ, ਪਾਣੀ ਦੀ ਨਦੀ ਨਾ ਹੋ ਕੇ ਪਿਆਰ ਦੀ ਨਦੀ ਹੋਵੇ।

ਪਿਆਰ ਦੀ ਨਦੀ !

ਜਿਵੇਂ ਉਹ ਮਾਨਸਰੋਵਰ ਏ, ਜਿਸ ਵਿਚ ਜ਼ਿੰਦਗੀ ਦੇ ਸੱਚੇ-ਸੁੱਚੇ ਤੇ ਵਡਮੁੱਲੇ ਮੋਤੀ ਚਮਕਦੇ ਨੇ।

ਇਸ ਮਾਨਸਰੋਵਰ ਵਿਚ ਨਹਾ ਕੇ, ਇਸ ਦੇ ਅੰਮ੍ਰਿਤ ਜਲ ਨਾਲ ਆਪਣੀ ਪਿਆਸ ਮਿਟਾ ਕੇ, ਉਸ ਨੇ ਪਹਿਲਾਂ ਵਿਸ਼ਾਲ ਦਿਸਹੱਦੇ ਵੱਲ ਵੇਖਿਆ ਤੇ ਫੇਰ ਵਿਸ਼ਾਲ ਜੰਗਲ ਵੱਲ।

ਜੰਗਲ ਵੱਲ ਨਜ਼ਰ ਜਾਂਦੇ ਹੀ ਉਹ ਕੀ ਵੇਖਦੀ ਏ ਕਿ ਉਹ ਹਿਰਨ ਉਹਦੀ ਪੈੜ 'ਤੇ ਤੁਰਦਾ ਤੁਰਦਾ ਉਹਦੇ ਵੱਲ ਆ ਰਿਹਾ ਸੀ।

ਹਿਰਨ 'ਤੇ ਨਜ਼ਰ ਪੈਂਦੇ ਹੀ ਹਿਰਨੀ ਨੇ ਚੌਕੜੀਆਂ ਭਰਨੀਆਂ ਸ਼ੁਰੂ ਕਰ ਦਿੱਤੀਆਂ। ਲੰਮੀਆਂ ਲੰਮੀਆਂ ਚੌਕੜੀਆਂ।

ਹੁਣ ਸਮਾਂ ਉਹਨਾਂ ਨੂੰ ਨਦੀ ਦੇ ਉਸ ਤੱਟ ਵੱਲ ਲੈਜਾ ਰਿਹਾ ਸੀ ਜਿੱਥੇ ਪਿਆਰ ਦੇ ਸੋਮੇ 'ਚੋਂ ਜ਼ਿੰਦਗੀ ਫੁੱਟਦੀ ਏ।

# ਮਾੜੇ ਦਾ ਗੁੱਸਾ

ਗੁੱਸਾ ਬੜਾ ਚੰਡਾਲ ਹੁੰਦੈ। ਧਰਮੂ ਸਾਂਝੀ ਨੂੰ ਗੁੱਸਾ ਜੁ ਆਇਆ ਤਾਂ ਉਹ ਬਿਲਕੁਲ ਅੰਨ੍ਹਾ ਹੀ ਹੋ ਗਿਆ। ਉਸ ਪਾਗਲ ਨੂੰ ਇਹ ਵੀ ਹੋਸ਼ ਨਾ ਰਹੀ ਕਿ ਉਹ ਕਿਸ ਨੂੰ ਮਾਰਨ ਜਾ ਰਿਹਾ ਹੈ।

ਗੱਲ ਇਹ ਹੋਈ ਕਿ ਉਹਦਾ ਅਖੀਰਲੀ ਉਮਰ ਦਾ, ਕੱਲਾ ਕੱਲਾ, ਮਰ-ਮਰ ਲੱਭਾ ਪੁੱਤਰ ਘਰ ਰੋਂਦਾ ਹੋਇਆ ਆਇਆ ਤੇ ਉਹਦੇ ਸਿਰ 'ਚੋਂ ਲਹੂ ਦੀ ਧਾਰ ਵਗਦੀ ਹੋਈ ਠੋਡੀ 'ਤੇ ਆ ਕੇ ਜੰਮ ਗਈ ਸੀ। ਸੱਜੀ ਅੱਖ ਦੇ ਭਰਵੱਟੇ ਉਪਰ ਵੱਡਾ ਸਾਰਾ ਰੋਬੜਾ ਉੱਭਰ ਆਇਆ ਸੀ। ਮੁੰਡੇ ਨੂੰ ਇਸ ਤਰ੍ਹਾਂ ਲਹੂ ਵਿਚ ਨਹਾਤਾ ਵੇਖ ਕੇ ਉਹਦੀਆਂ ਅੱਖਾਂ 'ਚ ਲਹੂ ਉਤਰ ਆਇਆ।

"ਤੈਨੂੰ ਕਿਸ ਨੇ ਮਾਰਿਆ ਓ ਜਾਤਕਾ ! ਮੈਂ ਹੁਣੇ ਜਾ ਕੇ ਉਹਦਾ ਲਹੂ ਪੀ ਲੈਨਾਂ" ਧਰਮੂ ਨੇ ਮੁੰਡੇ ਦੇ ਮੂੰਹ ਤੋਂ ਲਹੂ ਪੂੰਝਦਿਆਂ ਪੁੱਛਿਆ। "ਹੈਂ ਵੇਖੋ ਨਾ ਅੱਖ ਮਸਾਂ ਬਚੀ ਏ।"

"ਵੱਡੇ ਸਰਦਾਰ ਨੇ।" ਮੁੰਡੇ ਨੇ ਹੋਰ ਜ਼ੋਰ ਦੀ ਰੋਂਦੇ ਹੋਏ ਕਿਹਾ। "ਮੇਰੀ ਝੋਟੀ ਪੈਲ਼ੀ 'ਚ ਪੈ ਗਈ ਸੀ ਤੇ ਉਹਨੇ ਪਰਾਣੀ ਨਾਲ ਮੈਨੂੰ..."

"ਝੋਟੀ ਪੈਲੀ 'ਚ ਪਈ ਸੀ ਤਾਂ ਉਹਨੂੰ ਮਾਰਦਾ ਕਿ ਤੇਰੀ ਜਾਨ ਲੈਣੀ ਸੀ ? ਮੈਂ ਹੁਣੇ ਉਹਦੀ ਦਾੜ੍ਹੀ ਪੁੱਟ ਕੇ..." ਫੇਰ ਉਸ ਨੇ ਇਕ ਮੋਟੀ ਜਹੀ ਗਾਲ੍ਹ ਕੱਢੀ ਤੇ ਗੁੱਸੇ ਵਿਚ ਭਰਿਆ ਹੋਇਆ ਵੱਡੇ ਸਰਦਾਰ ਦੇ ਘਰ ਵੱਲ ਦੌੜ ਗਿਆ।

ਸਰਦਾਰ ਦੇ ਘਰ ਵੱਲ ਜਾਂਦਿਆਂ ਹੋਇਆਂ ਧਰਮੂ ਸਾਂਝੀ ਨੂੰ ਇਹ ਗੱਲ ਰਤਾ ਵੀ ਚੇਤੇ ਨਾ ਰਹੀ ਕਿ ਪੁਸ਼ਤਾਂ ਤੋਂ ਉਹ ਸਰਦਾਰ ਦੇ ਘਰ ਦੀ ਚਾਕਰੀ ਕਰਦੇ ਆਏ ਨੇ ਤੇ ਹਾਲੀਂ ਤੀਕ ਉਹਦੀ ਏਨੀ ਹਿੰਮਤ ਨਹੀਂ ਕਿ ਸਰਦਾਰ ਦੇ ਘਰ ਦੀ ਡਿਉੜੀ ਦੇ ਅੰਦਰ ਪੈਰ ਧਰ ਸਕੇ। ਦਰਵਾਜ਼ਿਓਂ ਬਾਹਰ ਹੀ ਨੰਗੀ ਪੈਰੀਂ ਖਲੋ ਕੇ ਉਹਨੇ ਸਦਾ ਸਰਦਾਰ ਤੋਂ ਮੰਗਿਆ ਹੈ। ਉਹ ਇਹ ਵੀ ਭੁੱਲ ਗਿਆ ਕਿ ਇਸ ਵੇਲੇ ਵੀ ਉਹਦੀ ਬੁੱਢੀ ਮਾਂ ਸਰਦਾਰ ਦੀ ਹਵੇਲੀ 'ਚ ਗੋਹਾ-ਕੂੜਾ ਸਾਂਭਦੀ ਹੋਵੇਗੀ ਤੇ ਥੋੜ੍ਹੀ ਦੇਰ ਪਹਿਲਾਂ ਹੀ ਜੇਹੜੀਆਂ ਰੋਟੀਆਂ

ਉਹਨੇ ਖਾਧੀਆਂ ਸਨ, ਉਹ ਵੀ ਉਹਦੀ ਵਹੁਟੀ ਸਰਦਾਰ ਦੇ ਘਰੋਂ ਹੀ ਲਿਆਈ ਸੀ।

ਪਰ ਇਕਲੌਤੇ ਪੁੱਤ ਦੀ ਪੀੜ ਨੇ ਉਸ ਵੇਲੇ ਉਸ ਨੂੰ ਗੁੱਸੇ ਵਿਚ ਬਿਲਕੁਲ ਪਾਗਲ ਕਰ ਦਿੱਤਾ ਸੀ ਤੇ ਹੁਣ ਉਹ ਡਾਂਗ ਫੜੀ ਉਸੇ ਸਰਦਾਰ ਜੀ ਦਾ ਸਿਰ ਭੰਨਣ ਜਾ ਰਿਹਾ ਸੀ, ਜਿਸ ਨੇ ਕਈ ਵਾਰੀ ਉਹਦੇ ਸਿਰ 'ਚ ਜੁੱਤੀਆਂ ਮਾਰੀਆਂ ਸਨ।

ਨੱਠਾ ਨੱਠਾ ਜਦ ਉਹ ਸਰਦਾਰ ਦੀ ਗਲੀ ਵਿਚ ਮੁੜਨ ਲੱਗਾ ਤਾਂ ਕਿਸੇ ਵੱਟੇ ਨਾਲ ਠੇਡਾ ਲੱਗ ਜਾਣ ਕਾਰਣ ਉਹ ਡਿੱਗ ਪਿਆ ਤੇ ਉਹਦੇ ਗੋਡੇ 'ਤੇ ਸੱਟ ਵੀ ਲੱਗ ਗਈ, ਪਰ ਉਹ ਆਪਣੀ ਸੱਟ ਦੀ ਪੀੜ ਨੂੰ ਭੁਲਾ ਕੇ ਵਾਹੋਦਾਹੀ ਸਰਦਾਰ ਦੀ ਬੈਠਕ ਵੱਲ ਵਧਿਆ।

ਸਰਦਾਰ ਦੀ ਬੈਠਕ ਨਾਲ ਲਗਦਾ ਛੋਟਾ ਜਿਹਾ ਥੜ੍ਹਾ ਵੀ ਸੀ। ਜਦੋਂ ਵੀ ਅੱਗੇ ਉਹ ਕੋਈ ਚੀਜ਼ ਸਰਦਾਰ ਦੇ ਘਰ ਮੰਗਣ ਆਉਂਦਾ ਸੀ ਤਾਂ ਆਪਣੀ ਜੁੱਤੀ ਥੜ੍ਹੇ ਦੇ ਥੱਲੇ ਲਾਹ ਦੇਂਦਾ ਸੀ। ਪਰ ਅੱਜ ਉਹ ਮੰਗਣ ਥੋੜ੍ਹੀ ਆਇਆ ਸੀ, ਉਹ ਤਾਂ ਸਰਦਾਰ ਨੂੰ ਮਾਰਨ ਆਇਆ ਸੀ। ਇਸ ਲਈ ਜੁੱਤੀ ਸਣੇ ਹੀ ਥੜ੍ਹੇ 'ਤੇ ਚੜ੍ਹ ਗਿਆ। ਥੜ੍ਹੇ 'ਤੇ ਚੜ੍ਹਨ ਲੱਗਿਆਂ ਗੋਡੇ ਤੇ ਜਦ ਪੀੜ ਹੋਈ ਤਾਂ ਉਸ ਨੇ ਡਾਂਗ ਦਾ ਸਹਾਰਾ ਲੈ ਲਿਆ।

ਥੜ੍ਹੇ 'ਤੇ ਚੜ੍ਹਦਿਆਂ ਹੀ ਉਹਨੂੰ ਸਰਦਾਰ ਜੀ ਪਲੰਘ ਦੇ ਕੋਲ ਖਲੋਤੇ ਦਿਖਾਈ ਦੇ ਗਏ। ਉਹਨਾਂ ਨੂੰ ਵੇਖਦਿਆਂ ਹੀ ਉਹ ਉਸ ਲਾਠੀ ਦੇ ਸਹਾਰੇ ਲੰਗੜਾਉਂਦਾ ਹੋਇਆ ਬੈਠਕ ਦੇ ਦਰਵਾਜ਼ੇ ਤਕ ਪਹੁੰਚ ਗਿਆ। ਸਰਦਾਰ ਨੇ ਇਕ ਗਹਿਰੀ ਨਜ਼ਰ ਨਾਲ ਘੂਰੀ ਵੱਟ ਕੇ ਪੁੱਛਿਆ, "ਤੇਰੀ ਵੀ ਮੁਰੰਮਤ ਕਰਾਂ ਕਿ ਤੂੰ ਆਪੇ ਹੀ ਮੁੰਡੇ ਨੂੰ ਸਮਝਾ ਦੇਵੇਂਗਾ ?"

ਧਰਮੂ ਹੱਥ ਵਿਚ ਲਾਠੀ ਫੜੀ ਸਿੱਧਾ ਹੀ ਖਲੋ ਗਿਆ। ਸੱਜੇ ਹੱਥ ਵਿਚ ਉਹਨੇ ਲਾਠੀ ਫੜੀ ਹੋਈ ਸੀ ਤੇ ਖੱਬਾ ਹੱਥ ਉਹਨੇ ਲਾਠੀ ਵੱਲ ਵਧਾਇਆ ਤਾਂ ਕਿ ਦੋਨਾਂ ਹੱਥਾਂ ਵਿਚ ਲਾਠੀ ਫੜ ਕੇ ਭਰਪੂਰ ਵਾਰ ਕਰ ਸਕੇ। ਪਰ ਦੂਸਰੇ ਹੀ ਛਿਣ, ਉਹਦੇ ਦੋਵੇਂ ਹੱਥ ਜੁੜੇ ਹੋਏ ਸਨ ਤੇ ਉਹ ਸਰਦਾਰ ਨੂੰ ਕਹਿ ਰਿਹਾ ਸੀ, "ਮੈਂ ਆਪ ਹੀ ਸਮਝਾ ਲਊਂਗਾ ਉਸ ਹਰਾਮ-ਜਾਦੇ ਨੂੰ ਹਜ਼ੂਰ ! ਭਲਾ ਉਹਦੀ ਇਹ ਹਿੰਮਤ ਕਿ ਉਹ ਤੁਹਾਡੇ ਅੱਗੇ... ਮੈਨੂੰ ਪਤਾ ਲੱਗਿਆ ਤਾਂ ਮੈਂ ਉਸੇ ਵੇਲੇ ਮਾਫੀ ਮੰਗਣ ਆ ਗਿਆਂ ਹਜ਼ੂਰ ਤੁਹਾਡੇ ਕੋਲੋਂ..."

ਤੇ ਉਹਦੇ ਪਿੱਛੇ ਖੜ੍ਹੀ ਧਰਮੂ ਦੀ ਵਹੁਟੀ ਜੇਹੜੀ ਧਰਮੂ ਦੇ ਹਾਵ-ਭਾਵ ਵੇਖ ਕੇ ਪਿੱਛੇ ਨੱਠੀ ਆਈ ਸੀ, ਕਹਿ ਰਹੀ ਸੀ, "ਉਹ ਤੇ ਅਨਜਾਣ ਏ ਹਜ਼ੂਰ, ਉਹਦੀ ਖਤਾ ਬਖਸ਼ ਦਿਓ ਹਜ਼ੂਰ !"

ਥੋੜ੍ਹੀ ਦੇਰ ਬਾਅਦ ਜਦੋਂ ਉਹ ਸਰਦਾਰ ਦੇ ਘਰੋਂ ਵਾਪਸ ਪਰਤ ਰਹੇ ਸਨ ਤਾਂ ਧਰਮੂ ਦੇ ਹੱਥ ਵਿਚ ਸਰਦਾਰ ਦੀ ਦਿੱਤੀ ਟਿੰਚਰ ਦੀ ਸ਼ੀਸ਼ੀ ਫੜੀ ਹੋਈ ਸੀ, ਮੁੰਡੇ ਦੀਆਂ ਸੱਟਾਂ 'ਤੇ ਲਾਉਣ ਲਈ। ਤੇ ਉਹਦੀ ਵਹੁਟੀ ਦੀ ਝੋਲੀ 'ਚ ਇਕ ਗੁੜ ਦੀ ਰੋੜੀ ਤੇ ਥੋੜ੍ਹੇ ਜਹੇ ਚੌਲ ਸਨ। ਤੇ ਉਹ ਦੋਵੇਂ ਇਕ ਦੂਜੇ ਨਾਲ ਸਰਦਾਰ ਦੀਆਂ ਸਿਫਤਾਂ ਦੇ ਗੁਣ ਗਾ ਰਹੇ ਸਨ।

# ਪਛਤਾਵਾ

ਏਹ ਕਦੋਂ ਦੀ ਗੱਲ ਏ, ਏਹ ਮਹੱਤਵਪੂਰਨ ਨਹੀਂ। ਬੀਤੇ ਹੋਏ ਸਮੇਂ ਦੀ, ਅੱਜਕਲ੍ਹ ਦੀ ਜਾਂ ਫਿਰ ਬਾਅਦ ਵਿਚ ਆਉਣ ਵਾਲੇ ਕਿਸੇ ਸਮੇਂ ਦੀ, ਏਸ ਦਾ ਕੋਈ ਅਰਥ ਨਹੀਂ।

ਏਹ ਮੈਂ ਏਸ ਲਈ ਕਹਿ ਰਿਹਾ ਹਾਂ ਕਿ ਮਨੁੱਖੀ ਵਿਹਾਰ ਵਿਚ ਕਈ ਵਾਰੀ ਹੁੰਦਾ ਏ ਕਿ ਆਉਣ ਵਾਲੀ ਸਵੇਰ, ਪਹਿਲਾਂ ਈ ਚੁਫੇਰੇ ਪੱਸਰੀ ਰਾਤ ਦੇ ਹਨੇਰਿਆਂ ਨੂੰ ਥੋੜ੍ਹਾ-ਬਹੁਤ ਰੁਸ਼ਨਾ ਦੇਂਦੀ ਏ ਤੇ ਕਈ ਵਾਰੀ ਆਉਣ ਵਾਲੀ ਰਾਤ ਦੇ ਹਨੇਰੇ, ਦਿਨ ਦੀ ਲੋਅ ਨੂੰ ਵੀ ਕਾਲਾ ਕਰ ਦੇਂਦੇ ਨੇ।

ਚਲੋ ! ਮਿਸਾਲ ਰਾਹੀਂ, ਏਸ ਗੱਲ ਨੂੰ ਖੋਲ੍ਹ ਕੇ ਦੱਸਦਾ ਹਾਂ। ਕਰਫੀਊ ਰਾਤ ਨੂੰ ਲੱਗਣਾ ਏ — ਪਰ ਜਿੰਦਗੀ ਨੂੰ ਸਾਰਾ ਦਿਨ ਭਾਜੜ ਪਈ ਰਹਿੰਦੀ ਏ। ਬਰਾਤ ਰਾਤ ਨੂੰ ਚੜ੍ਹਨੀ ਏ ਤੇ ਸਵੇਰ ਪਹਿਲਾਂ ਈ ਵਾਜੇ ਵਜਾਉਣ ਲੱਗ ਜਾਂਦੀ ਏ।

ਸੋ ਜਨਾਬ ਹੋਇਆ ਏਹ ਕਿ ਮੈਂ ਇਕ ਬਾਗ਼ ਦੇ ਕੋਲ ਪੁੱਜਾ ਤਾਂ ਚਿੱਤ ਕੀਤਾ ਕਿ ਅੰਦਰ ਜਾ ਕੇ ਵੇਖਾਂ ਕਿ ਕਿਹੋ ਜਿਹਾ ਏ ? ਏਥੇ ਮੈਂ ਇਕ ਗੱਲ ਹੋਰ ਦੱਸ ਦਿਆਂ ਕਿ ਮੈਨੂੰ ਕੋਈ ਪਤਾ ਨਹੀਂ ਕਿ ਏਹ ਬਾਗ਼ ਕਿੱਥੇ ਹੈ ? ਧਰਤੀ ਦੇ ਕਿਸ ਹਿੱਸੇ ਵਿਚ ? ਨਾਲ ਹੀ ਏਹ ਵੀ ਦੱਸ ਦੇਨਾਂ ਹਾਂ ਕਿ ਮੈਨੂੰ ਏਹ ਵੀ ਪਤਾ ਨਹੀਂ ਕਿ ਮੈਂ ਕੌਣ ਹਾਂ ? ਕਿੱਥੋਂ ਤੁਰਿਆ ਸਾਂ ਤੇ ਕਿੱਥੇ ਜਾਣਾ ਏ ਤੇ ਕਿਉਂ ?

ਖੈਰ ਜੀ, ਮੈਂ ਬਾਗ਼ ਦੇ ਅੰਦਰ ਪੈਰ ਧਰਿਆ ਤਾਂ ਮਨ ਖੁਸ਼ ਹੋ ਗਿਆ। ਮੈਨੂੰ ਲੱਗਦਾ ਸੀ ਜਿਵੇਂ ਮੈਂ ਫੁੱਲਾਂ ਦੇ ਦੇਸ ਵਿਚ ਆ ਗਿਆ ਹੋਵਾਂ। ਦੂਰ, ਜਿਥੋਂ ਤਕ ਮੇਰੀ ਨਜ਼ਰ ਜਾਂਦੀ ਸੀ। ਫੁੱਲ ਹੀ ਫੁੱਲ ਤੇ ਹਵਾ ? ਉਹਨਾਂ ਫੁੱਲਾਂ ਦੀ ਖੁਸ਼ਬੋ ਨਾਲ ਲੱਦੀ ਹੋਈ। ਸਾਹਾਂ ਰਾਹੀਂ ਏਹ ਖੁਸ਼ਬੋ ਮੇਰੇ ਤਨ ਦੇ ਅੰਦਰ ਗਈ ਤਾਂ ਮੈਨੂੰ ਲੱਗਾ ਕਿ ਜਿਵੇਂ ਮੈਂ ਅੰਦਰੋਂ ਖੁਸ਼ਬੋ ਹੀ ਖੁਸ਼ਬੋ ਹੋ ਗਿਆ ਹੋਵਾਂ। ਜਿਵੇਂ ਮੇਰਾ ਹੱਡ-ਮਾਸ ਦਾ ਸਰੀਰ ਖੁਸ਼ਬੋਆਂ ਦਾ ਬਣ ਗਿਆ ਹੋਵੇ।

ਨਾਲ ਹੀ ਫੁੱਲਾਂ ਦੀ ਖ਼ੂਬਸੂਰਤੀ, ਅੱਖਾਂ ਰਾਹੀਂ ਮੇਰੇ ਤਨ-ਬਦਨ ਵਿਚ ਉਤਰਦੀ ਜਾ ਰਹੀ ਸੀ। ਮੈਂ ਪਲੋ-ਪਲ ਸੋਹਣਾ ਹੁੰਦਾ ਜਾ ਰਿਹਾ ਸਾਂ। ਏਸ ਲਈ ਜਿੰਨੀ ਦੇਰ ਮੈਂ ਆਪਣੀ ਥਾਂ ਖਲੋਤਾ, ਦੂਰ ਦਿਸਹੱਦੇ ਤਕ ਪੱਸਰੀ ਫੁੱਲਾਂ ਦੀ ਦੁਨੀਆਂ ਨੂੰ ਵੇਖਦਾ ਬੁੱਤ ਬਣਿਆ ਰਿਹਾ।

ਫੇਰ ਮੇਰਾ ਚਿੱਤ ਕੀਤਾ ਕਿ ਏਸ ਸੁੰਦਰਤਾ ਦਾ ਹਿੱਸਾ ਬਣਾਂ। ਏਹੋ ਵਿਚਾਰ ਮਨ ਵਿਚ ਲੈ ਕੇ ਮੈਂ ਅੱਗੇ ਵਧਿਆ ਤਾਂ ਪਹਿਲੇ ਬੂਟੇ ਨੇ ਹੀ ਮੇਰੇ ਪੈਰਾਂ ਨੂੰ ਜਕੜ ਲਿਆ। ਉਸ ਬੂਟੇ ਦੇ ਫੁੱਲਾਂ ਨੂੰ ਨਿਹਾਰਦੇ ਹੋਏ ਮੇਰੇ ਮਨ ਵਿਚ ਆਇਆ ਕਿ ਇਕ ਫੁੱਲ ਨੂੰ ਛੂਹ ਕੇ ਵੇਖਾਂ ਕਿ ਏਹਦੀਆਂ ਪੱਤੀਆਂ ਕਿੰਨੀਆਂ ਨਰਮ ਨੇ ? ਉਹਨਾਂ ਦੀ ਕੋਮਲਤਾ ਮੈਂ ਕੀ ਦੱਸਾਂ ਕਿ ਕਿਹੋ ਜਹੀ ਸੀ।

ਬਸ ਏਹ ਕਹਿ ਲਉ ਕਿ ਦਿਲ ਦੀਆਂ ਕੋਮਲ ਭਾਵਨਾਵਾਂ ਨੂੰ ਜਿਵੇਂ ਲਫ਼ਜ਼ਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ, ਏਦਾਂ ਹੀ ਫੁੱਲਾਂ ਦੀ ਕੋਮਲਤਾ ਤਕ ਵੀ ਮੇਰੇ ਲਫ਼ਜ਼ਾਂ ਦੀ ਰਸਾਈ ਨਹੀਂ ਹੋ ਸਕਦੀ।

ਜਦ ਉਹ ਮੇਰੇ ਬਿਆਨ ਵਿਚ ਨਾ ਆਈ ਤਾਂ ਮੇਰਾ ਦਿਲ ਕੀਤਾ, ਕਿ ਏਨ੍ਹਾਂ ਫੁੱਲਾਂ ਦੀ ਕੋਮਲਤਾ ਨੂੰ ਪੂਰੀ ਤਰ੍ਹਾਂ ਮਹਿਸੂਸ ਕਰਨ ਲਈ ਕਿਸੇ ਫੁੱਲ ਨੂੰ ਆਪਣੇ ਤਨ ਨਾਲ ਲਾ ਕੇ ਵੇਖਾਂ।

ਏਸ ਖਾਹਿਸ਼ ਨੂੰ ਪੂਰਾ ਕਰਨ ਲਈ ਮੇਰਾ ਦਿਲ ਕੀਤਾ ਕਿ ਇਕ ਫੁੱਲ ਤੋੜ ਕੇ ਆਪਣੀ ਛਾਤੀ ਨਾਲ ਲਾ ਲਵਾਂ। ਏਹ ਖਾਹਿਸ਼ ਗ਼ਾਲਬਨ ਏਸ ਲਈ ਜਾਗੀ ਕਿ ਜਿਵੇਂ ਏਨ੍ਹਾਂ ਫੁੱਲਾਂ ਦੀ ਖੁਸ਼ਬੋ ਨੇ ਮੇਰੇ ਤਨ-ਬਦਨ ਵਿਚ ਉਤਰ ਕੇ ਮੇਰੇ ਹੱਡ-ਮਾਸ ਦੇ ਸਰੀਰ ਨੂੰ ਖੁਸ਼ਬੋਆਂ ਦਾ ਸਰੀਰ ਬਣਾ ਦਿੱਤਾ ਏ, ਹੋ ਸਕਦਾ ਏ ਕਿ ਏਨ੍ਹਾਂ ਦੀ ਕੋਮਲਤਾ ਨੂੰ ਆਪਣੇ ਤਨ ਨਾਲ ਛੁਹਾ ਕੇ ਏਹ ਕੋਮਲਤਾ ਵੀ ਮੇਰੇ ਸਰੀਰ ਵਿਚ ਉਤਰ ਜਾਵੇ।

ਏਸੇ ਆਸ਼ੇ ਨਾਲ ਮੇਰਾ ਹੱਥ ਆਪਣੇ ਆਪ ਅੱਗੇ ਵਧਿਆ ਪਰ, ਉਸ ਵੇਲੇ ਮੇਰੇ ਦਿਮਾਗ ਨੇ ਕਿਹਾ —

"ਨਾ, ਨਾ ਤੈਨੂੰ ਏਹ ਫੁੱਲ ਨਹੀਂ ਤੋੜਨਾ ਚਾਹੀਦਾ।"

ਦਿਮਾਗ ਦੀ ਗੱਲ ਸੁਣ ਕੇ ਮੇਰਾ ਅੱਗੇ ਵਧਿਆ ਹੱਥ ਉਥੇ ਹੀ ਰੁਕ ਗਿਆ।

ਹੱਥ ਤਾਂ ਰੁਕ ਗਿਆ ਪਰ ਦਿਲ ਤੇ ਦਿਮਾਗ਼ ਵਿਚ ਝਗੜਾ ਹੋਣਾ ਸ਼ੁਰੂ ਹੋ ਗਿਆ। ਦਿਲ ਕਹੇ "ਮੈਂ ਫੁੱਲ ਤੋੜਨੈਂ। ਮੈਨੂੰ ਏਹਦੀ ਕੋਮਲਤਾ ਦੀ ਲੋੜ ਏ।"

ਦਿਮਾਗ਼ ਕਹੇ, "ਨਹੀਂ ! ਖ਼ੂਬਸੂਰਤੀ ਨੂੰ ਤੋੜਨਾ, ਉਹਨੂੰ ਉਹਦੀ ਜਨਮ-ਜਾਤ ਥਾਂ ਤੋਂ ਵਿਛੋੜਨਾ ਗ਼ਲਤ ਏ। ਏਹ ਖ਼ੂਬਸੂਰਤੀ ਦੀ ਤੌਹੀਨ ਏ।"

ਏਹ ਝਗੜਾ ਬੜੀ ਦੇਰ ਤਕ ਚਲਦਾ ਰਿਹਾ। ਆਖਿਰ ਦਿਮਾਗ਼ ਜਿੱਤ ਗਿਆ ਤੇ ਮੈਂ ਉਹ ਫੁੱਲ ਨਾ ਤੋੜਿਆ।

ਮੇਰੇ ਪੈਰ ਹੋਰ ਅੱਗੇ ਵਧੇ।

ਅੱਗੇ ਵਧਦੇ ਹੋਏ ਮੈਂ ਵੇਖਿਆ, ਕਿ ਜਿਸ ਫੁੱਲ ਨੂੰ ਮੈਂ ਤੋੜਨਾ ਚਾਹੁੰਦਾ ਸਾਂ ਉਹ ਆਪਣੀ ਜਾਨ-ਬਖ਼ਸ਼ੀ ਲਈ ਮੇਰਾ ਸ਼ੁਕਰੀਆ ਅਦਾ ਕਰ ਰਿਹਾ ਸੀ।

ਏਹ ਵੇਖ ਕੇ ਮੈਂ ਵੀ ਆਪਣੇ ਮਨ ਨੂੰ ਤਸੱਲੀ ਦਿੱਤੀ : "ਵੇਖ ਫੁੱਲ ਕਿੰਨਾ ਖੁਸ਼ ਏ। ਤੇਰੇ ਆਖੇ ਲੱਗ ਕੇ ਮੈਂ ਉਹਨੂੰ ਨਹੀਂ ਤੋੜਿਆ, ਏਸ ਲਈ ਉਹ ਫੁੱਲ ਤੇ ਨਹੀਂ, ਉਸ ਪੌਦੇ ਦੇ ਸਾਰੇ ਫੁੱਲਾਂ ਦੇ ਮੁੱਖ ਤੇ ਨਵੀਂ ਜ਼ਿੰਦਗੀ ਆ ਗਈ ਏ।

"ਨਵਾਂ ਖੇੜਾ ਆ ਗਿਆ ਏ
ਉਹ ਪਹਿਲਾਂ ਨਾਲੋਂ ਵੀ ਵੱਧ ਸੋਹਣੇ ਹੋ ਗਏ ਨੇ।"

ਮਨ ਨਾਲ ਏਹੋ ਜਹੀਆਂ ਗੱਲਾਂ ਕਰਦਾ ਮੈਂ ਅੱਗੇ ਵਧਿਆ ਤਾਂ ਹੋਰ ਫੁੱਲਾਂ ਦੀ ਸੁੰਦਰਤਾ ਨਿਹਾਰਦੇ ਨਿਹਾਰਦੇ ਮੈਨੂੰ ਲੱਗਾ, ਜਿਵੇਂ ਉਹ ਪਹਿਲਾ ਫੁੱਲ, ਜਿਸ ਨੂੰ ਮੈਂ ਨਹੀਂ ਤੋੜਿਆ ਸੀ, ਉਹ ਵੀ ਮੇਰੇ ਨਾਲ ਨਾਲ ਆ ਰਿਹਾ ਸੀ। ਫੇਰ ਉਹ ਅੱਗੇ ਵਧਿਆ ਤੇ ਹੋਰ ਫੁੱਲਾਂ ਨਾਲ ਮੇਰਾ ਪਰੀਚੈ ਕਰਵਾਣ ਲੱਗ ਪਿਆ।

ਏਹ ਚੰਮੇਲੀ ਏ, ਏਹ ਗੁਲਾਬ, ਏਹ ਰਾਤ ਦੀ ਰਾਣੀ, ਏਹ ਚੰਬਾ, ਏਹ ਗੁਲਦਾਉਦੀ..."

ਪਤਾ ਨਹੀਂ ਉਹਨੇ ਕਿੰਨੇ ਨਾਂ ਗਿਣਵਾਏ, ਜਿਨ੍ਹਾਂ ਨਾਲ ਉਹਨੇ ਮੇਰਾ ਤੁਆਰਫ਼ ਕਰਵਾਇਆ ਸੀ। ਉਹ ਵੀ ਸਾਰੇ ਦੇ ਸਾਰੇ, ਰਲ ਕੇ ਮੇਰ ਨਾਲ ਨਾਲ ਤੁਰਨ ਲੱਗ ਪਏ। ਮੈਨੂੰ ਲੱਗਦਾ ਸੀ ਜਿਵੇਂ ਫੁੱਲਾਂ ਦਾ ਇਕ ਪੂਰਾ ਕਾਰਵਾਂ ਬਾਗ਼ ਦੇ ਅਗਲੇ ਹਿੱਸੇ ਵੱਲ, ਮੇਰੇ ਨਾਲ ਨਾਲ ਤੁਰ ਰਿਹਾ ਸੀ।

ਰਾਹ ਵਿਚ ਹੋਰ ਵੀ ਕਈ ਕਿਸਮ ਦੇ ਫੁੱਲ ਆਏ, ਤਾਂ ਮੈਂ ਆਪਣੇ ਨਾਲ ਤੁਰਨ ਵਾਲੇ ਫੁੱਲ ਨੂੰ ਕਿਹਾ, "ਏਨ੍ਹਾਂ ਦੇ ਨਾਂਅ ਵੀ ਤਾਂ ਦੱਸੋ ?" ਤਾਂ ਉਸ ਫੁੱਲ ਨੇ ਕਿਹਾ —

"ਜ਼ਿੰਦਗੀ ਵਿਚ ਭਾਂਤ ਭਾਂਤ ਦੀਆਂ ਮਿਲਣ ਵਾਲੀਆਂ ਖੁਸ਼ੀਆਂ ਨੂੰ ਤੁਸੀਂ ਨਾਂਵਾਂ ਨਾਲ ਨਹੀਂ ਪਛਾਣਦੇ, ਸਿਰਫ ਖੁਸ਼ੀ ਹੀ ਕਹਿੰਦੇ ਹੋ। ਸਾਡੀਆਂ ਖੁਸ਼ਬੋਆਂ ਵਿਚ ਵੀ ਦੁਨੀਆਂ ਵਿਚ ਮਿਲਣ ਵਾਲੀਆਂ ਖੁਸ਼ੀਆਂ ਸਿਮਟੀਆਂ ਹੋਈਆਂ ਹਨ। ਏਸ ਲਈ ਏਨ੍ਹਾਂ ਨੂੰ ਕੋਈ ਨਾਂਅ ਨਹੀਂ ਦਿੱਤਾ ਜਾ ਸਕਦਾ।"

ਫੁੱਲ ਦੀ ਏਸ ਗੱਲ ਨੂੰ ਗੌਲਦਾ ਮੈਂ ਪਤਾ ਨਹੀਂ ਕਿੰਨਾ ਚਿਰ ਤੁਰਦਾ ਰਿਹਾ। ਜਿੱਦਾਂ ਖੁਸ਼ੀ ਦੇ ਅਵਸਰ ਤੇ, ਸਮੇਂ ਦੀ ਲੰਬਾਈ ਕੋਈ ਨਹੀਂ ਨਾਪਦਾ,

ਏਸ ਤਰ੍ਹਾਂ ਮੈਂ ਕਹਿ ਸਕਦਾ ਹਾਂ ਕਿ ਫੁੱਲਾਂ ਲੱਦਿਆ ਉਹ ਬਾਗ਼ ਕਿੰਨਾ ਵੱਡਾ ਸੀ।

ਜਿੱਥੇ ਉਹ ਬਾਗ਼ ਖ਼ਤਮ ਹੋਇਆ, ਉਸ ਦੇ ਅੱਗੇ ਬੜੇ ਚੌੜੇ ਪਾਟ ਵਾਲਾ ਦਰਿਆ ਵਗ ਰਿਹਾ ਸੀ। ਪਾਣੀ ਦੇ ਕੰਢੇ ਤੇ ਪੁੱਜ ਕੇ ਇਕ ਫੁੱਲ ਨੇ ਕਿਹਾ —

"ਸਾਡੀਆਂ ਖੁਸ਼ਬੋਆਂ ਨੂੰ ਆਪਣੇ ਅੰਦਰ ਵਸਾਈ ਰੱਖਣਾ। ਜਦ ਤਕ ਏਹ ਖੁਸ਼ਬੋ ਤੁਹਾਡੇ ਅੰਦਰ ਵੱਸੀ ਰਹੇਗੀ, ਤਦ ਤਕ ਤੁਸੀਂ ਸਾਡੇ ਵਾਂਗ ਤਰੋ-ਤਾਜ਼ਾ ਰਹੋਗੇ।"

ਇਕ ਹੋਰ ਫੁੱਲ ਨੇ ਕਿਹਾ, "ਸਾਡੀਆਂ ਖੁਸ਼ਬੋਆਂ ਵਿਚ ਧਰਤੀ ਦੀਆਂ ਖੁਸ਼ਬੋਆਂ ਰਚੀਆਂ-ਵਸੀਆਂ ਨੇ। ਏਹ ਖੁਸ਼ਬੋਆਂ ਜੀਵਨ ਦਾ ਸਰੋਤ ਨੇ। ਜਿੰਨਾਂ ਚਿਰ ਏਹ ਰਚੀਆਂ-ਵਸੀਆਂ ਰਹਿਣਗੀਆਂ, ਓਨਾ ਚਿਰ ਤੁਹਾਡੀਆਂ ਸੱਤੇ-ਖੈਰਾਂ ਨੇ।"

ਫੁੱਲ ਦੀ ਏਹ ਗੱਲ ਸੁਣਦੇ ਸੁਣਦੇ ਮੈਂ ਦਰਿਆ ਦੀਆਂ ਲਹਿਰਾਂ ਵੱਲ ਝਾਤ ਮਾਰੀ।

"ਏਹ ਦਰਿਆ ਜ਼ਿੰਦਗੀ ਦਾ ਦਰਿਆ ਏ।" ਇਕ ਫੁੱਲ ਨੇ ਕਿਹਾ। "ਠੀਕ ਸਾਡੇ ਬਾਗ਼ ਵਾਂਗ। ਜਿਵੇਂ ਅਸੀਂ ਜ਼ਿੰਦਗੀ ਦੇ ਬਾਗ਼ ਦੇ ਫੁੱਲ ਹਾਂ ਤੇ ਸਾਡੇ ਅੰਦਰ ਖੁਸ਼ਬੋ ਹੈ, ਏਸੇ ਤਰ੍ਹਾਂ ਦਰਿਆ ਦੀਆਂ ਲਹਿਰਾਂ ਵਿਚ ਵੀ ਜ਼ਿੰਦਗੀ ਦੌੜ ਰਹੀ ਏ।"

ਮੈਂ ਇਕ ਵਾਰੀ ਫੇਰ ਦਰਿਆ ਦੀਆਂ ਲਹਿਰਾਂ ਵੱਲ ਵੇਖਿਆ ਤਾਂ ਇੰਝ ਲੱਗਿਆ ਜਿਵੇਂ ਹਰ ਲਹਿਰ ਵਿਚ ਅੰਮ੍ਰਿਤ ਦੀ ਧਾਰ ਵਗ ਰਹੀ ਹੋਵੇ। ਉਹਨਾਂ ਦੇ ਕਣ ਕਣ ਵਿਚ ਅੰਮ੍ਰਿਤ ਸਮਾਇਆ ਜਾਪਦਾ ਸੀ।

ਮੇਰੇ ਵੇਖਦੇ ਵੇਖਦੇ ਉਹਨਾਂ ਵਿਚੋਂ ਕੁਝ ਲਹਿਰਾਂ ਜਲ-ਪਰੀਆਂ ਵਿਚ ਢਲ ਗਈਆਂ। ਜਲ-ਪਰੀਆਂ - ਜਿਨ੍ਹਾਂ ਦਾ ਲਾਜਵਾਬ ਰੂਪ ਮੇਰੇ ਮਨ ਨੂੰ ਆਪਣੇ ਵੱਲ ਆਕਰਸ਼ਿਤ ਕਰ ਰਿਹਾ ਸੀ।

"ਆਓ ! ਤੁਹਾਨੂੰ ਜ਼ਿੰਦਗੀ ਦੇ ਦਰਿਆ ਦੀ ਸੈਰ ਕਰਾਈਏ।" ਉਹਨਾਂ 'ਚੋਂ ਸਭ ਤੋਂ ਸੁੰਦਰ ਜਲ-ਪਰੀ ਨੇ ਮੇਰੇ ਹੱਥ ਵਿਚ ਹੱਥ ਪਾ ਕੇ ਕਿਹਾ। ਦੂਜੇ ਹੀ ਪਲ ਅਸੀਂ ਦਰਿਆ ਦੀਆਂ ਲਹਿਰਾਂ ਦੇ ਉਤੇ ਤੁਰ ਰਹੇ ਸਾਂ। ਮੇਰੇ ਲਈ ਏਹ ਬੜੇ ਅਚੰਭੇ ਵਾਲੀ ਗੱਲ ਸੀ। ਮੈਨੂੰ ਬੜਾ ਹੀ ਚੰਗਾ ਚੰਗਾ ਲੱਗ ਰਿਹਾ ਸੀ। ਏਨੇ 'ਚ ਮੈਂ ਮਹਿਸੂਸ ਕੀਤਾ ਕਿ ਉਹ ਮੇਰੇ ਨਾਲ ਢੁੱਕ ਕੇ ਚਲ ਰਹੀ ਏ। ਅਸੀਂ ਦਰਿਆ ਦੇ ਮੱਧ ਵਲ ਜਾ ਰਹੇ ਸਾਂ। ਪੋਲੇ ਪੋਲੇ ਪੈਰੀਂ ਤੁਰਦੇ ਜਦ ਅਸੀਂ ਦਰਿਆ ਦੇ ਵਿਚਕਾਰ ਜਹੇ ਪਹੁੰਚੇ ਤਾਂ ਉਥੋਂ ਦਾ ਦ੍ਰਿਸ਼ ਵੇਖਣ ਹੀ ਵਾਲਾ ਸੀ।

ਇਕ ਤੇ ਦਰਿਆ ਦੀ ਰਵਾਨੀ ਦੀ ਸੁੰਦਰਤਾ

ਦੂਜੇ ਮੇਰੇ ਦੁਆਲੇ ਜਲ-ਪਰੀਆਂ ਦਾ ਘੇਰਾ

ਤੀਜੀ, ਉਸ ਜਲ-ਪਰੀ ਦੇ ਤਨ ਦੀ ਛੋਹ, ਜੇਹੜੀ ਮੇਰੇ ਹੱਥ ਵਿਚ ਹੱਥ ਪਾ ਕੇ ਢੁੱਕ ਕੇ ਮੇਰੇ ਨਾਲ ਖਲੋਤੀ ਸੀ, ਏਸ ਸਭ ਦੀ ਮਿਲੀ-ਜੁਲੀ ਖਿੱਚ ਨੇ ਮੇਰੇ ਮਨ ਤੇ ਮੇਰੇ ਤਨ 'ਤੇ ਨਸ਼ਾ ਜਿਹਾ ਕਰ ਦਿੱਤਾ। ਏਸੇ ਨਸ਼ੇ ਵਿਚ ਮੈਨੂੰ ਫੁੱਲਾਂ ਦੀ ਕਹੀ ਹੋਈ ਗੱਲ ਚੇਤੇ ਨਾ ਰਹੀ ਕਿ ਸਾਡੀ ਖੁਸ਼ਬੋ ਨੂੰ ਆਪਣੇ ਅੰਦਰ ਸਾਂਭ ਕੇ ਰੱਖਣਾ। ਤੁਹਾਡੀਆਂ ਸੱਤੇ-ਖੈਰਾਂ ਰਹਿਣਗੀਆਂ।

ਏਹ ਗੱਲ ਯਾਦ ਵੀ ਕਿਵੇਂ ਰਹਿੰਦੀ ? ਜਲ-ਪਰੀ ਦੀ ਸੁੰਦਰਤਾ ਨੂੰ ਵੇਖ ਵੇਖ ਮੇਰਾ ਮਨ ਕਹਿ ਰਿਹਾ ਸੀ - ਏਸ ਸੁੰਦਰਤਾ ਨੂੰ ਰੱਜ ਰੱਜ ਕੇ ਮਾਣਾਂ।

ਮੇਰੇ ਮਨ ਦੀ ਏਹ ਖਾਹਿਸ਼ ਮੈਲ ਬਣ ਕੇ ਮੇਰੀਆਂ ਅੱਖਾਂ ਵਿਚ ਭਰ ਗਈ ਤੇ ਮੈਂ ਅਰਥ-ਭਰਪੂਰ ਨਜ਼ਰਾਂ ਨਾਲ ਜਲ-ਪਰੀ ਵੱਲ ਵੇਖਿਆ।

ਮੇਰੇ ਮਨ ਦੀ ਮੈਲ ਨੂੰ ਜਲ-ਪਰੀ ਨੇ ਪਛਾਣ ਲਿਆ, ਤਾਂ ਉਹਨੇ ਉਸੇ ਵੇਲੇ ਮੇਰੇ ਹੱਥ ਨੂੰ ਛੱਡਿਆ, ਆਪਣੇ ਤਨ ਨੂੰ ਫੇਰ ਪਾਣੀ ਵਿਚ ਢਾਲਿਆ ਤੇ ਮੇਰੇ ਵੇਖਦੇ ਹੀ ਵੇਖਦੇ ਦਰਿਆ ਦੀਆਂ ਲਹਿਰਾਂ ਨਾਲ ਇਕਮਿਕ ਹੋ ਗਈ। ਉਸ ਦੇ ਨਾਲ ਹੀ ਦੂਜੀਆਂ ਜਲ-ਪਰੀਆਂ ਵੀ ਪਾਣੀ ਵਿਚ ਅਲੋਪ ਹੋ ਗਈਆਂ।

ਫੇਰ ਏਹ ਹੋਇਆ ਕਿ ਮੈਂ ਜੋ ਹੁਣ ਤਕ ਲਹਿਰਾਂ ਦੇ ਉਤੇ ਉਤੇ ਤੁਰਦਾ ਦਰਿਆ ਦੇ ਮੱਧ ਵਿਚ ਪਹੁੰਚਿਆ ਸਾਂ, ਉਹਨਾਂ ਲਹਿਰਾਂ ਨੇ ਮੇਰੇ ਮੈਲੇ ਮਨ ਵਾਲੇ ਸਰੀਰ ਦੇ ਭਾਰ ਨੂੰ ਚੁੱਕਣ ਤੋਂ ਇਨਕਾਰ ਕਰ ਦਿੱਤਾ ਤੇ ਚੁੱਪਚਾਪ ਮੇਰੇ ਪੈਰਾਂ ਥੱਲਿਉਂ ਖਿਸਕ ਗਈਆਂ। ਪੈਰਾਂ ਥੱਲਿਉਂ ਉਹ ਲਹਿਰਾਂ ਖਿਸਕੀਆਂ ਤਾਂ ਮੈਂ ਦਰਿਆ ਵਿਚ ਥੱਲੇ ਹੀ ਥੱਲੇ ਜਾਣ ਲੱਗਾ।

ਥੱਲੇ ਵੱਲ ਜਾਂਦਿਆਂ ਮੇਰੀ ਨਜ਼ਰ ਪਾਣੀ ਵਿਚ ਝਿਲਮਿਲ ਝਿਲਮਿਲ ਕਰਦੇ ਹੀਰੇ, ਮੋਤੀਆਂ 'ਤੇ ਪਈ ਤਾਂ ਮੈਨੂੰ ਏਹ ਅਹਿਸਾਸ ਹੋਇਆ ਕਿ ਜੇ ਮੈਂ ਆਪਣੀ ਗ਼ਲਤੀ ਦੇ ਕਾਰਨ ਡੁੱਬ ਨਾ ਰਿਹਾ ਹੁੰਦਾ ਤਾਂ ਏਹ ਹੀਰੇ ਮੋਤੀ ਮੇਰੀ ਜ਼ਿੰਦਗੀ ਨੂੰ ਮਾਲਾਮਾਲ ਕਰ ਦੇਂਦੇ।

ਪਰ ਹੁਣ ਪਛਤਾਣ ਦਾ ਵੀ ਅਵਸਰ ਨਹੀਂ ਸੀ — ਮੈਂ ਜੋ ਪਲੋ-ਪਲ ਜ਼ਿੰਦਗੀ ਦੀ ਝਿਲਮਿਲ ਤੋਂ ਦੂਰ ਰਸਾਤਲ ਵੱਲ ਜਾ ਰਿਹਾ ਸਾਂ।

ਤੱਦੇ ਮੇਰੇ ਕੰਨਾਂ ਵਿਚ ਆਵਾਜ਼ ਪਈ। ਆਵਾਜ਼ ਜੇਹੜੀ ਮੈਨੂੰ ਲੱਗਦਾ ਸੀ ਕਿ ਆਕਾਸ਼ ਦੀਆਂ ਉਚਾਈਆਂ ਤੋਂ ਉਤਰ ਕੇ ਪਾਣੀ ਦੀਆਂ ਗਹਿਰਾਈਆਂ ਨੂੰ ਚੀਰ ਕੇ ਮੇਰੇ ਤਕ ਪੁੱਜ ਰਹੀ ਸੀ —

"ਇਕ ਵਾਰ ਬਹਿਸ਼ਤ ਦੇ ਬਾਗ਼ 'ਚੋਂ ਸੇਬ ਤੋੜਨ ਦੀ ਸਜ਼ਾ ਦੇ ਤੋਰ ਤੇ ਤੈਨੂੰ ਧਰਤੀ 'ਤੇ ਭੇਜਿਆ ਗਿਆ ਸੀ। ਧਰਤੀ 'ਤੇ ਰਹਿੰਦੇ ਹੋਏ ਤੂੰ ਪੁਰਾਣੇ

ਅਨੁਭਵ ਤੋਂ ਕੁਝ ਨਹੀਂ ਸਿੱਖਿਆ। ਉਹ ਗ਼ਲਤੀ ਏਥੇ ਵੀ ਦੁਹਰਾਣ ਦੀ ਖਾਹਿਸ਼ ਤੇਰੇ ਅੰਦਰ ਮਚਲ ਪਈ।

"ਏਸੇ ਲਈ ਹੁਣ ਤੈਨੂੰ ਧਰਤੀ ਤੋਂ ਵੀ ਬਹੁਤ ਥੱਲੇ ਪਤਾਲ ਦਾ ਵਾਸੀ ਬਣਾ ਕੇ ਭੇਜਿਆ ਜਾ ਰਿਹਾ ਏ।"

ਜਿੱਥੇ ਮੈਂ ਹੁਣ ਪੁੱਜਿਆ ਹਾਂ, ਮੇਰੇ ਚਾਰੇ ਪਾਸੇ ਭਾਂਤ ਭਾਂਤ ਦੇ ਸੱਪ ਫੂੰਕਾਰੇ ਮਾਰਦੇ ਪਏ ਨੇ, ਤੇ ਹਰ ਪਾਸੇ ਏਨਾ ਸੰਘਣਾ ਹਨੇਰਾ ਪੱਸਰਿਆ ਏ ਕਿ ਨਿਜਾਤ ਦੀ ਕੋਈ ਰਾਹ ਸੁਝਾਈ ਨਹੀਂ ਦੇਂਦੀ।

# ਸਭ ਤੋਂ ਵੱਡੀ ਖੁਸ਼ੀ

"ਅੱਜ ਕੋਈ ਵੱਡੀ ਖੁਸ਼ੀ ਦੀ ਖਬਰ ਮਿਲਣੀ ਚਾਹੀਦੀ ਏ" ਸਵੇਰੇ ਜਾਗਦੇ ਸਾਰ ਹੀ ਉਹਦਾ ਦਿਲ ਕਹਿ ਰਿਹਾ ਸੀ।

ਨਹੀਂ ! ਉਹਨੇ ਕੋਈ ਚੰਗਾ ਸੁਫਨਾ ਨਹੀਂ ਸੀ ਵੇਖਿਆ, ਜਿਹਦੀ ਵਜ੍ਹਾ ਨਾਲ ਦਿਲ ਵਿਚ ਏਹ ਖਾਹਿਸ਼ ਉੱਭਰੀ ਹੋਵੇ। ਬਸ, ਮਨ ਦੀ ਮੌਜ। ਖਿਆਲ ਆ ਗਿਆ, ਸੋ ਆ ਗਿਆ।

ਏਸੇ ਖਿਆਲ ਨਾਲ ਉਹ ਪ੍ਰਸੰਨ ਚਿੱਤ ਤਾਂ ਹੋਇਆ ਹੀ, ਨਾਲ ਹੀ ਏਸ ਖੁਸ਼ੀ ਦੀ ਉਡੀਕ ਵੀ ਕਰਨ ਲੱਗ ਪਿਆ।

ਕੀ ਖਬਰ ਹੋ ਸਕਦੀ ਏ ? ਕੇਹੜੀ ਖੁਸ਼ੀ ਮਿਲ ਸਕਦੀ ਏ ?

ਕਿਸੇ ਛੁਪੀ ਹੋਈ ਮਨੋਕਾਮਨਾ ਦੀ ਪੂਰਤੀ ?

ਜ਼ਿੰਦਗੀ ਵਿਚ ਕੋਈ ਅਜੇਹੀ ਤਬਦੀਲੀ, ਜੇਹੜੀ ਕੱਖ ਨੂੰ ਲੱਖ ਬਣਾ ਦੇਵੇ ?

ਇੰਝ, ਉਹਨੇ ਆਪਣੀ ਕਲਪਨਾ ਦੇ ਘੋੜੇ ਕਈ ਪਾਸੇ ਦੌੜਾਏ ਤੇ ਓੜਕ... ਏਹ ਕਹਿ ਕੇ ਉਹਨਾਂ ਦੀ ਲਗਾਮ ਖਿੱਚ ਲਈ ਕਿ ਛੋਟੇ ਬੱਚੇ ਦੀ ਸੋਚ ਵੀ ਛੋਟੀ, ਮੰਗਾਂ ਵੀ ਛੋਟੀਆਂ ਛੋਟੀਆਂ...ਜਿਵੇਂ ਕੋਈ ਫ਼ਕੀਰ, ਇਕ ਵੇਲੇ ਦੀ ਰੱਜਵੀਂ ਰੋਟੀ ਮਿਲਣ ਤੇ ਏਨਾਂ ਖੁਸ਼ ਹੋ ਜਾਵੇ, ਜਿੰਨਾ ਕੋਈ ਬਾਦਸ਼ਾਹ ਵੱਡਾ ਖਜ਼ਾਨਾ ਮਿਲ ਜਾਣ 'ਤੇ ਖੁਸ਼ ਹੁੰਦਾ ਏ।

"ਨਹੀਂ ਮੈਨੂੰ ਕੁਝ ਨਹੀਂ ਸੋਚਣਾ ਚਾਹੀਦਾ। ਕੁਦਰਤ ਬੜੀ ਬੇਅੰਤ ਏ। ਉਹ ਕ਼ਤਰੇ ਨੂੰ ਦਰਿਆ ਬਣਾ ਦੇਂਦੀ ਏ ਤੇ ਦਰਿਆ ਨੂੰ ਸਾਗਰ। ਕੀ ਪਤਾ ? ਉਹ ਮੈਨੂੰ ਕੇਡੀ ਵੱਡੀ ਖੁਸ਼ੀ ਦੇਣ ਵਾਲੀ ਏ ! ਏਸ ਲਈ ਸਭ ਕੁਦਤਰ ਤੇ ਛੱਡਿਆ।"

ਏਸ ਤਰ੍ਹਾਂ ਸਭ ਕੁਝ ਕੁਦਰਤ ਤੇ ਛੱਡ ਕੇ, ਉਹ ਉਡੀਕ ਕਰਨ ਲੱਗਾ, ਉਸ ਖੁਸ਼ੀ ਦੀ, ਜਿਸ ਦੀ ਕਲਪਨਾ ਉਹਦੇ ਦਿਲ ਵਿਚ ਅਚਾਨਕ ਹੀ ਪੈਦਾ ਹੋਈ ਸੀ।

ਸਮਾਂ ਟਿਕ ਟਿਕ ਕਰਦਾ ਆਪਣੀ ਤੋਰੇ ਤੁਰਦਾ ਰਿਹਾ।

ਕਦੇ ਕਦੇ ਉਹਦੇ ਦਿਲ ਵਿਚ ਖੁਸ਼ੀ ਦੇ ਵਾਜੇ ਵੱਜਣ ਲੱਗ ਪੈਂਦੇ—ਉਨ੍ਹਾਂ

ਦੀ ਸੁਰੀਲੀ ਧੁਨ 'ਤੇ ਮਨ ਵਿਚ ਖੁਸ਼ੀ ਦੀਆਂ ਤਾਰਾਂ ਉੱਠਣ ਲੱਗਦੀਆਂ। ਫੇਰ ਉਹਦੀ ਨਜ਼ਰ ਦਿਸਹੱਦੇ ਵੱਲ ਉੱਠ ਜਾਂਦੀ।

"ਵੇਖਾਂ ਕਿਹੜੀ ਖੁਸ਼ੀ ਅਸਮਾਨਾਂ ਤੋਂ ਉਤਰ ਕੇ, ਮੇਰੇ ਵੱਲ ਆ ਰਹੀ ਏ। ਜਦ ਕੁਝ ਦਿਖਾਈ ਨਾ ਦੇਂਦਾ ਤਾਂ ਦਿਲ ਵਿਚ ਵੱਜਦੇ ਸਾਜ਼, ਆਪਣੇ-ਆਪ ਖਾਮੋਸ਼ ਹੋ ਜਾਂਦੇ।

ਵਾਜੇ ਹੀ ਖਾਮੋਸ਼ ਹੁੰਦੇ।

ਪਰ ਮਿਲਣ ਵਾਲੀ ਖੁਸ਼ੀ ਦੀ ਖਾਹਿਸ਼, ਉਹਦੇ ਦਿਲ ਵਿਚ ਉਸੇ ਤਰ੍ਹਾਂ ਮਚਲਦੀ ਰਹਿੰਦੀ। ਮਚਲਦੀ ਮਚਲਦੀ ਕਿਸੇ ਵੇਲੇ ਭੜਥੂ ਪਾਣ ਲੱਗਦੀ, ਤਾਂ ਉਹ ਆਪਣੇ ਆਪ ਨੂੰ ਸਮਝਾਂਦਾ।

"ਸ਼ਾਂਤ ਰਹੋ ਮਨਾ ! ਸ਼ਾਂਤ। ਆਉਣ ਵਾਲੀ ਖੁਸ਼ੀ ਦਾ ਸਵਾਗਤ ਕਰਨ ਲਈ ਸ਼ਾਂਤ ਰਹੋ।"

ਏਦਾਂ ਸੋਚ ਕੇ ਉਹਦੇ ਦਿਲ ਵਿਚ ਭਰੋਸਾ ਜਾਗਦਾ। ਉਹਨੂੰ ਧੀਰਜ ਮਿਲਦੀ। ਏਸ ਮਨੋਸਥਿਤੀ ਵਿਚ ਆ ਕੇ ਉਹ ਆਪਣੇ-ਆਪ ਨੂੰ ਬੜਾ ਹੌਲਾ ਫੁੱਲ ਮਹਿਸੂਸ ਕਰਦਾ, ਜਿਵੇਂ ਉਹ ਤੁਰ ਨਹੀਂ ਰਿਹਾ—ਹਵਾ ਵਿਚ ਤੈਰ ਰਿਹਾ ਏ। ਹਵਾ ਵਿਚ ਤੈਰਦਾ ਤੈਰਦਾ ਪਤਾ ਨਹੀਂ ਉਹ ਕੇਹੜੇ ਅਸਮਾਨਾਂ ਵਿਚ ਪੁੱਜ ਜਾਂਦਾ, ਜਿੱਥੇ ਹਰ ਪਾਸੇ ਖੁਸ਼ੀਆਂ ਹੀ ਖੁਸ਼ੀਆਂ ਖਿੱਲਰੀਆਂ ਪਈਆਂ ਹੋਣ। ਉਹ ਕਲਪਨਾ ਹੀ ਕਲਪਨਾ ਵਿਚ ਉਹਨਾਂ ਖੁਸ਼ੀਆਂ ਨਾਲ ਆਪਣੀ ਝੋਲੀ ਭਰਦਾ ਤਾਂ ਤੱਦੇ ਉਹਨੂੰ ਹੋਰ ਵੱਡੀਆਂ ਖੁਸ਼ੀਆਂ ਚਮਕਦੀਆਂ ਨਜ਼ਰੀਂ ਪਈਆਂ।

ਉਹ ਆਪਣੀ ਝੋਲੀ ਖਾਲੀ ਕਰ ਕੇ ਵੱਡੀਆਂ ਖੁਸ਼ੀਆਂ ਨਾਲ ਭਰਦਾ —

ਫੇਰ ਉਨ੍ਹਾਂ ਤੋਂ ਵੱਡੀਆਂ — ਫੇਰ ਉਹਨਾਂ ਤੋਂ ਵੀ ਹੋਰ ਵੱਡੀਆਂ ਖੁਸ਼ੀਆਂ... ਉਹਨੇ ਕਈ ਵਾਰੀ ਝੋਲੀਆਂ ਭਰੀਆਂ ਤੇ ਖਾਲੀ ਕੀਤੀਆਂ। ਖਾਲੀ ਕੀਤੀਆਂ ਤੇ ਭਰੀਆਂ।

ਕਲਪਨਾ ਵਿਚ ਖੁਸ਼ੀਆਂ ਨਾਲ ਝੋਲੀਆਂ ਭਰਦਿਆਂ, ਅੱਜ ਉਹਨੂੰ ਆਪਣੇ ਸਾਰੇ ਕੰਮ ਚੰਗੇ ਚੰਗੇ ਲੱਗਦੇ ਸਨ।

ਫਿੱਕਾ ਪਾਣੀ ਪੀਂਦਾ ਤਾਂ ਲੱਗਦਾ ਜਿਵੇਂ ਮਿੱਠਾ ਸ਼ਰਬਤ ਹੋਵੇ।

ਲੂਣੀ ਰੋਟੀ ਖਾ ਕੇ, ਉਹਨੇ ਪਕਵਾਨਾਂ ਵਰਗਾ ਸਵਾਦ ਮਾਣਿਆ।

ਦੁਪਹਿਰ ਦੀ ਰੋਟੀ ਖਾ ਕੇ ਕੁਝ ਦੇਰ ਲਈ ਉਹਦੀ ਅੱਖ ਲੱਗੀ ਤਾਂ ਏਨੀ ਸੋਹਣੀ ਸੁਫਨਿਆਂ ਦੀ ਦੁਨੀਆਂ ਵਿਚ ਪਹੁੰਚ ਗਿਆ ਜਿਹੜੀ ਉਹਨੇ ਕਦੀ ਕਲਪਨਾ ਵੀ ਨਹੀਂ ਕੀਤੀ ਸੀ। ਕਈ ਖੁਸ਼ੀਆਂ ਨਾਚੀਆਂ ਬਣ ਕੇ ਉਹਦੇ ਸਾਮ੍ਹਣੇ ਨੱਚ ਰਹੀਆਂ ਸਨ।

ਏਨ੍ਹਾਂ 'ਚੋਂ ਕੇਹੜੀ ਖੁਸ਼ੀ ਮੇਰੀ ਏ ? ਉਹ ਸੋਚਦਾ। ਫੇਰ ਸੋਚਦਾ ਨਹੀਂ। ਏਹ ਫੈਸਲਾ ਕਰਨਾ ਕੁਦਰਤ ਦਾ ਕੰਮ ਏ। ਕੀ ਪਤਾ ? ਏਨ੍ਹਾਂ ਤੋਂ ਵੀ ਕਿਤੇ

ਵੱਧ ਸੋਹਣੀ ਖੁਸ਼ੀ ਮੈਨੂੰ ਮਿਲਣ ਵਾਲੀ ਹੋਵੇ। ਕੁਦਰਤ ਦੇ ਖਜ਼ਾਨੇ ਭਰੇ ਹੋਏ ਨੇ। ਮੈਨੂੰ ਕੁਦਰਤ ਤੇ ਪੂਰਾ ਵਿਸ਼ਵਾਸ ਏ।

ਏਹੋ ਵਿਸ਼ਵਾਸ ਲੈ ਕੇ ਉਹ ਪ੍ਰਸੰਨ-ਚਿੱਤ ਜਾਗਿਆ ਤਾਂ ਦੁਪਹਿਰ ਢਲ ਗਈ ਸੀ — ਦੁਪਹਿਰ ਢਲੀ ਸੀ — ਪਰ ਖੁਸ਼ੀ ਮਿਲਣ ਦਾ ਚਾਅ ਆਪਣੇ ਪੂਰੇ ਸਿਖਰ 'ਤੇ ਸੀ।

ਜਿਉਂ ਜਿਉਂ ਘੜੀਆਂ-ਪਲ ਅੱਗੇ ਵਧ ਰਹੇ ਸਨ — ਏਸ ਸਿਖਰ ਵਿਚ ਹੋਰ ਚਮਕ, ਹੋਰ ਕਸ਼ਿਸ਼ ਪੈਦਾ ਹੋਈ। ਉਹ ਉਤਸੁਕਤਾ ਨਾਲ ਇੰਤਜ਼ਾਰ ਕਰਨ ਲੱਗਾ।

ਉਹਨੇ ਬਾਹਰ ਜਾ ਕੇ ਵੇਹੜੇ ਵਿਚ ਵੇਖਿਆ। ਸ਼ਾਇਦ ਕੋਈ ਚਿੱਠੀ ਸੁਖ-ਸੁਨੇਹਾ ਲੈ ਕੇ ਆਈ ਹੋਵੇ।

ਚਿੱਠੀ ਤਾਂ ਕੋਈ ਨਹੀਂ ਸੀ।

ਸਾਮ੍ਹਣੇ ਗਲੀ ਵਿਚ ਪਰਛਾਵੇਂ ਢਲਦੇ ਵੇਖ ਕੇ ਉਹਦੇ ਦਿਲ ਵਿਚ ਖਿਆਲ ਆਇਆ...ਕਿਤੇ...

"ਨਹੀਂ ! ਨਹੀਂ ! ਮੈਨੂੰ ਇੰਝ ਨਹੀਂ ਸੋਚਣਾ ਚਾਹੀਦਾ। ਖੁਸ਼ੀ ਮਿਲੇਗੀ — ਜ਼ਰੂਰ ਮਿਲੇਗੀ।" ਉਹਦਾ ਦਿਲ ਕਹਿ ਰਿਹਾ ਸੀ।

ਉਹ ਉਤਾਵਲਾ ਹੋ ਕੇ ਉਡੀਕ ਕਰਨ ਲੱਗਾ।

ਏਸ ਉਡੀਕ ਵਿਚ ਖੁਸ਼ੀ ਦੇ ਮਿਲਣ ਦਾ ਚਾਅ ਵੀ ਸੀ — ਪਰ ਕਿਤੇ ਕਿਤੇ ਮਨ ਵਿਚ ਤੌਖਲਾ ਵੀ ਸੀ — ਜੇ ਗੱਲ ਸੱਚੀ ਨਹੀਂ ਨਿਕਲੀ ਤਾਂ ?...ਸੱਚ ਹੋਵੇਗੀ — ਉਹ ਸਹਿਮੇ ਜਹੇ ਦਿਲ ਨਾਲ ਆਪਣੇ ਆਪ ਨੂੰ ਧੀਰਜ ਦੇਂਦਾ।

ਕਦੇ ਆਸ ਦੇ ਪਲ — ਕਦੇ ਤੌਖਲਾ
ਕਦੇ ਤੌਖਲਾ -- ਕਦੇ ਆਸ ਦੇ ਪਲ
ਸਮਾਂ ਬੀਤਦਾ ਰਿਹਾ, ਬੀਤਦਾ ਰਿਹਾ, ਬੀਤਦਾ ਰਿਹਾ...

ਉਹਨੇ ਇਕ ਵਾਰ ਫੇਰ ਆਸ ਭਰੀਆਂ ਨਜ਼ਰਾਂ ਨਾਲ ਅਸਮਾਨ ਵੱਲ ਵੇਖਿਆ ਸੀ। ਖੁਸ਼ੀ ਤੇ ਕੋਈ ਨਜ਼ਰ ਨਾ ਆਈ — ਹਨੇਰਾ ਉਤਰਦਾ ਦਿਸਿਆ — ਪਲੋ-ਪਲ ਉਤਰਦੇ ਹਨੇਰੇ ਦੇ ਨਾਲ ਹੀ ਉਤਰਦੀ ਉਹਦੀ ਨਜ਼ਰ ਸਾਮ੍ਹਣੇ ਗਲੀ ਵੱਲ ਗਈ।

ਢਲਦੀਆਂ ਸ਼ਾਮਾਂ ਆਪਣਾ ਪਹਿਰਾ ਮੁਕਾ ਕੇ ਜਾ ਰਹੀਆਂ ਸਨ ਤੇ ਤਿੱਖੀ ਪੈਰੀਂ ਤੁਰਦੀਆਂ ਤ੍ਰਿਕਾਲਾਂ ਆ ਰਹੀਆਂ ਸਨ ਤੇ ਇਕ ਤਾਰਾ ਚਮਕ ਪਿਆ ਸੀ।

ਤਾਰੇ ਦੀ ਚਮਕ ਨੂੰ ਵੇਖ ਕੇ ਉਹਦੇ ਦਿਲ ਵਿਚ ਦਮਕਦਾ, ਖੁਸ਼ੀ ਦੇ ਮਿਲਣ ਦਾ ਦੀਵਾ ਫੜਫੜਾ ਕੇ ਬੁਝ ਗਿਆ।

ਓ ਮੇਰੇ ਰੱਬਾ ! ਏਹ ਕਿਹੋ ਜਿਹਾ ਛਲਾਵਾ ਸੀ — ਮੇਰੇ ਦਿਲ ਵਿਚ

ਖੁਸ਼ੀ ਦੇ ਮਿਲਣ ਦਾ ਸੁਫਨਾ ਕਿਉਂ ਆਇਆ ਸੀ ?

ਉਹਨੇ ਏਦਾਂ ਸੋਚਿਆ ਜ਼ਰੂਰ। ਪਰ ਹਾਲੀ ਵੀ ਜਿਵੇਂ ਉਹਦੇ ਦਿਲ ਨੇ ਜਿਵੇਂ ਖੁਸ਼ੀ ਦੇ ਮਿਲਣ ਦੀ ਆਸ ਨਹੀਂ ਤੋੜੀ ਸੀ। ਏਸ ਆਸ ਨੂੰ ਮਨ ਵਿਚ ਰੱਖ ਕੇ, ਉਹਨੇ ਇਕ ਵਾਰੀ ਫੇਰ ਉਪਰ ਅਸਮਾਨ ਵੱਲ ਵੇਖਿਆ।

ਹੁਣ ਉਥੇ ਕਿੰਨੇ ਹੀ ਤਾਰੇ ਚਮਕ ਰਹੇ ਸਨ ਤਾਂ ਉਨ੍ਹਾਂ 'ਚੋਂ ਇਕ ਤਾਰਾ ਕੁਝ ਵੱਧ ਹੀ ਚਮਕ ਰਿਹਾ ਸੀ। ਏਸ ਤਾਰੇ ਦੀ ਚਮਕ ਵੱਲ ਗਹੁ ਨਾਲ ਵੇਖਦੇ ਵੇਖਦੇ ਉਹਦੇ ਦਿਲ ਵਿਚ ਇਕ ਖਿਆਲ ਚਮਕਿਆ।

"ਖੁਸ਼ੀ ਮਿਲ ਤਾਂ ਗਈ ?"

"ਕਿਵੇਂ ?" ਉਹਨੇ ਆਪਣੇ ਆਪ ਨੂੰ ਪੁੱਛਿਆ।

"ਤੂੰ ਸਾਰਾ ਦਿਨ ਖੁਸ਼ ਖੁਸ਼ ਰਿਹਾ। ਸਾਰਾ ਦਿਨ। ਆਪਣੀ ਜ਼ਿੰਦਗੀ ਵਿਚ ਝਾਤ ਮਾਰ ਕੇ ਵੇਖ। ਕੀ ਕਦੇ ਤੂੰ ਏਨਾ ਖੁਸ਼ ਰਿਹੈਂ ?"

"ਨਹੀਂ ਰਿਹਾ।"

"ਏਸ ਦੁੱਖਾਂ ਭਰੀ ਦੁਨੀਆਂ ਵਿਚ ਤੂੰ ਅੱਜ ਸਾਰਾ ਦਿਨ ਖੁਸ਼ ਰਿਹਾ ਅਤੇ ਸਭ ਤੋਂ ਵੱਡੀ ਗੱਲ ਏਹ ਕਿ...ਅੱਜ ਕੋਈ ਦੁੱਖ ਤੇਰੇ ਲਾਗੇ ਨਹੀਂ ਆਇਆ। ਏਸ ਤੋਂ ਵੱਡੀ ਖੁਸ਼ੀ ਹੋਰ ਕੀ ਹੋ ਸਕਦੀ ਏ ?"

# ਨਿੱਕੀ ਜਿੰਨੀ ਗੱਲ

ਬੱਸ ਦੀ ਟਿਕਟ ਦੇ ਛੇ ਪੈਸੇ ਲੱਗਦੇ ਨੇ, ਪਰ ਮੈਂ ਕੰਡਕਟਰ ਨੂੰ ਪੰਜ ਪੈਸੇ ਹੀ ਦੇਣਾ ਚਾਹੁੰਦਾ ਸਾਂ। ਇਸ ਲਈ ਜਦ ਕੰਡਕਟਰ ਟਿਕਟ ਦੇਣ ਲਈ ਆਇਆ ਤਾਂ ਮੈਂ ਉਹਦੇ ਵੱਲ ਖਾਸ ਨਜ਼ਰਾਂ ਨਾਲ ਵੇਖਿਆ ਜਿਸ ਦਾ ਭਾਵ ਸੀ "ਕਿਉਂ ਮੇਰਾ ਇਕ ਵਾਧੂ ਪੈਸਾ ਖਰਚ ਕਰਵਾਨਾ ਏਂ ਤੇ ਫੇਰ ਇਸ ਤਰ੍ਹਾਂ ਤੇਰਾ ਵੀ ਤਾਂ ਪੰਜ ਪੈਸੇ ਦਾ ਘਾਟਾ ਹੈ।" ਪਰ ਕੰਡਕਟਰ ਨੇ ਮੇਰੇ ਭਾਵ ਸਮਝੇ ਬਿਨਾਂ ਹੀ ਟਿਕਟ ਦੇ ਪੈਸੇ ਲੈਣ ਲਈ ਮੇਰੇ ਵੱਲ ਹੱਥ ਵਧਾ ਦਿੱਤਾ।

"ਹਾਂ ਤੋ ਕਹਾਂ ਜਾਏਂਗੇ ਆਪ ?" ਉਹ ਮੈਨੂੰ ਸੰਬੋਧਨ ਕਰ ਰਿਹਾ ਸੀ।

"ਮੈਂ ! ਮੈਂ ਅਜੇ ਸੋਚ ਰਿਹਾ ਹਾਂ ਕਿ ਕਿੱਥੇ ਤਕ ਜਾਵਾਂ !" ਏਹ ਕਹਿ ਕੇ ਮੈਂ ਉਸ ਨੂੰ ਟਾਲ ਦਿੱਤਾ। ਹਾਲਾਂਕਿ ਮੈਂ ਚੰਗੀ ਤਰ੍ਹਾਂ ਜਾਣਦਾ ਸਾਂ ਕਿ ਅਗਲੇ ਚੌਂਕ 'ਤੇ ਉਤਰਨਾ ਹੈ। ਮੈਂ ਦਰਅਸਲ ਚਾਂਹਦਾ ਏਹ ਸਾਂ ਕਿ ਮੇਰੇ ਟਿਕਟ ਖਰੀਦਣ ਤੋਂ ਪਹਿਲਾਂ ਹੀ ਬੱਸ ਜਵਾਹਰ ਚੌਂਕ ਪਹੁੰਚ ਜਾਵੇ, ਜਿਥੇ ਮੈਂ ਉਤਰਨਾ ਹੈ। ਉਥੇ ਮੈਂ ਅਡੋਲ ਹੀ ਪੰਜ ਪੈਸੇ ਦਾ ਸਿੱਕਾ ਕੰਡਕਟਰ ਦੀ ਮੁੱਠੀ ਵਿਚ ਰੱਖਾਂਗਾ ਤੇ ਉਤਰ ਜਾਵਾਂਗਾ। ਚਲੋ ਦੋਵਾਂ ਦਾ ਭਲਾ ! ਮੇਰਾ ਇਕ ਪੈਸਾ ਬਚ ਗਿਆ ਤੇ ਕੰਡਕਟਰ ਨੂੰ ਪੰਜ ਪੈਸੇ ਬਚ ਗਏ। ਟਿਕਟ ਜੋ ਮੈਂ ਉਹਦੇ ਕੋਲੋਂ ਨਹੀਂ ਲੈਂਦਾ। ਏਦਾਂ ਮੈਂ ਅਕਸਰ ਕਰਦਾ ਹਾਂ। ਦਿਨ ਵਿਚ ਦੋ-ਤਿੰਨ ਵਾਰ ਵੀ। ਇਸ ਤਰ੍ਹਾਂ ਹਰ ਵਾਰ ਮੇਰਾ ਇਕ ਪੈਸਾ ਬਚ ਜਾਂਦਾ ਹੈ। ਵੈਸੇ ਮਾਲੀ ਤੌਰ ਤੇ ਬਚੇ ਹੋਏ ਇਸ ਇਕ ਪੈਸੇ ਨਾਲ ਬਹੁਤਾ ਫਰਕ ਨਹੀਂ ਪੈਂਦਾ। ਮੈਨੂੰ ਤਿੰਨ ਸੌ ਰੁਪਏ ਤਨਖਾਹ ਮਿਲਦੀ ਏ। ਵਾਹਵਾ ਗੁਜ਼ਾਰਾ ਹੋ ਜਾਂਦਾ ਏ। ਪਰ ਫੇਰ ਵੀ ਇਹ ਇੱਛਾ ਰਹਿੰਦੀ ਏ ਕਿ ਜਿਥੋਂ ਪੈਸਾ ਬਚ ਸਕਦਾ ਹੋਵੇ ਕਿਉਂ ਨਾ ਬਚਾਇਆ ਜਾਵੇ।

ਟਿਕਟ ਦੇ ਛੇ ਪੈਸੇ ਨਾ ਦੇ ਕੇ ਮੈਂ ਪੰਜ ਪੈਸੇ ਹੀ ਕਿਉਂ ਦੇਂਦਾ ਹਾਂ, ਇਸ ਦਾ ਪੂਰਾ ਜਵਾਬ ਮੇਰੇ ਕੋਲ ਵੀ ਨਹੀਂ। ਉਂਞ ਕਹਿਣ ਨੂੰ ਤਾਂ ਇਕ ਬਹਾਨਾ ਇਹ ਵੀ ਹੈ ਕਿ ਇਕ ਪੈਸਾ ਟੁੱਟਾ ਹੋਇਆ ਨਹੀਂ ਹੁੰਦਾ। ਪਰ ਇਹ ਵੀ ਕੋਈ ਸੱਚੀ ਗੱਲ ਨਹੀਂ। ਕਈ ਵਾਰੀ ਇਕ ਪੈਸਾ ਟੁੱਟਾ ਹੋਇਆ ਜੇਬ ਵਿਚ ਹੁੰਦੇ ਹੋਏ ਵੀ ਮੈਂ ਛੇ ਪੈਸੇ ਦੀ ਟਿਕਟ ਨਹੀਂ ਖਰੀਦੀ, ਸਗੋਂ ਉੱਦਾਂ ਹੀ

ਪੰਜ ਪੈਸੇ ਕੰਡਕਟਰ ਨੂੰ ਦੇ ਕੇ ਉਤਰ ਗਿਆ ਹਾਂ। ਦੂਸਰੀ ਗੱਲ ਇਹ ਹੋ ਸਕਦੀ ਏ ਕਿ ਮੈਂ ਜੁਰਮ ਕਰਦਾ ਵੀ ਹਾਂ ਅਤੇ ਉਸ ਦੀ ਸਜ਼ਾ ਤੋਂ ਬਚਣਾ ਵੀ ਚਾਹੁੰਦਾ ਹਾਂ। ਕੋਈ ਗੱਲ ਹੋ ਜਾਵੇ ਤਾਂ ਮੈਂ ਆਸਾਨੀ ਨਾਲ ਕਹਿ ਸਕਦਾ ਹਾਂ ਕਿ ਜੋ ਆਦਮੀ ਪੰਜ ਪੈਸੇ ਦੇ ਸਕਦਾ ਹੈ ਉਹ ਛੇ ਵੀ ਦੇ ਸਕਦਾ ਹੈ। ਪੈਸੇ ਦੇਣ ਵਾਲੇ ਦੀ ਨੀਯਤ ਵਿਚ ਸ਼ੱਕ ਨਹੀਂ, ਬਦਮਾਸ਼ੀ ਹੈ ਤਾਂ ਕੇਵਲ ਕੰਡਕਟਰ ਦੀ ਜੋ ਆਪ ਪੰਜ ਪੈਸੇ ਕਮਾਣ ਲਈ ਮੁਸਾਫਰ ਨੂੰ ਇਕ ਪੈਸੇ ਦੀ ਛੋਟ ਦੇਂਦਾ ਹੈ।

ਕੰਡਕਟਰ ਫੇਰ ਮੇਰੇ ਕੋਲ ਆ ਗਿਆ, "ਕਹਾਂ ਕਾ ਟਿਕਟ ਦੂੰ ਆਪ ਕੋ ?"

"ਜਵਾਹਰ ਚੌਂਕ।"

ਕੰਡਕਟਰ ਨੇ ਛੇ ਪੈਸੇ ਦਾ ਟਿਕਟ ਮੇਰੇ ਹੱਥ ਵਿਚ ਥਮਾ ਦਿੱਤਾ। ਹੁਣ ਮੇਰੇ ਕੋਲ ਇਸ ਦੇ ਸਿਵਾ ਕੋਈ ਚਾਰਾ ਨਹੀਂ ਸੀ ਕਿ ਉਸ ਨੂੰ ਛੇ ਪੈਸੇ ਦੇ ਦੇਵਾਂ। ਮੈਂ ਜੇਬ ਟਟੋਲੀ, ਦੋ ਸਿੱਕੇ ਪਏ ਸਨ। ਇਕ ਪੰਜ ਪੈਸੇ ਦਾ, ਦੂਸਰਾ ਦੋ ਪੈਸੇ ਦਾ। ਮੈਂ ਪਹਿਲਾਂ ਪੰਜ ਦਾ ਸਿੱਕਾ ਕੰਡਕਟਰ ਨੂੰ ਦਿੱਤਾ ਅਤੇ ਇਹ ਜਾਣਦੇ ਹੋਏ ਕਿ ਦੂਸਰੀ ਜੇਬ ਵਿਚ ਕੋਈ ਸਿੱਕਾ ਨਹੀਂ, ਮੈਂ ਦੂਸਰੀ ਜੇਬ ਵੇਖਣ ਲੱਗ ਪਿਆ। ਉਸ ਜੇਬ 'ਚੋਂ ਮੈਂ ਪੰਜ ਦਾ ਨੋਟ ਇਸ ਤਰ੍ਹਾਂ ਬਾਹਰ ਕੱਢ ਕੇ ਵਾਪਸ ਰੱਖਿਆ ਕਿ ਕੰਡਕਟਰ ਵੇਖ ਲਵੇ। ਨੋਟ ਵਿਖਾਣ ਦਾ ਮਕਸਦ ਏਹ ਸੀ ਕਿ ਕੰਡਕਟਰ ਸਮਝ ਲਵੇ ਕਿ ਮੇਰੇ ਕੋਲ ਨੋਟ ਹੀ ਨੋਟ ਹੈ, ਟੁੱਟੇ ਹੋਏ ਸਿੱਕੇ ਨਹੀਂ। ਇਸ ਤਰ੍ਹਾਂ ਹੋ ਸਕਦਾ ਹੈ ਕਿ ਉਹ ਇਕ ਪੈਸਾ ਛੱਡ ਦਵੇ। ਆਮ ਤੌਰ ਤੇ ਓਹ ਛੱਡ ਵੀ ਦੇਂਦੇ ਹਨ ਅਤੇ ਇਸ ਤਰ੍ਹਾਂ ਦੀ ਘਾਟ ਕਿਸੇ ਦੂਸਰੇ ਮੁਸਾਫਰ ਕੋਲੋਂ ਪੂਰੀ ਕਰ ਲੈਂਦੇ ਹਨ। ਨਹੀਂ ਤਾਂ ਜੇ ਉਹ ਇਸ ਤਰ੍ਹਾਂ ਇਕ ਇਕ ਪੈਸਾ ਛੱਡਣ ਲੱਗਣ ਤਾਂ ਹੋ ਗਈ ਛੁੱਟੀ ! ਉਹਨਾਂ ਦੀ ਅੱਧੀ ਤਨਖਾਹ ਤਾਂ ਹਰਜਾਨੇ ਵਿਚ ਹੀ ਚਲੀ ਜਾਵੇ।

ਕੰਡਕਟਰ 'ਤੇ ਮੇਰੇ ਨੋਟ ਵਿਖਾਣ ਦਾ ਕੋਈ ਅਸਰ ਨਾ ਹੋਇਆ। ਉਲਟਾ ਕਹਿਣ ਲੱਗਾ, "ਸਾਹਬ ਜਲਦੀ ਕੀਜੀਏ ! ਮੁਝੇ ਔਰ ਲੋਗੋਂ ਕੋ ਭੀ ਟਿਕਟ ਦੇਨੀ ਹੈਂ।"

ਚਾਰੇ ਪਾਸੇ ਵੱਸ ਨਾ ਚਲਦਾ ਵੇਖ ਕੇ ਮੈਂ ਦੂਸਰੀ ਜੇਬ 'ਚੋਂ ਦੋ ਪੈਸੇ ਦਾ ਸਿੱਕਾ ਇਉਂ ਕੱਢਿਆ ਜਿਵੇਂ ਅਚਾਨਕ ਮਿਲ ਗਿਆ ਹੋਵੇ। ਕੰਡਕਟਰ ਨੇ ਦੋ ਪੈਸੇ ਦਾ ਸਿੱਕਾ ਆਪਣੇ ਬੈਗ ਵਿਚ ਪਾਇਆ ਅਤੇ ਮੈਨੂੰ ਇਕ ਪੈਸਾ ਮੋੜੇ ਬਿਨਾਂ ਹੀ ਦੂਜੇ ਮੁਸਾਫਰਾਂ ਨੂੰ ਟਿਕਟ ਦੇਣ ਲੱਗ ਪਿਆ।

ਪਹਿਲਾਂ ਮੈਂ ਆਪਣਾ ਇਕ ਪੈਸਾ ਬਚਾਣ ਦੀ ਫਿਕਰ 'ਚ ਸਾਂ ਅਤੇ ਹੁਣ ਆਪਣਾ ਇਕ ਪੈਸਾ ਵਾਪਸ ਲੈਣ ਦੀ ਫਿਕਰ ਵਿਚ। ਕੰਡਕਟਰ ਦੂਜੇ ਲੋਕਾਂ

ਨੂੰ ਟਿਕਟ ਦੇਂਦਾ ਅਤੇ ਚੈੱਕ ਕਰਦਾ ਹੋਇਆ ਦੋ-ਤਿੰਨ ਵਾਰ ਮੇਰੇ ਕੋਲੋਂ ਲੰਘਿਆ ਪਰ ਉਸ ਨੇ ਮੇਰੇ ਨਾਲ ਅੱਖ ਨਾ ਮਿਲਾਈ। ਇਕ ਵਾਰ ਮੇਰੇ ਕੋਲ ਆ ਕੇ ਖਲੋ ਗਿਆ। "ਹਾਂ ਆਪ ਨੇ ਮੁਝੇ ਕਿਆ ਦੀਆ ਥਾ ?" ਉਸ ਨੇ ਮੇਰੇ ਨਾਲ ਦੇ ਮੁਸਾਫਰ ਕੋਲੋਂ ਪੁੱਛਿਆ।

"ਏਕ ਰੁਪਿਆ।"

"ਯੇਹ ਲੀਜੀਏ ਅਪਨੇ ਬਾਰਾਂ ਆਨੇ।" ਕੰਡਕਟਰ ਨੇ ਉਹਨੂੰ ਪੈਸੇ ਦੇ ਕੇ ਆਪਣੇ ਮਨੀ ਬੈਗ 'ਚੋਂ ਬਹੁਤ ਸਾਰੇ ਸਿੱਕੇ ਕੱਢ ਕੇ ਆਪਣੀ ਹਥੇਲੀ 'ਤੇ ਫੈਲਾਏ। ਮੈਂ ਸੋਚ ਹੀ ਰਿਹਾ ਸਾਂ ਕਿ ਸ਼ਾਇਦ ਉਹ ਮੇਰੇ ਲਈ ਇਕ ਪੈਸੇ ਦਾ ਸਿੱਕਾ ਲੱਭ ਰਿਹਾ ਹੈ। ਜਦ ਉਸ ਨੇ ਇਕ ਸਿੱਕਾ ਚੁੱਕ ਕੇ ਦੇਣ ਲਈ ਹੱਥ ਵਧਾਇਆ ਤਾਂ ਮੈਂ ਲੈਣ ਲਈ ਹੱਥ ਵਧਾਣ ਹੀ ਵਾਲਾ ਸਾਂ ਕਿ ਕੰਡਕਟਰ ਉਹ ਸਿੱਕਾ ਵੀ ਮੇਰੇ ਨਾਲ ਦੇ ਮੁਸਾਫਰ ਦੇ ਹੱਥ 'ਤੇ ਰੱਖ ਕੇ ਅੱਗੇ ਵਧ ਗਿਆ।

ਮੈਂ ਸੋਚ ਰਿਹਾ ਸਾਂ ਕਿ ਉਹ ਮੈਨੂੰ ਪੈਸਾ ਮੋੜਨਾ ਭੁੱਲ ਗਿਆ ਹੈ। ਇਸ ਲਈ ਮੈਂ ਇਕ ਵਾਰੀ ਕੰਡਕਟਰ ਨੂੰ ਚੇਤੇ ਕਰਾਉਣ ਲਈ ਆਵਾਜ਼ ਵੀ ਮਾਰੀ, "ਭਾਈ ਸਾਹਿਬ !" ਪਰ ਉਹ ਆਵਾਜ਼ ਜਾਂ ਤਾਂ ਉਹਨੇ ਸੁਣੀ ਨਹੀਂ ਤੇ ਜਾਂ ਸੁਣ ਕੇ ਅਨਸੁਣੀ ਕਰ ਦਿੱਤੀ।

ਮੇਰਾ ਬਸ ਸਟਾਪ ਆ ਗਿਆ। ਬਸ ਦੇ ਉਤਰਨ ਵੇਲੇ ਜੇ ਕੰਡਕਟਰ ਗੇਟ ਕੋਲ ਹੁੰਦਾ ਤਾਂ ਮੈਂ ਉਹਦੇ ਕੋਲੋਂ ਆਪਣਾ ਪੈਸਾ ਮੰਗ ਲੈਂਦਾ। ਪਰ ਉਹ ਤਾਂ ਬਸ ਦੇ ਪਿਛਲੇ ਪਾਸੇ ਟਿਕਟਾਂ ਦੇਣ ਵਿਚ ਰੁੱਝਾ ਹੋਇਆ ਸੀ। ਉਥੇ ਜਾ ਕੇ ਇਕ ਪੈਸਾ ਮੰਗਣ ਦਾ ਮੇਰਾ ਹੀਆ ਨਾ ਪਿਆ।

ਆਖਰ ਮੈਂ 'ਮਾਰੋ ਗੋਲੀ' ਕਹਿੰਦਾ ਹੋਇਆ ਬਸ ਤੋਂ ਉਤਰ ਕੇ ਆਪਣੇ ਘਰ ਵੱਲ ਤੁਰ ਪਿਆ। ਏਹ ਗੋਲੀ ਮੈਂ ਆਪਣੇ ਅੰਦਰ ਛੁਪੇ ਹੋਏ ਮੁਜਰਮ ਨੂੰ ਮਾਰਨਾ ਚਾਹੁੰਦਾ ਸਾਂ ਜਾਂ ਬਸ ਕੰਡਕਟਰ ਨੂੰ, ਇਸ ਦਾ ਜਵਾਬ ਮੇਰੇ ਕੋਲ ਨਹੀਂ ਹੈ। ਹਾਂ ਇਹ ਜਾਣਦਾ ਹਾਂ ਕਿ ਪੂਰੇ ਦਸ-ਬਾਰਾਂ ਮਿੰਟ ਜਿੰਨਾ ਚਿਰ ਮੈਂ ਇਕ ਪੈਸਾ ਬਚਾਣ ਦੇ ਫਿਕਰ ਵਿਚ ਰਿਹਾ, ਕੋਈ ਹੋਰ ਠੋਸ ਗੱਲ ਸੋਚ ਸਕਦਾ ਸਾਂ। ਹੋਰ ਕੁਝ ਨਹੀਂ ਤਾਂ ਘਰ ਦੇਰ ਨਾਲ ਪਹੁੰਚਣ ਲਈ ਕੋਈ ਬਹਾਨਾ ਤਾਂ ਸੋਚਿਆ ਹੀ ਜਾ ਸਕਦਾ ਸੀ।

# ਫੁੱਲ ਪੱਤੀ

ਬੁੱਢਾ ਪਿਉ ਗੁਣਗੁਣਾ ਰਿਹਾ ਸੀ :

ਪਿਉ ਦੀ ਦੁਲਾਰੀ ਏ
ਬੜੀ ਹੀ ਪਿਆਰੀ ਏ
ਗੁਣਾਂ ਦੀ ਪਟਾਰੀ ਏ
ਮੇਰੀ ਫੁੱਲ ਪੱਤੀ।
ਝਿਲਮਿਲ ਕਰਦੀ ਏ
ਖਿੜ ਖਿੜ ਹੱਸਦੀ ਏ
ਦਿਲ ਵਿਚ ਵੱਸਦੀ ਏ।
ਮੇਰੀ ਫੁੱਲ ਪੱਤੀ।

ਏਹ ਫੁੱਲ ਪੱਤੀ ਆਮ ਜਹੀ ਕੁੜੀ ਸੀ। ਪਰ ਪਿਉ ਵਾਸਤੇ ਉਹ ਸਵਰਗ ਦੇ ਬਾਗ਼ ਦੇ ਫੁੱਲਾਂ ਨਾਲੋਂ ਵੀ ਵੱਧ ਸੋਹਣੀ ਸੀ। ਉਹਨੇ ਉਹਦਾ ਨਾਂਅ ਵੀ ਫੁੱਲਵਤੀ ਰੱਖਿਆ ਸੀ। ਜਦੋਂ ਉਹ ਲਾਗੇ-ਚਾਗੇ ਨਾ ਵੀ ਹੋਵੇ ਤਾਂ ਵੀ ਉਹਨੂੰ ਲਗਦਾ ਸੀ ਕਿ ਹਵਾ ਵਿਚ ਫੁੱਲਵਤੀ ਦੀ ਖ਼ੁਸ਼ਬੋ ਖਿੰਡ ਰਹੀ ਏ।

ਧੀ ਦਾ ਨਾਂ ਤਾਂ ਉਹਨੇ ਫੁੱਲਵਤੀ ਰੱਖਿਆ ਸੀ ਪਰ ਦੁਲਾਰ ਨਾਲ ਉਹਨੂੰ ਫੁੱਲ-ਪੱਤੀ ਕਹਿ ਕੇ ਬੁਲਾਂਦਾ ਸੀ।

ਏਹ ਨਾਂਅ ਰੱਖਣ ਦੀ ਵੀ ਇਕ ਖਾਸ ਵਜ੍ਹਾ ਸੀ। ਉਹ ਆਪ ਇਕ ਪ੍ਰਸਿੱਧ ਕਵੀ ਸੀ। ਕਵਿਤਾ ਵਿਚ ਉਸ ਨੇ ਚੰਗਾ ਨਾਮਣਾ ਖੱਟਿਆ ਸੀ। ਉਹਦੇ ਸ਼ਾਗਿਰਦ ਉਹਨੂੰ 'ਉਸਤਾਦ' ਕਹਿ ਕੇ ਬੁਲਾਂਦੇ ਸਨ। ਪਰ ਉਸ ਨੂੰ ਆਪਣੇ ਪਿਤਾ ਅਰਥਾਤ ਫੁੱਲਵਤੀ ਦੇ ਦਾਦਾ ਤੋਂ ਕਦੇ ਹੱਲਾਸ਼ੇਰੀ ਨਹੀਂ ਸੀ ਮਿਲੀ। ਆਪਣੇ ਵੱਲੋਂ ਉਹ ਚੰਗੇ ਤੋਂ ਚੰਗੇ ਸ਼ੇਅਰ ਕਹਿ ਕੇ ਆਪਣੇ ਪਿਉ ਕੋਲੋਂ ਤਾਰੀਫ਼ ਦੇ ਦੋ ਬੋਲ ਸੁਣਨ ਲਈ ਤਰਸਦਾ ਰਹਿੰਦਾ।

ਉਹਦਾ ਪਿਤਾ ਸ਼ੇਅਰ ਸੁਣਦਾ, ਮਾਸਾ ਕੁ ਮੁਸਕਰਾਂਦਾ ਪਰ ਉਹਦੇ ਮੂੰਹੋਂ 'ਵਾਹ' ਦਾ ਸ਼ਬਦ ਕਦੇ ਨਾ ਨਿਕਲਿਆ। ਇਕ ਵਾਰ ਉਹਨੇ ਆਪਣੇ ਪਿਉ ਨੂੰ ਸ਼ੇਅਰ ਸੁਣਾਇਆ :

ਬਾਗ਼ ਵਿਚ ਫੁੱਲ, ਸਿੱਪੀ 'ਚ ਮੋਤੀ, ਗਗਨ 'ਤੇ ਤਾਰੇ,

ਲਗਦਾ ਏ ਕਿਤੇ ਮੁਸਕਰਾ ਰਿਹਾ ਏ ਕੋਈ।

ਏਹ ਸ਼ੇਅਰ ਸੁਣ ਕੇ ਉਹਦਾ ਪਿਤਾ ਮੂੰਹੋਂ ਤਾਂ ਕੁਝ ਨਾ ਬੋਲਿਆ, ਬੁੱਲ੍ਹਾਂ ਵਿਚ ਮੁਸਕਰਾਂਦਾ ਹੋਇਆ ਉਠਿਆ ਤੇ ਵੇਹੜੇ ਵਿਚ ਆਪਣੇ ਦਾਦੇ ਦੇ ਲਾਏ ਹੋਏ ਰਾਤ ਰਾਣੀ ਦੇ ਬੂਟੇ ਤੋਂ ਇਕ ਫੁੱਲ ਤੋੜ ਕੇ ਲਿਆਇਆ ਅਤੇ ਫੁੱਲਪੱਤੀ ਦੇ ਪਿਤਾ ਦੇ ਹੱਥ 'ਤੇ ਰੱਖਦੇ ਹੋਏ ਕਹਿਣ ਲੱਗਾ :

"ਏਨੇ ਚੰਗੇ ਸ਼ੇਅਰ ਲਈ ਮੇਰੇ ਵੱਲੋਂ ਤੇ ਮੇਰੇ ਦਾਦੇ ਵੱਲੋਂ ਏਹ ਛੋਟਾ ਜਿਹਾ ਫੁੱਲ ਦੇ ਰਿਹਾ ਹਾਂ। ਤੇਰੀ ਕਵਿਤਾ ਏਦਾਂ ਹੀ ਮਹਿਕਦੀ ਰਹਿਣੀ ਚਾਹੀਦੀ ਏ।

ਏਹ ਫੁੱਲ ਆਪਣੇ ਬਜ਼ੁਰਗਾਂ ਦੀ ਆਸ਼ੀਰਵਾਦ ਦੇ ਰੂਪ ਵਿਚ ਫੁੱਲਪੱਤੀ ਦੇ ਪਿਉ ਦੀ ਕਿਸੇ ਕਵਿਤਾ ਦੀ ਕਾਪੀ ਵਿਚ ਸਦਾ ਮਹਿਕਦ ਰਿਹਾ।

ਅਤੇ ਜਦ ਉਹਦੇ ਘਰ ਪਲੇਠੀ ਦੀ ਧੀ ਜੰਮੀ ਤਾਂ ਉਹਨੂੰ ਲੱਗਾ ਕਿ ਕਵਿਤਾ ਦੀ ਕਾਪੀ ਵਿਚ ਰੱਖੇ ਜਿਸ ਫੁੱਲ ਦੀਆਂ ਪੱਤੀਆਂ ਪਤਾ ਨਹੀਂ ਕਦ ਦੀਆਂ ਸੁੱਕ ਗਈਆਂ ਸਨ, ਉਹ ਇਕ ਨਵਾਂ ਫੁੱਲ ਬਣ ਕੇ, ਉਹਦੇ ਵੇਹੜੇ ਵਿਚ ਮਹਿਕਣ ਲਈ ਆ ਗਿਆ ਏ। ਏਸੇ ਲਈ ਉਹਨੇ ਆਪਣੀ ਧੀ ਦਾ ਨਾਂ ਫੁੱਲਵਤੀ ਰੱਖਿਆ ਤੇ ਜਦ ਤਕ ਜੀਵਿਆ ਉਹਨੂੰ ਫੁੱਲਪੱਤੀ ਕਹਿ ਕੇ ਹੀ ਸੱਦਦਾ ਰਿਹਾ।

ਪਿਉ ਦੀ ਬੜੀ ਖ਼ਾਇਸ਼ ਸੀ ਕਿ ਏਹ ਕੁੜੀ ਵੱਡੀ ਹੋ ਕੇ ਇਕ ਕਵਿੱਤਰੀ ਬਣੇ, ਪਰ ਏਹ ਜਾਣ ਕੇ ਉਹ ਬੜਾ ਦੁਖੀ ਹੋਇਆ ਕਿ ਉਹਦੀ ਧੀ ਪੜ੍ਹਨ-ਲਿਖਣ ਵਿਚ ਬੜੀ ਕਮਜ਼ੋਰ ਸੀ। ਏਸੇ ਲਈ ਸ਼ੇਅਰ ਕਹਿਣਾ ਤਾਂ ਕਿਤੇ ਰਿਹਾ, ਉਹ ਤੇ ਉਹਦੀਆਂ ਕਵਿਤਾਵਾਂ ਨੂੰ ਵੀ ਚੰਗੀ ਤਰ੍ਹਾਂ ਪੜ੍ਹ ਨਹੀਂ ਸੀ ਸਕਦੀ।

ਏਨਾਂ ਹੁੰਦਿਆਂ ਹੋਇਆਂ ਵੀ ਪਤਾ ਨਹੀਂ ਕਿਉਂ, ਪਿਉ ਨੂੰ ਪੱਕਾ ਯਕੀਨ ਸੀ ਕਿ ਉਹਦੀ ਧੀ ਵਿਚ ਕੋਈ ਅਜੇਹਾ ਵਸਫ਼ ਜ਼ਰੂਰ ਏ ਜਿਹੜਾ ਉਹਦੀ ਜ਼ਿੰਦਗੀ ਨੂੰ ਖੁਸ਼ਬੋਆਂ ਨਾਲ ਭਰ ਦੇਵੇਗਾ।

ਪਰ ਏਹ ਗੁਣ ਕਿਹੜਾ ਏ ? ਏਸ ਦਾ ਅਹਿਸਾਸ ਫੁੱਲਵਤੀ ਨੂੰ ਵੀ ਨਹੀਂ ਸੀ।

ਉਹ ਤੇ ਇੰਝ ਹੋਇਆ ਕਿ ਪਿਉ ਦੇ ਏਸ ਦੁਨੀਆਂ ਤੋਂ ਜਾਣ ਦੇ ਬਾਅਦ, ਇਕ ਦਿਨ ਉਹ ਆਪਣੇ ਪਿਉ ਦੀਆਂ ਪੁਰਾਣੀਆਂ ਕਿਤਾਬਾਂ ਕਾਪੀਆਂ ਫਰੋਲ ਰਹੀ ਸੀ ਤਾਂ ਕਿਸੇ ਕਿਤਾਬ ਵਿਚ ਇਕ ਫੁੱਲ ਦੀਆਂ ਸੁੱਕੀਆਂ ਪੱਤੀਆਂ ਨੂੰ ਵੇਖ ਕੇ ਪਿਉ ਦੀ ਯਾਦ ਵਿਚ ਉਹਦੀਆਂ ਅੱਖਾਂ ਭਰ ਆਈਆਂ ਤੇ ਟੱਪ ਟੱਪ ਕਰਦੇ ਉਹਦੇ ਅੱਥਰੂ ਉਹਨਾਂ ਸੁੱਕੀਆਂ ਪੱਤੀਆਂ 'ਤੇ ਡਿੱਗੇ ਤਾਂ ਫੁੱਲਵਤੀ ਨੂੰ ਲੱਗਾ ਜਿਵੇਂ ਉਹਦੇ ਅੱਥਰੂ ਉਸ ਫੁੱਲ ਦੀਆਂ ਸੁੱਕੀਆਂ ਪੱਤੀਆਂ ਨੂੰ ਨਹੀਂ ਬਲਕਿ ਉਹਦੇ ਪੂਰੇ ਸਰੀਰ ਨੂੰ ਭਿਉਂ ਰਹੇ ਸਨ।

ਏਨ੍ਹਾਂ ਅੱਥਰੂਆਂ ਨੇ ਫੁੱਲਵਤੀ ਦੇ ਸਰੀਰ ਨੂੰ ਸਿੰਜਿਆ ਤਾਂ ਉਹਨੇ ਮਹਿਸੂਸ ਕੀਤਾ ਜਿਵੇਂ ਉਹਦੇ ਦਿਲ ਦੀ ਧਰਤੀ 'ਤੇ ਕੋਈ ਫੁੱਲ ਮੁਸਕਰਾ ਰਿਹਾ ਹੋਵੇ।

ਮਾਂ ਨੇ ਬਾਲੜੀ ਉਮਰ ਵਿਚ ਉਹਨੂੰ ਕਸੀਦੇ ਦਾ ਕੰਮ ਸਿਖਾਉਣ ਲਈ ਉਹਦੇ ਹੱਥ ਵਿਚ ਸੂਈ-ਧਾਗਾ ਫੜਾਇਆ ਸੀ। ਇਕ ਦਿਨ ਉਹਨੇ ਕਿਧਰੇ ਸਾਂਭ ਕੇ ਰੱਖੀ ਉਸ ਸੂਈ ਨੂੰ ਲੱਭਿਆ ਤੇ ਆਪਣੇ ਪਤੀ ਦੀ ਕਮੀਜ਼ ਦੀ ਜੇਬ 'ਤੇ ਉਹੋ ਜਿਹਾ ਫੁੱਲ ਉਲੀਕ ਦਿੱਤਾ, ਜੇਹੜਾ ਕੁਝ ਦਿਨ ਪਹਿਲਾਂ ਅੱਥਰੂਆਂ ਨਾਲ ਭਿੱਜੀ ਉਹਦੇ ਦਿਲ ਦੀ ਧਰਤੀ ਤੇ ਮਹਿਕਿਆ ਸੀ।

ਉਸ ਫੁੱਲ ਨੂੰ ਵੇਖ ਕੇ ਉਹਦੇ ਪਤੀ ਦੇ ਇਕ ਦੋਸਤ ਨੇ ਕਿਹਾ :

"ਕਿਉਂ ਭਈ ! ਕੁੜਤੇ ਦੀ ਜੇਬ ਵਿਚ ਫੁੱਲ ਰੱਖਣ ਦਾ ਸ਼ੌਕ ਕਦ ਤੋਂ ਪਾਲਿਆ ਏ ?" ਉਸ ਫੁੱਲ ਨੂੰ ਤਾਜ਼ਾ ਫੁੱਲ ਸਮਝ ਕੇ ਉਹ ਉਹਦੀ ਤਾਰੀਫ਼ ਕਰ ਰਿਹਾ ਸੀ।

ਫੁੱਲਵਤੀ ਨੇ ਸੁਣਿਆ ਤਾਂ ਉਹਨੂੰ ਬੜਾ ਚੰਗਾ ਚੰਗਾ ਲੱਗਾ।

ਬਸ ! ਫੇਰ ਕੀ ਸੀ ? ਫੁੱਲਵਤੀ ਨੇ ਫੁਲਕਾਰੀ ਬਣਾਈ ਤਾਂ ਕਿਸੇ ਨੇ ਕਿਹਾ, "ਫੁੱਲਵਤੀ ਤੂੰ ਤਾਂ ਖੱਦਰ ਨੂੰ ਰੇਸ਼ਮ ਬਣਾ ਦਿੱਤਾ ਏ।" ਫੁੱਲਵਤੀ ਨੇ ਰੇਸ਼ਮੀ ਚਾਦਰ 'ਤੇ ਬਾਗ਼ ਬਣਾਇਆ ਤਾਂ ਤਾਰੀਫ਼ ਕਰਨ ਵਾਲਿਆਂ ਕਿਹਾ, "ਤੂੰ ਤਾਂ ਇੰਦਰ ਦੇ ਦਰਬਾਰ ਦੇ ਬਾਗ਼ ਨੂੰ ਧਰਤੀ 'ਤੇ ਉਤਾਰ ਦਿੱਤਾ ਏ।"

ਇਸ ਤਰ੍ਹਾਂ ਇਕ ਦਿਨ ਅਜਿਹਾ ਵੀ ਆਇਆ ਕਿ ਫੁੱਲਵਤੀ ਦੀ ਕਢਾਈ ਦੇ ਫੁੱਲਾਂ ਦੀ ਖੁਸ਼ਬੋ ਗਲੀਆਂ-ਮੁਹੱਲਿਆਂ ਨੂੰ ਟੱਪ ਕੇ ਸ਼ਹਿਰ ਦੀਆਂ ਹੱਦਾਂ ਨੂੰ ਵੀ ਪਾਰ ਕਰ ਗਈ।

ਫੇਰ ਇੰਝ ਹੋਇਆ ਕਿ ਇਕ ਵੱਡੇ ਕਲਾਕਾਰ ਨੇ ਆਪਣੀ ਬਣਾਈ ਆਦਮ-ਕੱਦ ਮੂਰਤੀ ਦਸਤਕਾਰੀ ਦੇ ਕੁਲ-ਹਿੰਦ ਮੁਕਾਬਲੇ ਲਈ ਨੁਮਾਇਸ਼ ਵਿਚ ਰੱਖੀ ਤਾਂ ਉਹਦੀ ਕਸ਼ਿਸ਼ ਵਧਾਣ ਲਈ, ਫੁੱਲਵਤੀ ਦੇ ਬਣਾਏ ਹੋਏ ਬਾਗ਼ ਦਾ ਚੋਗਾ ਪਹਿਨਾ ਦਿੱਤਾ।

ਆਲੋਚਕਾਂ ਨੇ ਮੂਰਤੀ ਤਾਂ ਪਸੰਦ ਕੀਤੀ ਹੀ — ਪਰ ਨਾਲ ਹੀ ਉਹਨਾਂ 'ਚੋਂ ਕਿਸੇ ਨੇ ਕਿਹਾ, "ਮੂਰਤੀ ਤਾਂ ਸੁੰਦਰ ਹੈ ਹੀ ਪਰ ਏਹਨੂੰ ਪਹਿਨਾਏ ਗਏ ਚੋਗੇ ਦਾ ਜਵਾਬ ਨਹੀਂ।" ਨਾਲ ਹੀ ਉਹਨੇ ਪੁੱਛਿਆ, "ਏਹਦੇ 'ਤੇ ਕਸੀਦਾਕਾਰੀ ਦਾ ਕੰਮ ਕਿਸ ਨੇ ਕੀਤਾ ਹੈ ?"

ਕਲਾਕਾਰ ਨੇ ਬੜੇ ਫ਼ਖ਼ਰ ਨਾਲ ਦੱਸਿਆ, "ਜੀ ਇਕ ਪੁਰਾਣੇ ਕਵੀ ਦੀ ਧੀ ਏ ਫੁੱਲਵਤੀ। ਏਹ ਉਹਦਾ ਹੁਨਰ ਏ।"

"ਸ਼ਾਇਰ ਦੀ ਧੀ ! ਤੱਦੇ ਲਗਦਾ ਏ ਕਿ ਕਸ਼ੀਦਾਕਾਰੀ ਕਰਦਿਆਂ ਉਹਨੇ ਫੁੱਲਾਂ ਵਿਚ ਖੂਬਸੂਰਤ ਸ਼ੇਅਰ ਲਿਖ ਦਿੱਤੇ ਨੇ।"

ਇੰਝ ਤਾਰੀਫ਼ ਹੋਣ ਲੱਗੀ ਤਾਂ ਆਖਿਰ ਫ਼ੈਸਲਾ ਇਹ ਹੋਇਆ ਕਿ ਦਸਤਕਾਰੀ ਦੇ ਪਹਿਲੇ ਇਨਾਮ ਦੀ ਹੱਕਦਾਰ ਫੁੱਲਵਤੀ ਏ।

ਏਹ ਖਬਰ ਫੁੱਲਵਤੀ ਨੂੰ ਮਿਲੀ ਤਾਂ ਉਹਨੂੰ ਮਹਿਸੂਸ ਹੋਇਆ ਕਿ ਪੇਕੇ ਘਰ ਵਿਚ ਪਿਉ ਦੇ ਵਿਹੜੇ ਵਿਚ ਪੀੜ੍ਹੀਆਂ ਪੁਰਾਣੇ ਰਾਤ ਦੀ ਰਾਣੀ ਦੇ ਬੂਟੇ ਤੇ ਲੱਗੇ ਸਾਰੇ ਫੁੱਲ ਉਹਦੇ ਤਨ-ਬਦਨ ਵਿਚ ਮਹਿਕ ਉੱਠੇ ਹੋਣ ਤੇ ਉਹ ਸੱਚੇ ਸ਼ਬਦਾਂ ਵਿਚ ਪਿਉ ਦੀ ਲਾਡਲੀ ਧੀ ਬਣ ਗਈ ਏ, ਜਿਹਨੂੰ ਉਹ ਪਿਆਰ ਨਾਲ ਫੁੱਲਪੱਤੀ ਕਿਹਾ ਕਰਦਾ ਸੀ।

# ਨਵੀਂ ਦੋਸਤੀ

ਜਗੀਰੇ ਦੇ ਮੁਕਾਬਲੇ 'ਤੇ ਜਦ ਲੋਕਾਂ ਨੇ ਸੱਤਰਾਂ ਸਾਲਾਂ ਦੇ ਬੁੱਢੇ ਉਸਤਾਦ ਲਹਿਣਾ ਸਿਹੁੰ ਨੂੰ ਲੰਗੋਟ ਕੱਸਦੇ ਹੋਏ ਵੇਖਿਆ ਤਾਂ ਉਹਨਾਂ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ। ਉਹਨਾਂ ਨੂੰ ਆਪਣੀਆਂ ਅੱਖਾਂ 'ਤੇ ਵਿਸ਼ਵਾਸ ਨਹੀਂ ਸੀ ਹੋ ਰਿਹਾ। ਖੁਦ ਜਗੀਰੇ ਦਾ ਇਹ ਹਾਲ ਸੀ ਕਿ ਵਿਰੋਧੀ ਧੜੇ ਦੇ ਉਸਤਾਦ ਨੂੰ ਅਖਾੜੇ ਵਿਚ ਉਤਰਦਾ ਵੇਖ ਕੇ ਉਹਦਾ ਪਸੀਨਾ ਛੁੱਟ ਗਿਆ ਸੀ, ਪੈਰਾਂ ਥੱਲਿਉਂ ਅਖਾੜੇ ਦੀ ਮਿੱਟੀ ਖਿਸਕਦੀ ਹੋਈ ਮਹਿਸੂਸ ਹੋ ਰਹੀ ਸੀ। ਉਸ ਨੇ ਘਬਰਾ ਕੇ ਆਪਣੇ ਉਸਤਾਦ ਵੱਲ ਵੇਖਿਆ। ਉਹ ਆਪਣੇ ਸਿਰ 'ਤੇ ਬੰਨ੍ਹਿਆ ਹੋਇਆ ਪਰਨਾ ਲਮਕਾਈ ਜ਼ਮੀਨ ਵੱਲ ਵੇਖੀ ਜਾ ਰਿਹਾ ਸੀ ਤੇ ਸ਼ਾਇਦ ਉਹਦੀ ਸਮਝ ਵਿਚ ਨਹੀਂ ਸੀ ਆ ਰਿਹਾ ਕਿ ਉਹ ਉਸਤਾਦ ਲਹਿਣਾ ਸਿਹੁੰ ਦੀ ਚਾਲ ਦਾ ਕੀ ਜਵਾਬ ਦੇਵੇ ?

ਜਗੀਰਾ ਅਖਾੜੇ ਦੇ ਚਾਰ ਚੱਕਰ ਲਾ ਚੁੱਕਿਆ ਸੀ ਪਰ ਲਹਿਣਾ ਸਿਹੁੰ ਦੇ ਪਹਿਲਵਾਨਾਂ ਦੀ ਟੋਲੀ ਨੂੰ ਵੇਖ ਕੇ ਉਸ ਨੂੰ ਜਿਵੇਂ ਸੱਪ ਸੁੰਘ ਗਿਆ ਹੋਵੇ। ਲਹਿਣਾ ਸਿਹੁੰ ਨੇ ਘੂਰ-ਘੂਰ ਕੇ ਆਪਣੇ ਪੱਠਿਆਂ ਵੱਲ ਵੇਖਿਆ ਪਰ ਕਿਸੇ ਨੇ ਵੀ ਜਗੀਰੇ ਦੇ ਮੁਕਾਬਲੇ 'ਤੇ ਉਤਰਨ ਦਾ ਦਮ-ਖਮ ਨਹੀਂ ਵਿਖਾਇਆ। ਸਭ ਦੇ ਸਭ ਧੌਣਾਂ ਨੀਵੀਆਂ ਕਰੀ ਬੈਠੇ ਰਹੇ। ਕਿਸੇ ਦੀ ਵੀ ਹਿੰਮਤ ਨਹੀਂ ਸੀ ਹੋ ਰਹੀ। ਉਹ ਆਪਣੇ ਉਸਤਾਦ ਤੋਂ ਵੀ ਅੱਖਾਂ ਚੁਰਾ ਰਹੇ ਸਨ। ਜਗੀਰੇ ਨੇ ਅਖਾੜੇ ਦੇ ਤਿੰਨ ਚੱਕਰ ਹੋਰ ਮਾਰ ਲਏ ਤਾਂ ਉਹ ਬਿਨਾਂ ਕੁਸ਼ਤੀ ਲੜੇ ਹੀ ਜੇਤੂ ਬਣ ਜਾਏਗਾ ਤੇ ਧਮਾਲ ਦਾ ਪੰਜ ਹਜ਼ਾਰ ਰੁਪਏ ਦਾ ਇਨਾਮ ਉਸ ਨੂੰ ਮਿਲ ਜਾਏਗਾ।

ਤੇ ਹੁਣ ਜਦ ਖੁਦ ਲਹਿਣਾ ਸਿਹੁੰ ਨੇ ਅਖਾੜੇ ਦੇ ਵਿਚ ਉਤਰਨ ਦਾ ਫੈਸਲਾ ਕਰ ਲਿਆ ਤਾਂ ਜਗੀਰਾ ਅਖਾੜੇ ਦੇ ਵਿਚਕਾਰ ਜਾ ਕੇ ਖੜ੍ਹਾ ਹੋ ਗਿਆ ਜਿਥੇ ਢੋਲੀ ਢੋਲ ਵਜਾ ਰਿਹਾ ਸੀ।

ਅਸਲ ਵਿਚ ਜਗੀਰੇ ਨੇ ਦਸ-ਬਾਰਾਂ ਸਾਲ ਦੀ ਉਮਰ ਵਿਚ ਹੀ ਜਦੋਂ ਕੱਦ-ਕਾਠ ਕੱਢਣਾ ਸ਼ੁਰੂ ਕਰ ਦਿੱਤਾ ਤੇ ਉਹਦੀਆਂ ਬਾਹਵਾਂ ਮੂੰਜੀ ਛੜਣ ਵਾਲੀ ਮੂੰਗਲੀ ਵਾਂਗ ਲੰਮੀਆਂ ਹੋਣ ਲੱਗ ਪਈਆਂ ਤਾਂ ਲਹਿਣਾ ਸਿਹੁੰ ਨੇ ਬੜੀ ਕੋਸ਼ਿਸ਼

ਕੀਤੀ ਕਿ ਜਗੀਰਾ ਉਹਦੇ ਅਖਾੜੇ ਵਿਚ ਆ ਜਾਵੇ ਪਰ ਜਗੀਰੇ ਨੇ ਇਕੋ ਨੰਨਾ ਫੜੀ ਰੱਖਿਆ। ਆਖੇ, ਨਾ ਮੈਂ ਭਲਵਾਨ ਨਹੀਂ ਬਣਨਾ। ਕਿਸੇ ਨੂੰ ਵੀ ਇਸ ਗੱਲ 'ਤੇ ਵਿਸ਼ਵਾਸ ਨਾ ਆਇਆ ਕਿ ਜਗੀਰੇ ਨੇ ਨਾਂਹ ਕਰ ਦਿੱਤੀ ਹੈ। ਲੋਕ ਤਾਂ ਲਹਿਣਾ ਸਿਹੁੰ ਦਾ ਪੱਠਾ ਬਣਨ ਵਿਚ ਮਾਣ ਸਮਝਦੇ ਸਨ। ਉਸ ਦੇ ਅਖਾੜੇ ਦੀ ਦੂਰ ਦੂਰ ਤਕ ਧੁੰਮ ਸੀ। ਤੇ ਲਹਿਣਾ ਸਿਹੁੰ ਆਪ ਵੀ ਨਾਮੀ ਪਹਿਲਾਵਾਨ ਸੀ।

ਉਸ ਦਾ ਨਾਂਅ ਤਾਂ ਦੂਜੇ ਮੁਲਕਾਂ ਵਿਚ ਵੀ ਲਿਆ ਜਾਂਦਾ ਸੀ। ਉਥੋਂ ਦੇ ਕੁਸ਼ਤੀ ਦੇ ਸ਼ੌਕੀਨ ਲੋਕੀਂ ਇਸ ਦੇ ਦਾਅ-ਪੇਚਾਂ ਦੀ ਤਾਰੀਫ਼ ਕਰਦੇ ਥੱਕਦੇ ਨਹੀਂ ਸਨ। ਖਾਸ ਕਰ ਕੇ ਕੁੰਡਲੀ ਦੀ, ਜਿਹੜਾ ਲਹਿਣਾ ਸਿਹੁੰ ਦਾ ਰਾਮ-ਬਾਣ ਸੀ। ਜਦੋਂ ਉਹ ਕੁੰਡਲੀ ਮਾਰਦਾ ਤਾਂ ਵੱਡੇ ਤੋਂ ਵੱਡੇ ਤੇ ਤਾਕਤਵਰ ਤੋਂ ਤਾਕਤਵਰ ਭਲਵਾਨ ਵੀ ਚਾਰੇ ਖਾਨੇ ਚਿੱਤ ਹੋ ਜਾਂਦਾ। ਜਿਨ੍ਹਾਂ ਨੇ ਉਸ ਨੂੰ ਕੁੰਡਲੀ ਮਾਰਦੇ ਹੋਏ ਵੇਖਿਆ ਸੀ ਉਹ ਆਖਦੇ ਸਨ, "ਲਹਿਣਾ ਸਿਹੁੰ ਕੋਲ ਕੋਈ ਜਾਦੂ ਏ। ਦੂਜੇ ਭਲਵਾਨ ਦੀ ਲੱਤ ਵਿਚ ਲੱਤ ਫਸਾ ਕੇ ਉਹ ਸੱਪ ਵਾਂਗੂੰ ਕੁੰਡਲੀ ਮਾਰ ਕੇ ਵੱਡੇ ਤੋਂ ਵੱਡੇ ਭਲਵਾਨ ਨੂੰ ਆਪਣੇ ਸ਼ਿਕੰਜੇ ਵਿਚ ਕੱਸ ਲੈਂਦਾ ਏ ਤੇ ਫਿਰ ਪਤਾ ਨਹੀਂ ਕੀ ਕਰਦਾ ਏ ਸਾਹਮਣੇ ਵਾਲਾ ਭਲਵਾਨ ਚਿੱਤ ਹੋ ਜਾਂਦਾ ਏ। ਲੋਕਾਂ ਨੂੰ ਤਾਂ ਉਦੋਂ ਈ ਪਤਾ ਲੱਗਦਾ ਏ ਜਦੋਂ ਲਹਿਣਾ ਸਿਹੁੰ ਛਾਤੀ ਫੁਲਾ ਕੇ ਹੱਥ ਉੱਚਾ ਕਰ ਕੇ ਆਪਣੀ ਜਿੱਤ ਦਾ ਐਲਾਨ ਕਰ ਰਿਹਾ ਹੁੰਦਾ ਏ।"

ਲਹਿਣਾ ਸਿਹੁੰ ਦਾ ਪੱਠਾ ਬਣਨ ਲਈ ਨੌਜਵਾਨ ਤਰਸਦੇ ਰਹਿੰਦੇ ਸਨ। ਉਹ ਦੇਸੀ ਘਿਉ ਦੇ ਭਰੇ ਹੋਏ ਪੀਪੇ ਤੇ ਦੁੱਧ ਦੇ ਭਰੇ ਹੋਏ ਘੜੇ ਲਿਆਉਂਦੇ ਤੇ ਲਹਿਣਾ ਸਿਹੁੰ ਵੱਲ ਬੜੀਆਂ ਆਸਾਂ ਨਾਲ ਵੇਖਦੇ ਪਰ ਦੂਜੇ ਹੀ ਪਲ ਲਹਿਣਾ ਸਿਹੁੰ ਦਾ ਸਿਰ ਨਾਂਹ ਵਿਚ ਹਿੱਲ ਜਾਂਦਾ ਤੇ ਇੰਝ ਉਹਨਾਂ ਦੀਆਂ ਉਮੀਦਾਂ 'ਤੇ ਪਾਣੀ ਫਿਰ ਜਾਂਦਾ।

ਇਸ ਦੇ ਉਲਟ ਪਤਾ ਨਹੀਂ ਇਹ ਜਗੀਰਾ ਕਿਸ ਮਿੱਟੀ ਦਾ ਬਣਿਆ ਹੋਇਆ ਸੀ ਕਿ ਇਕ ਵਾਰੀ ਨਾਂਹ ਕਰ ਦਿੱਤੀ ਤਾਂ ਨਾਂਹ ਨੇ ਹਾਂ ਨਹੀਂ ਹੋਣਾ। ਜਗੀਰੇ ਦਾ ਦਿਲ ਜਿੱਤਣ ਲਈ ਲਹਿਣਾ ਸਿਹੁੰ ਆਪਣੇ ਪੱਠਿਆਂ ਨੂੰ ਆਖਦਾ, "ਜਾਓ, ਦੇਸੀ ਘਿਉ ਦੇ ਇਹ ਪੀਪੇ ਤੇ ਦੁੱਧ ਦਾ ਘੜਾ ਉਹਦੇ ਘਰ ਛੱਡ ਆਓ। ਬੜੀ ਜਾਨ ਏ ਇਸ ਮੁੰਡੇ ਵਿਚ। ਖਾਏ-ਪੀਏਗਾ ਤਾਂ ਇਕ ਦਿਨ ਚੰਗਾ ਭਲਵਾਨ ਬਣੇਗਾ ਤੇ ਆਪਣੇ ਇਲਾਕੇ ਦਾ ਨਾਂ ਰੌਸ਼ਨ ਕਰੇਗਾ।" ਪਰ ਜਗੀਰੇ 'ਤੇ ਇਸ ਦਾ ਕੋਈ ਅਸਰ ਨਾ ਹੁੰਦਾ।

ਫੇਰ ਪਤਾ ਨਹੀਂ ਕਿਵੇਂ ਵਿਰੋਧੀ ਧੜੇ ਦੇ ਉਸਤਾਦ ਕਿਸ਼ਨੇ ਨੇ ਕੀ ਚੱਕਰ ਚਲਾਇਆ ਕਿ ਜਗੀਰੇ ਨੇ ਉਸ ਦੇ ਅਖਾੜੇ ਵਿਚ ਜਾਣਾ ਸ਼ੁਰੂ ਕਰ ਦਿੱਤਾ।

ਲਹਿਣਾ ਸਿਹੁੰ ਨੂੰ ਪਤਾ ਲੱਗਿਆ ਤਾਂ ਉਸ ਨੇ ਨਿਰਾਸ਼ ਹੋ ਕੇ ਧੌਣ ਨੀਵੀਂ ਕਰ ਲਈ ਤੇ ਬੋਲਿਆ, "ਚਲੋ ਜੋ ਇਸ ਦੀ ਤਕਦੀਰ, ਮੈਂ ਤਾਂ ਚਾਹੁੰਦਾ ਸਾਂ..."

ਅਤੇ ਹੁਣ ਉਹੀ ਜਗੀਰਾ ਅਖਾੜੇ ਦੇ ਵਿਚ ਖਲੋਤਾ ਲਲਕਾਰ ਰਿਹਾ ਸੀ। ਛੇ ਫੁੱਟ ਤੋਂ ਵੀ ਲੰਮਾ ਕੱਦ। ਸ਼ੇਰ ਵਾਂਗ ਚੌੜਾ ਸੀਨਾ, ਮੋਢਿਆਂ ਤੋਂ ਟਾਹਣਾਂ ਵਾਂਗੂੰ ਲਮਕਦੀਆਂ ਸਡੌਲ ਬਾਹਵਾਂ ਤੇ ਲੱਤਾਂ। ਲੱਗਦਾ ਸੀ ਕਿ ਦੋ ਫੌਲਾਦੀ ਖੰਭਿਆਂ ਉਤੇ ਜਗੀਰਾ ਆ ਕੇ ਖਲੋ ਗਿਆ ਏ।

ਢੋਲ ਵੱਜਦਾ ਪਿਆ ਸੀ। ਬਲਕਿ ਖੁਦ ਲਹਿਣਾ ਸਿਹੁੰ ਨੂੰ ਡੰਡ ਬੈਠਕਾਂ ਕੱਢਦਿਆਂ ਵੇਖ ਕੇ ਢੋਲੀ ਨੇ ਢੋਲ ਦੀ ਲੈਅ ਵਿਚ ਤੇਜ਼ੀ ਤੇ ਗੂੰਜ ਭਰ ਦਿੱਤੀ ਸੀ। ਜਗੀਰੇ ਦਾ ਅੰਗ ਅੰਗ ਫਰਕ ਰਿਹਾ ਸੀ ਤੇ ਉਧਰ ਸੱਤਰਾਂ ਸਾਲਾਂ ਦੇ ਲਹਿਣਾ ਸਿਹੁੰ ਨੂੰ ਵੇਖ ਕੇ ਲੋਕ ਅਸ਼ ਅਸ਼ ਕਰ ਉੱਠੇ ਸਨ। "ਸਰੀਰ ਵੇਖੋ ਕਿਵੇਂ ਕਮਾ ਰੱਖਿਆ ਏ।"..."ਇਸ ਉਮਰ ਵਿਚ ਵੀ ਡੌਲਿਆਂ ਦੀ ਮੱਛੀਆਂ ਵੇਖੋ।" ਲੋਕ ਆਪਣੀਆਂ ਆਪਣੀਆਂ ਰਾਵਾਂ ਪ੍ਰਗਟ ਕਰ ਰਹੇ ਸਨ। ਲੁੰਗੀ ਉਤਾਰ ਕੇ ਜਦੋਂ ਲਹਿਣਾ ਸਿਹੁੰ ਅਖਾੜੇ ਦੇ ਅੰਦਰ ਵੱਲ ਨੂੰ ਗਿਆ ਤਾਂ ਲੱਗਦਾ ਸੀ ਕਿ ਸ਼ੇਰ ਆਪਣੇ ਸ਼ਿਕਾਰ ਵੱਲ ਜਾ ਰਿਹਾ ਹੈ। ਢੋਲੀ ਨੇ ਇਕ ਵਾਰੀ ਫੇ ਰ ਢੋਲ ਦੀ ਲੈਅ ਤੇਜ਼ ਕਰ ਦਿੱਤੀ। ਅਖਾੜੇ ਦੇ ਆਲੇ- ਦੁਆਲੇ ਖੜ੍ਹੇ ਲੋਕਾਂ ਦੇ ਦਿਲ ਧੜਕਣ ਲੱਗੇ। ਢੋਲ ਦੀ ਇਹ ਆਵਾਜ਼ ਉਹਨਾਂ ਨੂੰ ਆਪਣੇ ਸੀਨੇ ਦੇ ਅੰਦਰੋਂ ਸੁਣਾਈ ਦੇ ਰਹੀ ਸੀ। ਸਾਰਾ ਮਾਹੌਲ ਖੜੋਤ ਵਿਚ ਆ ਗਿਆ ਜਾਪਦਾ ਸੀ।

ਜਗੀਰਾ ਖਾਮੋਸ਼ ਖਲੋਤਾ ਹੋਇਆ ਸੀ ਤੇ ਲਹਿਣਾ ਸਿਹੁੰ ਹੌਲੀ ਹੌਲੀ ਤੁਰਦਾ ਹੋਇਆ ਜਗੀਰੇ 'ਤੇ ਨਜ਼ਰਾਂ ਜਮਾਈ ਇੰਝ ਵੇਖ ਰਿਹਾ ਸੀ ਜਿਵੇਂ ਵਿਰੋਧੀ ਭਲਵਾਨ ਦੀ ਤਾਕਤ ਦਾ ਅੰਦਾਜ਼ਾ ਲਗਾ ਰਿਹਾ ਹੋਵੇ। ਦਸਾਂ ਕਦਮਾਂ ਦੀ ਵਿੱਥ 'ਤੇ ਖਲੋ ਕੇ ਲਹਿਣਾ ਸਿਹੁੰ ਨੇ ਝੁਕ ਕੇ ਅਖਾੜੇ ਨੂੰ ਪ੍ਰਣਾਮ ਕੀਤਾ। ਫਿਰ ਅਖਾੜੇ ਦੀ ਮਿੱਟੀ ਲੈ ਕੇ ਮੱਥੇ 'ਤੇ ਲਗਾਈ ਤੇ ਫਿਰ ਸ਼ੇਰ ਵਾਂਗੂੰ ਹਮਲਾ ਕਰਨ ਲਈ ਅੱਗੇ ਵਧਿਆ। ਉਸ ਨੇ ਅਜੇ ਆਪਣਾ ਸੱਜਾ ਪੈਰ ਅੱਗੇ ਵਧਾਇਆ ਹੀ ਸੀ ਕਿ ਜਗੀਰਾ ਬਿਜਲੀ ਜਿਹੀ ਤੇਜ਼ੀ ਨਾਲ ਅੱਗੇ ਵਧਿਆ ਤੇ ਬੁੱਢੇ ਉਸਤਾਦ ਦੇ ਪੈਰਾਂ 'ਤੇ ਡਿੱਗ ਪਿਆ ਤੇ ਜ਼ਮੀਨ 'ਤੇ ਪਿਆਂ ਪਿਆਂ ਹੀ ਉਸ ਨੇ ਲਹਿਣਾ ਸਿਹੁੰ ਦੇ ਪੈਰ ਚੁੰਮਣੇ ਸ਼ੁਰੂ ਕਰ ਦਿੱਤੇ।

ਲੋਕ ਹੈਰਾਨ-ਪਰੇਸ਼ਾਨ ਸਨ ਕਿ ਇਹ ਕੀ ਹੋ ਰਿਹਾ ਹੈ ? ਖੁਦ ਲਹਿਣਾ ਸਿਹੁੰ ਹੱਕਾ-ਬੱਕਾ ਖਲੋਤਾ ਹੋਇਆ ਸੀ। ਜਗੀਰਾ ਦੋਵਾਂ ਹੱਥਾਂ ਨਾਲ ਉਸਤਾਦ ਦੀਆਂ ਲੱਤਾਂ ਫੜੀ ਆਪਣੇ ਹੋਂਠ ਉਹਦੇ ਪੰਜਿਆਂ 'ਤੇ ਜਮਾਈ ਉਹਨਾਂ ਨੂੰ ਚੁੰਮੀ ਜਾ ਰਿਹਾ ਸੀ।

ਆਖਿਰ ਲਹਿਣਾ ਸਿਹੁੰ ਨੇ ਆਪਣੇ ਹੱਥਾਂ ਨਾਲ ਫੜ ਕੇ ਜਗੀਰੇ ਨੂੰ ਉਤਾਂਹ

ਖੜ੍ਹਾ ਕੀਤਾ। ਜਗੀਰੇ ਦੀਆਂ ਅੱਖਾਂ ਵਿਚੋਂ ਪਰਲ ਪਰਲ ਹੰਝੂ ਵਹਿ ਰਹੇ ਸਨ। ਲਹਿਣਾ ਸਿਹੁੰ ਨੇ ਜਗੀਰੇ ਨੂੰ ਆਪਣੇ ਸੀਨੇ ਨਾਲ ਲਾ ਲਿਆ। ਉਹਦਾ ਮੋਢਾ ਥਾਪੜ ਕੇ ਉਹਨੂੰ ਹੌਸਲਾ ਦਿੱਤਾ।

ਘੋਲ ਨਾ ਹੋਣ ਕਰ ਕੇ ਲਹਿਣਾ ਸਿਹੁੰ ਧਮਾਲ ਦੇ ਪਹਿਲੇ ਇਨਾਮ ਦਾ ਹੱਕਦਾਰ ਐਲਾਨਿਆ ਗਿਆ ਤੇ ਦੂਜੇ ਦਾ ਜਗੀਰਾ। ਤੇ ਜਦੋਂ ਦੋਵੇਂ ਭਲਵਾਨ ਇਨਾਮ ਲੈਣ ਲਈ ਅੱਗੇ-ਪਿੱਛੇ ਤੁਰਦੇ ਹੋਏ ਮੰਚ ਵੱਲ ਗਏ ਤਾਂ ਐਨ ਮੌਕੇ 'ਤੇ ਲਹਿਣਾ ਸਿਹੁੰ ਨੇ ਜਗੀਰੇ ਨੂੰ ਅੱਗੇ ਕਰ ਦਿੱਤਾ।

"ਪਹਿਲੇ ਇਨਾਮ ਦਾ ਹੱਕਦਾਰ ਜਗੀਰਾ ਈ ਏ, ਪਹਿਲੇ ਇਨਾਮ ਦਾ ਹੱਕਦਾਰ ਜਗੀਰਾ ਈ ਏ।" ਲਹਿਣਾ ਸਿਹੁੰ ਨੂੰ ਉੱਚੀ ਉੱਚੀ ਆਖਦੇ ਹੋਏ ਸੁਣ ਕੇ ਲੋਕ ਅਸ਼ ਅਸ਼ ਕਰ ਉੱਠੇ।

ਜਗੀਰਾ ਹੈਰਾਨ ਸੀ ਕਿ ਆਖਿਰ ਇਹ ਹੋ ਕੀ ਰਿਹਾ ਏ ? ਉਸਤਾਦ ਆਪ ਅੱਗੇ ਹੋ ਕੇ ਉਸ ਨੂੰ ਪਹਿਲਾ ਇਨਾਮ ਦੁਆ ਰਿਹਾ ਸੀ। ਲੋਕਾਂ ਦੇ ਹੋਂਠਾਂ 'ਤੇ ਲਹਿਣਾ ਸਿਹੁੰ ਦੀ ਤਾਰੀਫ਼ ਖੇਡਦੀ ਪਈ ਸੀ। ਤੇ ਝੱਟ ਹੀ ਜਗੀਰੇ ਨੇ ਇਨਾਮ ਦੀ ਰਕਮ ਲਹਿਣਾ ਸਿਹੁੰ ਦੇ ਪੈਰਾਂ ਵਿਚ ਰੱਖ ਦਿੱਤੀ। "ਇਹ ਗੁਰੂ-ਦਖਸ਼ਣਾ ਏ !" ਜਗੀਰਾ ਆਖ ਰਿਹਾ ਸੀ।

ਹੁਣ ਲਹਿਣਾ ਸਿਹੁੰ ਦੇ ਪਰੇਸ਼ਾਨ ਹੋਣ ਦੀ ਵਾਰੀ ਸੀ। ਜਗੀਰਾ ਫਿਰ ਉਸ ਦੇ ਪੈਰ ਫੜੀ ਬੈਠਾ ਸੀ। ਤੇ ਫਿਰ ਜਗੀਰੇ ਦਾ ਉਸਤਾਦ ਕਿਸ਼ਨਾ ਅੱਗੇ ਆਇਆ ਅਤੇ ਲਹਿਣਾ ਸਿਹੁੰ ਦੇ ਹੱਥਾਂ ਵਿਚ ਮੌਲੀ ਦੇਂਦੇ ਹੋਏ ਕਹਿਣ ਲੱਗਾ, "ਲੈ ਅਹਿ ਮੌਲੀ ਜਗੀਰੇ ਦੇ ਗੁੱਟ 'ਤੇ ਬੰਨ੍ਹ ਕੇ ਇਸ ਨੂੰ ਆਪਣਾ ਸ਼ਾਗਿਰਦ ਬਣਾ ਲੈ। ਇਸ ਨੂੰ ਕੁੰਡਲੀ ਮਾਰਨੀ ਸਿਖਾ ਦੇ ਤਾਂਕਿ ਇਹ ਸੱਚਾ ਭਲਵਾਨ ਬਣ ਸਕੇ।"

ਲਹਿਣਾ ਸਿਹੁੰ ਦੇ ਕੰਨਾਂ ਵਿਚ ਜਦੋਂ ਕਿਸ਼ਨੇ ਦੇ ਇਹ ਬੋਲ ਪਏ ਤਾਂ ਉਸ ਨੇ ਝੱਟ ਉਸ ਨੂੰ ਆਪਣੇ ਨਾਲ ਘੁੱਟ ਲਿਆ।

ਦੋ ਵਿਰੋਧੀ ਧੜਿਆਂ ਵਿਚ ਨਵੀਂ ਦੋਸਤੀ ਦੀ ਨੀਂਹ ਰੱਖੀ ਜਾ ਚੁੱਕੀ ਸੀ।

ਇਸ ਲਈ ਢੋਲੀ ਦੇ ਢੋਲ ਦੀ ਲੈਅ ਚਾਰੇ ਪਾਸੇ ਦੂਰ ਦੂਰ ਤਕ ਮਿਠਾਸ ਖਿਲਾਰੀ ਜਾ ਰਹੀ ਸੀ।

# ਤੀਸਰੀ ਜਿੱਤ

"ਕੀ ਤੁਸੀਂ ਮੈਨੂੰ ਅਖਬਾਰ ਪੜ੍ਹ ਕੇ ਸੁਣਾ ਸਕੋਗੇ ?" ਏਸ ਛੋਟੇ ਜਹੇ ਸਵਾਲ ਤੋਂ ਚੰਦਰ ਨਗਰ ਦੇ ਰਹਿਣ ਵਾਲੇ ਬਹੁਤ ਸਾਰੇ ਲੋਕ ਜਾਣੂ ਸਨ।

ਗੋਲ, ਸਫੈਦ ਤੇ ਕੱਟੀ ਹੋਈ ਦਾੜ੍ਹੀ ਵਿਚ ਲੁਕੇ ਝੁਰੜੀਆਂ ਭਰੇ ਪੀਲੇ ਚਿਹਰੇ ਵਾਲਾ ਬਾਬਾ ਵਰਿਆਮਾ, ਇਕ ਹੱਥ ਵਿਚ ਡੰਗੋਰੀ ਅਤੇ ਕੱਛ ਵਿਚ ਦੋ-ਤਿੰਨ ਅਖਬਾਰਾਂ ਦੱਬੀ ਅਕਸਰ ਨਜ਼ਰ ਆਉਂਦਾ। ਸਿਰ 'ਤੇ ਢਿੱਲੀ ਢਿੱਲੀ ਪਰ ਵੱਡੀ ਸਾਰੀ ਪੱਗ, ਲੰਮੀਆਂ ਦਰਜ਼ਾਂ ਵਾਲਾ ਕੁੜਤਾ ਪਾਈ ਤੇ ਚਿੱਟਾ ਤਹਿਮਦ ਬੰਨ੍ਹੀ, ਹਰ ਵਾਕਫ਼ ਨਾਵਾਕਫ਼ ਨੂੰ, ਜੋ ਉਹਦੀ ਜਾਚੇ ਪੜ੍ਹਿਆ ਹੁੰਦਾ, ਏਹ ਸਵਾਲ ਕਰ ਦੇਂਦਾ, "ਕੀ ਤੁਸੀਂ ਮੈਨੂੰ ਅਖਬਾਰ ਪੜ੍ਹ ਕੇ ਸੁਣਾਉਗੇ ?"

ਉਂਝ ਤਾਂ ਬਾਬਾ ਵਰਿਆਮਾ ਹੁਣ ਵੀ ਚੰਦਰ ਨਗਰ ਦੀਆਂ ਸੜਕਾਂ 'ਤੇ ਦਿਖਾਈ ਦੇਂਦਾ ਏ, ਪਰ ਹੁਣ ਉਹਦੀ ਕੱਛ ਵਿਚ ਅਖਬਾਰ ਨਹੀਂ ਹੁੰਦੇ। ਨਾ ਹੀ ਹੁਣ ਉਹ ਕਿਸੇ ਨੂੰ ਅਖਬਾਰ ਪੜ੍ਹ ਕੇ ਸੁਣਾਉਣ ਲਈ ਕਹਿੰਦਾ ਏ। ਹਾਂ, ਨਹਿਰ ਵੱਲ ਜਿਹੜੀ ਸਾਡੀ ਬਸਤੀ ਤੋਂ ਕੋਈ ਦੋ ਮੀਲ ਦੀ ਵਿੱਥ 'ਤੇ ਹੈ, ਉਹ ਸੈਰ ਕਰਨ ਜ਼ਰੂਰ ਜਾਂਦਾ ਏ। ਰਾਤ ਦੇ ਪਿਛਲੇ ਪਹਿਰ, ਜਦ ਪੂਰਾ ਚੰਦਰ ਨਗਰ ਡੂੰਘੀ ਨੀਂਦ ਵਿਚ ਸੌਂ ਰਿਹਾ ਹੁੰਦੈ, ਏਸਦੀਆਂ ਸੁੰਨਸਾਨ ਸੜਕਾਂ ਦੀ ਖਾਮੋਸ਼ੀ ਨੂੰ ਬਾਬੇ ਵਰਿਆਮੇ ਦੀ ਡੰਗੋਰੀ ਦੀ ਖਟ ਖਟ ਤੋੜ ਦੇਂਦੀ ਏ। ਸੈਰ ਤੋਂ ਵਾਪਸ ਆਉਂਦੇ ਹੋਏ ਉਹਦੇ ਹੱਥ ਵਿਚ ਕੋਈ ਨਾ ਕੋਈ ਚੀਜ਼ ਜ਼ਰੂਰ ਹੁੰਦੀ ਏ। ਕਿਸੇ ਦਰਖਤ ਦੀ ਸੁੱਕੀ ਹੋਈ ਟਹਿਣੀ ਜਾਂ ਸੁੱਕਾ ਗੋਹਾ। ਬਰਸਾਤ ਦੇ ਦਿਨਾਂ ਵਿਚ ਉਹ ਬਰਸਾਤੀ ਖੁੰਬਾਂ ਵੀ ਲੱਭ ਕੇ ਲਿਆਉਂਦਾ ਏ।

ਇਹ ਕੋਈ ਚਾਰ ਸਾਲ ਪਹਿਲਾਂ ਦੀ ਗੱਲ ਏ। ਮੈਂ ਆਪਣੇ ਮਕਾਨ ਦੇ ਸਾਹਮਣੇ ਖਲੋਤਾ ਸਾਂ ਕਿ ਕਿਸੇ ਨੇ ਕਿਹਾ, "ਬਾਬੂ ਜੀ, ਇਕ ਮਿੰਟ..."

ਮੈਂ ਦੇਖਿਆ, ਇਕ ਬੁੱਢਾ ਬਾਬਾ, ਹੱਥ ਵਿਚ ਡੰਗੋਰੀ ਫੜੀ ਅੱਖਾਂ 'ਤੇ ਮੋਟੇ ਸ਼ੀਸ਼ਿਆਂ ਦੀ ਐਨਕ ਲਾਈ, ਮੇਰੀ ਵੱਲ ਵੇਖ ਕੇ ਮੁਸਕਰਾ ਰਿਹਾ ਸੀ। ਫੇਰ ਉਹ ਆਪ ਹੀ ਬੋਲਿਆ, "ਮੇਰਾ ਨਾਂ ਵਰਿਆਮਾ ਹੈ ਜੀ ! ਤੁਹਾਡੇ ਨਾਲ ਵਾਲਾ ਮਕਾਨ ਅਸਾਂ ਲਿਆ ਏ।"

"ਐਹ ਸ਼ਾਮ ਲਾਲ ਵਾਲਾ ਮਕਾਨ ?"

"ਹਾਂ ਜੀ, ਇਹੋ। ਉਹਨਾਂ ਨੂੰ ਅਲਾਟ ਤਾਂ ਪੂਰਾ ਹੀ ਹੋਇਆ ਸੀ, ਪਰ ਕਲੇਮ ਦੀ ਰਕਮ ਥੋੜ੍ਹੀ ਸੀ। ਸਾਡਾ ਵੀ ਕਲੇਮ ਥੋੜ੍ਹਾ ਹੀ ਸੀ, ਇਸ ਲਈ ਦੋਹਾਂ ਨੇ ਮਿਲ ਕੇ..."

"ਬੜੀ ਚੰਗੀ ਗੱਲ ਹੈ। ਮੇਰੇ ਲਈ ਕੋਈ ਸੇਵਾ ਹੋਵੇ ਤਾਂ ਦੱਸੋ ?"

"ਬਸ ਜੀ ਮੇਹਰਬਾਨੀ ! ਇਕ ਅਰਜ਼ ਹੈ। ਤੁਸੀਂ ਅਖਬਾਰ ਤਾਂ ਲੈਂਦੇ ਹੀ ਹੋਵੋਗੇ ? ਕੱਲ੍ਹ ਅਖਬਾਰ ਵਾਲਾ ਆਵੇ ਤਾਂ ਉਹਨੂੰ ਕਹਿਣਾ ਮੈਨੂੰ ਭੀ ਦੇ ਜਾਇਆ ਕਰੇ।"

"ਤੁਸੀਂ ਅਖਬਾਰ ਪੜ੍ਹ ਲੈਂਦੇ ਹੋ ?" ਮੈਂ ਸਵਾਲ ਕੀਤਾ।

"ਹਾਂ ! ਹਾਂ ! ਉਂਝ ਤੇ ਨਜ਼ਰ ਹੁਣ ਕਾਫੀ ਕਮਜ਼ੋਰ ਹੋ ਗਈ ਏ। ਪਰ ਹਾਲੀਂ ਤੇ ਗੁਰੂ ਦੀ ਕਿਰਪਾ ਨਾਲ..."

"ਤਾਂ ਤੇ ਬੜੀ ਚੰਗੀ ਸਿਹਤ ਹੈ। ਏਨੀ ਜ਼ਿਆਦਾ ਉਮਰ ਵਿਚ। ਤੁਸੀਂ ਅੱਸੀਆਂ ਸਾਲਾਂ ਦੇ ਤਾਂ ਹੋਵੋਂਗੇ ਹੀ ?" ਮੈਂ ਬੜੇ ਰਸ਼ਕ ਨਾਲ ਕਿਹਾ।

"ਅਜੇ ਤਾਂ ਮੈਂ ਭੁੱਜੇ ਹੋਏ ਛੋਲੇ ਵੀ ਚਬਾ ਲੈਂਦਾ ਹਾਂ।" ਏਹ ਕਹਿੰਦੇ ਹੋਏ ਉਹਨਾਂ ਆਪਣਾ ਮੂੰਹ ਖੋਲ੍ਹ ਦਿੱਤਾ ਜਿਸ ਵਿਚ ਕਿੰਨੇ ਸਾਰੇ ਦੰਦ ਚਮਕ ਰਹੇ ਸਨ।

"ਅੱਛਾ ਬਾਬਾ ਜੀ ! ਅਖਬਾਰ ਵਾਲੇ ਨੂੰ ਜ਼ਰੂਰ ਭੇਜ ਦਿਆਂਗਾ।"

ਉਸ ਦਿਨ ਤੋਂ ਬਾਬੇ ਵਰਿਆਮੇ ਨਾਲ ਰੋਜ਼ ਮੁਲਾਕਾਤ ਹੋਣ ਲੱਗ ਪਈ। ਜਦ ਮੈਂ ਨੌਂ ਸਾਢੇ ਨੌਂ ਵਜੇ ਦੇ ਕਰੀਬ ਦਫਤਰ ਜਾਣ ਲਈ ਘਰੋਂ ਨਿਕਲਦਾ ਤਾਂ ਬਾਬਾ ਵਰਿਆਮਾ ਆਪਣੇ ਮਕਾਨ ਦੇ ਬਰਾਮਦੇ ਵਿਚ ਮੰਜੀ 'ਤੇ ਬੈਠਾ ਅਖਬਾਰ ਪੜ੍ਹ ਰਿਹਾ ਹੁੰਦਾ।

ਸਾਡੀ ਬਸਤੀ ਵਿਚ ਆਉਣ ਤੋਂ ਦੋ ਕੁ ਸਾਲ ਬਾਅਦ ਬਾਬੇ ਵਰਿਆਮੇ ਦੀਆਂ ਅੱਖਾਂ ਜ਼ਿਆਦਾ ਹੀ ਖਰਾਬ ਹੋ ਗਈਆਂ। ਉਸ ਨੇ ਮੈਨੂੰ ਦੱਸਿਆ ਕਿ ਹੁਣ ਅਖਬਾਰ ਦੇ ਅੱਖਰ ਉਸ ਦੀਆਂ ਅੱਖਾਂ ਦੇ ਸਾਮ੍ਹਣੇ ਨੱਚਦੇ ਮਾਲੂਮ ਹੁੰਦੇ ਨੇ ਅਤੇ ਪੜ੍ਹਿਆ ਨਹੀਂ ਜਾਂਦਾ। ਮੈਨੂੰ ਯਾਦ ਹੈ ਇਹ ਕਹਿੰਦੇ ਹੋਏ ਬਾਬਾ ਵਰਿਆਮਾ ਉਦਾਸ ਹੋ ਗਿਆ ਸੀ। ਉਦਾਸ ਹੋਣ ਵਾਲੀ ਗੱਲ ਹੀ ਸੀ। ਵਿਚਾਰੇ ਕੋਲ ਵਕਤ ਗੁਜ਼ਾਰਨ ਲਈ ਇਕੋ-ਇਕ ਸ਼ੁਗਲ ਸੀ ਅਖਬਾਰ ਪੜ੍ਹਨ ਦਾ। ਉਹ ਵੀ ਜਾਂਦਾ ਰਿਹਾ।

ਫੇਰ ਉਹ ਰੋਜ਼ ਸਵੇਰੇ ਮੇਰੇ ਕੋਲ ਆਉਣ ਲੱਗ ਪਿਆ। ਮੈਂ ਅਖਬਾਰ ਪੜ੍ਹ ਕੇ ਸੁਣਾਂਦਾ। ਅੱਠ ਵਜੇ ਦੇ ਕਰੀਬ ਉਹ ਆਪ ਹੀ ਕਹਿੰਦਾ, "ਹੁਣ ਤੁਹਾਡੇ ਦਫਤਰ ਜਾਣ ਦਾ ਵੇਲਾ ਹੋ ਗਿਆ ਏ। ਤਿਆਰੀ ਕਰਨੀ ਹੋਵੇਗੀ, ਮੈਂ ਅਖਬਾਰ ਕਿਸੇ ਹੋਰ ਕੋਲੋਂ ਸੁਣ ਲਵਾਂਗਾ।" ਅਤੇ ਫੇਰ ਸਾਰਾ ਦਿਨ ਉਹ ਬਾਜ਼ਾਰ ਵਿਚ, ਸੜਕ ਤੇ ਹਰ ਇਕ ਦੇ ਅੱਗੇ ਆਪਣਾ ਸਵਾਲ ਦੁਹਰਾ ਦੇਂਦਾ,

"ਕੀ ਤੁਸੀਂ ਮੈਨੂੰ ਅਖਬਾਰ ਪੜ੍ਹ ਕੇ ਸੁਣਾਉਗੇ ?"

ਹਾਂ ਵਿਚ ਜਵਾਬ ਮਿਲਦਿਆਂ ਹੀ ਬਾਬੇ ਵਰਿਆਮੇ ਦੀਆਂ ਅੱਖਾਂ ਹੱਸ ਪੈਂਦੀਆਂ। ਉਹ ਚੁੱਪਚਾਪ ਬੈਠਾ ਅਖਬਾਰ ਸੁਣਨ ਦੇ ਬਾਅਦ ਇਹ ਕਹਿਣਾ ਕਦੇ ਨਾ ਭੁੱਲਦਾ ਕਿ "ਮੁਆਫ ਕਰਨਾ ਤੁਹਾਨੂੰ ਤਕਲੀਫ ਹੋਈ ਏ।" ਕਦੇ-ਕਦੇ ਬਾਬਾ ਵਰਿਆਮਾ ਅਖਬਾਰ ਪੜ੍ਹ ਕੇ ਸੁਣਾਨ ਵਾਲਿਆਂ ਦੀ ਚਾਹ-ਪਾਣੀ ਨਾਲ ਸੇਵਾ ਵੀ ਕਰਦਾ। ਇਕ ਦੇ ਚਲੇ ਜਾਣ ਬਾਅਦ ਉਹ ਦੂਸਰੇ ਦੀ ਤਲਾਸ਼ ਵਿਚ ਲੱਗ ਜਾਂਦਾ, ਅਤੇ ਦੂਸਰੇ ਦੇ ਚਲੇ ਜਾਣ ਬਾਅਦ ਤੀਸਰੇ ਦੀ। ਇਸ ਤਰ੍ਹਾਂ ਇਹ ਸਿਲਸਿਲਾ ਸਾਰਾ ਦਿਨ ਜਾਰੀ ਰਹਿੰਦਾ। ਇਕ ਖਬਰ ਨੂੰ ਵੱਖ ਵੱਖ ਪੜ੍ਹ ਕੇ ਸੁਣਾਨ ਵਾਲੇ ਕਈ ਵਾਰ ਸੁਣਾਂਦੇ। ਪਰ ਬਾਬਾ ਵਰਿਆਮਾ ਕਦੀ ਇਹ ਨਾ ਕਹਿੰਦਾ ਕਿ ਇਹ ਖਬਰ ਉਸ ਨੇ ਪਹਿਲਾਂ ਵੀ ਸੁਣੀ ਹੋਈ ਹੈ, ਕੋਈ ਦੂਸਰੀ ਖਬਰ ਸੁਣਾਉ। ਬਸ ਉਹ ਚੁੱਪਚਾਪ ਸੁਣਦਾ ਰਹਿੰਦਾ।

ਬਾਬੇ ਵਰਿਆਮੇ ਨੇ ਮੈਨੂੰ ਦੱਸਿਆ ਸੀ ਕਿ "ਮੁਲਕ ਦੀ ਤਕਸੀਮ ਤੋਂ ਕੁਝ ਸਮਾਂ ਪਹਿਲਾਂ ਤਕ ਮੈਂ ਲੁਹਾਰ ਦਾ ਕੰਮ ਕੀਤਾ ਸੀ ਅਤੇ ਜਦੋਂ ਮੇਰੇ ਬੁੱਢੇ ਜਿਸਮ ਨੇ ਏਨਾ ਸਖਤ ਕੰਮ ਕਰਨੋਂ ਨਾਂਹ ਕਰ ਦਿੱਤੀ ਤਾਂ ਵੀ ਪਿੰਡ ਵਿਚ ਬੜੇ ਕੰਮ ਸਨ। ਮੈਂ ਪਟਸਨ ਦੀਆਂ ਰੱਸੀਆਂ ਵੱਟਦਾ ਹੁੰਦਾ ਸਾਂ। ਉਸੇ ਨਾਲ ਹੀ ਦਿਲ ਲੱਗਾ ਰਹਿੰਦਾ ਸੀ। ਪਰ ਮੁਲਕ ਦੀ ਤਕਸੀਮ ਦੇ ਬਾਅਦ ਮੇਰਾ ਪੁੱਤ ਲਖਨਊ ਆ ਗਿਆ ਤਾਂ ਮੇਰੇ ਲਈ ਪਹਾੜ ਵਰਗਾ ਦਿਨ ਬੇਕਾਰ ਬੈਠੇ ਬੈਠੇ ਕੱਟਣਾ ਮੁਸ਼ਕਿਲ ਹੋ ਗਿਆ। ਉਹ ਤਾਂ ਉਰਦੂ ਦੇ ਚਾਰ ਅੱਖਰ ਜਾਣਦਾ ਸਾਂ ਅਤੇ ਅਖਬਾਰ ਪੜ੍ਹਨ, ਸੁਣਨ ਦਾ ਸ਼ੌਕ ਪਾ ਲਿਆ, ਨਹੀਂ ਤਾਂ ਮੈਂ ਸਮਝਦਾਂ ਜ਼ਿੰਦਗੀ ਔਖੀ ਹੋ ਜਾਂਦੀ।"

ਉਹ ਮੈਨੂੰ ਵੀ ਸਖਤ ਮਿਹਨਤ ਕਰਨ ਲਈ ਕਿਹਾ ਕਰਦਾ ਸੀ ਅਤੇ ਆਪਣੇ ਪੁੱਤਰ ਜੀਤੇ ਨੂੰ ਤਾਂ ਉਹ ਬੜੇ ਸਖਤ ਲਫ਼ਜ਼ਾਂ ਵਿਚ ਕਹਿੰਦਾ, "ਕੋਈ ਕੰਮ ਕਰਿਆ ਕਰ, ਕੋਈ ਕੰਮ। ਛੇ ਘੰਟੇ ਦਫਤਰ ਦੀਆਂ ਕੁਰਸੀਆਂ ਤੋੜ ਆਏ ਤਾਂ ਸਮਝ ਲਿਆ ਕਿ ਬੜਾ ਤੀਰ ਮਾਰ ਆਏ। ਮੈਨੂੰ ਵਾਢੀ ਦੇ ਦਿਨਾਂ ਵਿਚ ਅੱਧੀ ਰਾਤ ਤਾਈਂ ਦਾਤਰੀਆਂ ਬਨਾਉਣੀਆਂ ਤੇ ਤਿੱਖੀਆਂ ਕਰਨੀਆਂ ਪੈਂਦੀਆਂ ਸਨ। ਅਤੇ ਇਕ ਏਹ ਹੈ ਕਿ ਦਫਤਰੋਂ ਆਇਆ ਤੇ ਤਾਸ਼ ਲੈ ਕੇ ਬਹਿ ਗਿਆ। ਮੈਂ ਕਹਿੰਦਾ ਹਾਂ..."

ਬਾਬੇ ਵਰਿਆਮੇ ਨੇ ਅਖਬਾਰਾਂ ਦੀ ਫਾਈਲ ਬਣਾ ਰੱਖੀ ਸੀ। ਕਦੀ ਕਦੀ ਉਹ ਪੂਰੀ ਫਾਈਲ ਚੁੱਕੀ ਬਾਜ਼ਾਰ ਵਿਚ ਦਿਖਾਈ ਦੇ ਜਾਂਦਾ ਸੀ। ਮੈਂ ਦਿਲ ਹੀ ਦਿਲ ਵਿਚ ਉਹਦੇ ਸ਼ੌਕ ਨੂੰ ਵੇਖ ਕੇ ਹੈਰਾਨ ਹੋਇਆ ਕਰਦਾ ਸਾਂ। ਇਕ ਦਿਨ ਮੈਨੂੰ ਪਤਾ ਲੱਗਾ ਕਿ ਉਹ ਬੀਮਾਰ ਹੋ ਗਿਆ। ਮੈਂ ਤੀਮਾਰਦਾਰੀ ਲਈ ਉਹਨਾਂ ਦੇ ਘਰ ਗਿਆ। ਬੜਾ ਤੇਜ਼ ਬੁਖਾਰ ਸੀ। ਲੂਅ ਲੱਗ ਗਈ ਸੀ।

ਘਰ ਵਾਲੇ ਘਬਰਾਏ ਹੋਏ ਸਨ ਕਿ ਉਹ ਬਚੇਗਾ ਨਹੀਂ। ਪਰ ਉਹ ਬਚ ਗਿਆ।

ਬਚ ਤਾਂ ਗਿਆ ਪਰ ਬੁਖਾਰ ਦੀ ਤੇਜ਼ੀ ਤੇ ਜਿਸਮ ਦੀ ਕਮਜ਼ੋਰੀ ਦੇ ਕਾਰਨ ਉਹਦੇ ਦੋਵੇਂ ਕੰਨ ਖਰਾਬ ਹੋ ਗਏ। ਉਹ ਬੋਲ਼ਾ ਹੋ ਗਿਆ। ਜਦ ਬਾਬੇ ਵਰਿਆਮੇ ਨੂੰ ਆਪਣੇ ਬੋਲ਼ੇ ਹੋਣ ਦਾ ਅਹਿਸਾਸ ਹੋਇਆ ਤਾਂ ਉਹਦਾ ਦਿਲ ਬੈਠ ਗਿਆ। ਮੈਂ ਉਹਦੀਆਂ ਬੁੱਢੀਆਂ ਅਤੇ ਕਮਜ਼ੋਰ ਅੱਖਾਂ ਵਿਚ ਅੱਥਰੂ ਛਲਕਦੇ ਵੇਖੇ। ਗੱਲ ਹੀ ਅਜਿਹੀ ਸੀ। ਬੁੱਢਾ ਹੋ ਜਾਣ 'ਤੇ ਲੁਹਾਰ ਦਾ ਕੰਮ ਛੁੱਟਿਆ ਤਾਂ ਉਹਨੇ ਸਣ ਦੀਆਂ ਰੱਸੀਆਂ ਵੱਟਣੀਆਂ ਸ਼ੁਰੂ ਕਰ ਦਿੱਤੀਆਂ। ਉਹ ਕੰਮ ਛੁੱਟਾ ਤਾਂ ਅਖਬਾਰ ਦਾ ਸ਼ੁਗਲ ਸ਼ੁਰੂ ਕਰ ਦਿੱਤਾ। ਅੱਖਾਂ ਖਰਾਬ ਹੋਈਆਂ ਤਾਂ ਲੋਕਾਂ ਕੋਲੋਂ ਅਖਬਾਰ ਪੜ੍ਹਵਾ ਕੇ ਸੁਣਦਾ ਰਿਹਾ। ਅਤੇ ਹੁਣ ਕੁਦਰਤ ਨੇ ਉਹਦੀ ਸੁਣਨ ਦੀ ਤਾਕਤ ਵੀ ਖੋਹ ਲਈ। ਉਹਦੇ ਜੀਣ ਦੇ ਨਿਸ਼ਚੇ ਦੀ ਹਾਰ ਹੋ ਗਈ ਸੀ। ਹੁਣ ਉਹ ਕਿਸੇ ਕੋਲੋਂ ਅਖਬਾਰ ਨਹੀਂ ਸੀ ਸੁਣ ਸਕਦਾ। ਉਸ ਦਾ ਸ਼ੁਗਲ ਜੋ ਉਸ ਦੇ ਜੀਣ ਦਾ ਸਹਾਰਾ ਖੁੱਸ ਗਿਆ ਸੀ। ਉਸ ਦੀ ਰੂਹ ਦੀ ਖੁਰਾਕ...! ਪਰ ਬਾਬਾ ਵਰਿਆਮਾ ਉਹਨਾਂ ਆਦਮੀਆਂ 'ਚੋਂ ਨਹੀਂ ਸੀ ਜੋ ਹਿੰਮਤ ਹਾਰ ਕੇ ਬੈਠ ਜਾਂਦੇ ਨੇ। ਉਹ ਉਹਨਾਂ ਲੋਕਾਂ ਵਿਚੋਂ ਸੀ ਜੋ ਜ਼ਿੰਦਗੀ ਦੀ ਵੱਡੀ ਤੋਂ ਵੱਡੀ ਤੇ ਸਖਤ ਤੋਂ ਸਖਤ ਔਕੜ ਆ ਜਾਣ 'ਤੇ ਵੀ ਛਾਤੀ ਤਾਣ ਕੇ ਖਲੋਤੇ ਰਹਿੰਦੇ ਨੇ ਅਡੋਲ। ਬਾਬੇ ਵਰਿਆਮੇ  ਦੀ ਤਬੀਅਤ ਇਕ ਲੁਹਾਰ ਵਰਗੀ ਸੀ ਜੋ ਆਪਣੀਟਾਂ ਮਜ਼ਬੂਤ ਬਾਹਵਾਂ ਨਾਲ ਲੋਹੇ ਵਰਗੀ ਸਖਤ ਚੀਜ਼ ਨੂੰ ਵੀ ਆਪਣੀ ਮਰਜ਼ੀ ਮੁਤਾਬਿਕ ਢਾਲ ਸਕਦਾ ਸੀ।

ਇਕ ਦਿਨ ਸਵੇਰੇ ਸਵੇਰੇ ਮੈਂ ਕਾਨ੍ਹਪੁਰ ਵਾਲੀ ਸੜਕ 'ਤੇ ਸੈਰ ਕਰ ਰਿਹਾ ਸੀ ਕਿ ਇਕ ਗੱਡੇ ਪਿੱਛੇ ਬਾਬੇ ਵਰਿਆਮੇ ਦੀ ਜਾਣੀ-ਪਹਿਚਾਣੀ ਆਵਾਜ਼ ਸੁਣਾਈ ਦਿੱਤੀ। ਉਹ ਬੈਲਗੱਡੀ 'ਤੇ ਬੈਠੇ ਗਾਡੀਵਾਨ ਨੂੰ ਕਹਿ ਰਿਹਾ ਸੀ ਕਿ ਇਕ ਵਾਰੀ ਮੈਂ ਅਖਬਾਰ ਵਿਚ ਪੜ੍ਹਿਆ ਸੀ ਕਿ..."

ਉਸ ਤੋਂ ਅਗਲੇ ਦਿਨ ਮੈਂ ਬਾਬੇ ਵਰਿਆਮੇ ਨੂੰ ਬਹੁਤ ਸਾਰੇ ਬੱਚਿਆਂ ਵਿਚ ਘਿਰਿਆ ਹੋਇਆ ਵੇਖਿਆ। ਉਹ ਉਹਨਾਂ ਨੂੰ ਕੋਈ ਕਹਾਣੀ ਸੁਣਾ ਰਿਹਾ ਸੀ।

ਆਪਣਾ ਵਕਤ ਗੁਜ਼ਾਰਨ ਲਈ ਇਹ ਬਾਬੇ ਵਰਿਆਮੇ ਦਾ ਨਵਾਂ ਸ਼ੁਗਲ ਸੀ ਅਤੇ ਉਹਦੇ ਅਟੱਲ ਨਿਸ਼ਚੇ ਦੀ ਤੀਸਰੀ ਜਿੱਤ।

# ਇੰਤਜ਼ਾਰ ਕਲਾਕਾਰ ਦਾ

ਗੱਲ ਹਜ਼ਾਰਾਂ ਸਾਲ ਪੁਰਾਣੀ ਹੈ।

ਇਕ ਪੱਥਰ ਦੀ ਬਦਕਿਸਮਤੀ ਦੇਖੋ ਕਿ ਚੁਣਿਆ ਤਾਂ ਗਿਆ ਸੀ ਉਸ ਨੂੰ ਭਗਵਾਨ ਦੀ ਮੂਰਤੀ ਬਨਾਉਣ ਲਈ ਪਰ ਅਗਲੇ ਹੀ ਪਲ ਕਲਾਕਾਰ ਨੇ ਉਸ ਵਿਚੋਂ ਯਮਦੂਤ ਦੀ ਮੂਰਤੀ ਤਰਾਸ਼ ਦਿੱਤੀ।

ਇਹ ਅਰਥ ਦਾ ਅਨਰਥ ਕਿਵੇਂ ਹੋ ਗਿਆ ? ਇਸ ਦੇ ਬਾਰੇ ਜੋ ਗੱਲਾਂ ਕਹੀਆਂ ਜਾਂਦੀਆਂ ਹਨ, ਉਹਨਾਂ ਦਾ ਨਿਚੋੜ ਇਹ ਹੈ ਕਿ ਜਿਸ ਰਾਜੇ ਨੇ ਕਲਾਕਾਰ ਨੂੰ ਭਗਵਾਨ ਦੀ ਮੂਰਤੀ ਬਨਾਉਣ ਦੇ ਲਈ ਕਿਹਾ ਸੀ ਉਹ ਕਿਸੇ ਕਾਰਨ ਆਪਣੇ ਵਾਅਦੇ ਤੋਂ ਮੁੱਕਰ ਗਿਆ ਅਤੇ ਕਲਾਕਾਰ ਜੋ ਰਾਜੇ ਦੀ ਜ਼ਰੂਰਤ ਨੂੰ ਮੁੱਖ ਰੱਖ ਕੇ ਸਾਲਾਂਬੱਧੀ ਮੁਨਾਸਬ ਪੱਥਰ ਦੀ ਤਲਾਸ਼ ਵਿਚ ਪਹਾੜ ਵਿਚ ਭਟਕਦਾ ਫਿਰਿਆ ਸੀ ਉਸ ਨੇ ਚਿੜ ਕੇ ਉਸ ਪੱਥਰ ਵਿਚੋਂ ਭਗਵਾਨ ਦੀ ਮੂਰਤੀ ਦੀ ਬਜਾਏ ਯਮਦੂਤ ਦੀ ਮੂਰਤੀ ਬਣਾ ਦਿੱਤੀ।

ਗੱਲ ਕੁਝ ਵੀ ਹੋਵੇ ਪਰ ਯਮਦੂਤ ਬਣ ਜਾਣ ਉਤੇ ਪੱਥਰ ਅਤੇ ਦੁਨੀਆਂ ਉਤੇ ਜੋ ਬੀਤ ਗਈ ਉਹ ਕਹਾਣੀ ਬੜੀ ਦਰਦਨਾਕ ਹੈ।

ਜਦ ਉਹ ਕਲਾਕਾਰ ਪਹਾੜਾਂ ਅਤੇ ਪਹਾੜਾਂ ਦੀਆਂ ਕੰਦਰਾਂ ਵਿਚ ਪੱਥਰ ਤਲਾਸ਼ ਕਰ ਰਿਹਾ ਸੀ ਤਾਂ ਉਸ ਵਕਤ ਪਹਾੜਾਂ ਨੂੰ ਜਦ ਇਹ ਪਤਾ ਚੱਲਿਆ ਕਿ ਉਸ ਕਲਾਕਾਰ ਨੂੰ ਭਗਵਾਨ ਦੀ ਮੂਰਤੀ ਲਈ ਪੱਥਰ ਦੀ ਤਲਾਸ਼ ਹੈ ਤਾਂ ਉਹਨਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਉਹਨਾਂ ਸੋਚਿਆ ਕਿ ਸਾਡੇ ਕਲਿਆਣ ਦਾ ਵਕਤ ਆਣ ਪਹੁੰਚਿਆ ਹੈ, ਇਸ ਲਈ ਹਰ ਪਹਾੜ ਨੇ ਆਪਣੀ ਛਾਤੀ ਖੋਲ੍ਹ ਕੇ ਕਲਾਕਾਰ ਨੂੰ ਦਿਖਾਈ। ਉਹ ਕਲਾਕਾਰ ਆਪਣੀ ਪਾਰਖੂ ਅੱਖ ਨਾਲ, ਕਿਸੇ ਚੀਜ਼ ਦੇ ਵਿਚੋਂ ਨਿਕਲ ਜਾਣ ਵਾਲੀਆਂ ਨਜ਼ਰਾਂ ਨਾਲ ਪੱਥਰ ਨੂੰ ਹਰ ਪਹਿਲੂ ਤੋਂ ਵੇਖਦਾ।

ਆਪਣੀ ਛੋਟੀ ਜਹੀ ਹਥੌੜੀ ਨਾਲ ਸੱਟ ਮਾਰ ਕੇ ਉਸ ਦੀ ਆਵਾਜ਼ ਸੁਣਦਾ ਅਤੇ ਕਦੇ ਕਦੇ ਤਾਂ ਛੈਣੀ ਨਾਲ ਖੁਰਚ ਕੇ ਵੀ ਅੰਦਾਜ਼ਾ ਲਾਉਂਦਾ ਕਿ ਪੱਥਰ ਕਿਹੋ ਜਿਹਾ ਹੈ ? ਇਸ ਤਰ੍ਹਾਂ ਕਈ ਵਰ੍ਹਿਆਂ ਮਗਰੋਂ ਇਕ ਦਿਨ ਜਦ ਇਸ ਪੱਥਰ ਨੂੰ ਪਰਖਣ ਤੋਂ ਮਗਰੋਂ ਕਲਾਕਾਰ ਦੀਆਂ ਅੱਖਾਂ ਵਿਚ ਚਮਕ

ਪੈਦਾ ਹੋ ਗਈ ਤਾਂ ਉਸ ਪੱਥਰ ਦੇ ਰੇਸ਼ੇ ਵੀ ਇਉਂ ਮਹਿਸੂਸ ਕਰਨ ਲੱਗੇ ਜਿਵੇਂ ਉਹ ਰੇਸ਼ਮ ਦੇ ਰੇਸ਼ਿਆਂ ਦੀ ਤਰ੍ਹਾਂ ਨਰਮ ਹੋ ਗਏ ਹੋਣ। ਉਸ ਦੇ ਕਣ-ਕਣ ਨੇ ਮਹਿਸੂਸ ਕੀਤਾ ਜਿਵੇਂ ਕਣ ਕਣ ਵਿਚ ਮੌਜੂਦ ਭਗਵਾਨ ਉਹਨਾਂ ਦੇ ਰਾਹੀਂ ਆਪਣੇ ਆਪ ਨੂੰ ਦੁਨੀਆਂ ਉਤੇ ਜ਼ਾਹਿਰ ਕਰਨ ਜਾ ਰਿਹਾ ਹੋਵੇ। ਗੱਲ ਕੀ ਉਸ ਪੱਥਰ ਦੇ ਅੰਦਰ ਜ਼ਿੰਦਗੀ ਦੀ ਰੂਹ ਦੌੜ ਗਈ ਸੀ ਅਤੇ ਉਹ ਉਹਨਾਂ ਦਿਨਾਂ ਦੀ ਕਲਪਨਾ ਕਰ ਰਿਹਾ ਸੀ ਜਦ ਉਸ ਦੇ ਜਿਸਮ 'ਚੋਂ ਭਗਵਾਨ ਸਾਕਾਰ ਹੋ ਉਠਣਗੇ। ਉਸ ਨੇ ਸੋਚਿਆ ਪਤਾ ਨਹੀਂ ਉਸ ਨੇ ਪੁਰਾਣੇ ਜਨਮ ਵਿਚ ਕਿਹੜੇ ਚੰਗੇ ਕੰਮ ਕੀਤੇ ਹਨ ਜੋ ਭਗਵਾਨ ਨੇ ਇੰਨੀ ਮਿਹਰ ਕੀਤੀ ਹੈ ਜਾਂ ਫੇਰ ਖੁਦ ਭਗਵਾਨ ਨੂੰ ਹੀ ਉਸ ਦੀ ਇਸ ਪੱਥਰ ਜਿਹੀ ਹਾਲਤ ਉਤੇ ਤਰਸ ਆ ਗਿਆ ਹੈ ਅਤੇ ਉਹਨਾਂ ਨੇ ਇਸ ਕਲਾਕਾਰ ਨੂੰ ਹੁਕਮ ਦਿੱਤਾ ਹੈ ਕਿ ਜਾਓ ਅਤੇ ਉਸ ਪੱਥਰ ਦਾ ਕਲਿਆਣ ਕਰ ਦੇਵੋ।

ਇਸ ਲਈ ਉਹ ਆਪਣੀ ਖੁਸ਼ਕਿਸਮਤੀ ਉਤੇ ਫੁੱਲਿਆ ਨਹੀਂ ਸਮਾਉਂਦਾ ਸੀ ਅਤੇ ਹਰ ਘੜੀ ਹਰ ਪਲ ਉਸ ਵਕਤ ਦਾ ਬੇਚੈਨੀ ਨਾਲ ਇੰਤਜ਼ਾਰ ਕਰ ਰਿਹਾ ਸੀ ਜਦ ਉਸ ਦੇ ਵਜੂਦ ਵਿਚੋਂ ਕਲਾਕਾਰ ਦੀ ਮੂਰਤੀ ਤਿਆਰ ਹੋਵੇਗੀ। ਉਹ ਸੋਚਦਾ, ਉਸ ਨੂੰ ਮੰਦਰ ਵਿਚ ਸਥਾਪਤ ਕਰਦੇ ਹੋਏ ਦੁੱਧ ਨਾਲ ਨੁਹਾਇਆ ਜਾਵੇਗਾ। ਮੰਤ੍ਰਾਂ ਦਾ ਉਚਾਰਣ ਹੋਵੇਗਾ ਤਾਂ ਉਹਨਾਂ ਰਿਸ਼ੀਆਂ-ਮੁਨੀਆਂ ਦੀ ਕਹੀ ਹੋਈ ਬਾਣੀ ਉਸ ਦੇ ਕੰਨਾਂ ਵਿਚ ਪਵੇਗੀ ਜਿਨ੍ਹਾਂ ਦੀ ਲੋਕ ਪੂਜਾ ਕਰਦੇ ਹਨ। ਓਹ ! ਮੈਂ ਵੀ ਕੀ ਸੋਚ ਰਿਹਾ ਹਾਂ ! ਪੂਜਾ ਤਾਂ ਅਸਲ ਵਿਚ ਉਸ ਵਕਤ ਮੇਰੀ ਹੀ ਹੋ ਰਹੀ ਹੋਵੇਗੀ। ਨਹੀਂ, ਨਹੀਂ ! ਅਜਿਹਾ ਸੋਚਣਾ ਪਾਪ ਹੈ। ਪੂਜਾ ਮੇਰੀ ਨਹੀਂ ਹੋਵੇਗੀ, ਮੈਂ ਤਾਂ ਸਿਰਫ਼ ਇਕ ਪੱਥਰ ਹਾਂ। ਪੂਜਾ ਤਾਂ ਮੇਰੇ ਅੰਦਰ ਮੌਜੂਦ ਭਗਵਾਨ ਦੀ ਹੋਵੇਗੀ। ਫੁੱਲ ਚੜ੍ਹਾਏ ਜਾਣਗੇ। ਪੁਜਾਰਨਾਂ ਆਉਣਗੀਆਂ ਹੱਥਾਂ ਵਿਚ ਆਰਤੀ ਦੀਆਂ ਥਾਲੀਆਂ ਲੈ ਕੇ, ਆਰਤੀ ਦੇ ਦੀਵੇ ਦੀ ਲੋਅ ਵਿਚ ਮੈਂ ਉਹਨਾਂ ਖੂਬਸੂਰਤ ਚਿਹਰਿਆਂ ਨੂੰ ਵੇਖ ਕੇ ਆਪਣੇ ਅੰਦਰ ਮੌਜੂਦ ਭਗਵਾਨ ਨੂੰ ਕਹਾਂਗਾ, "ਭਗਵਾਨ ਉਹਨਾਂ ਦੇ ਮਨਾਂ ਦੀ ਮੁਰਾਦ ਪੂਰੀ ਕਰ ਦਿਓ।"

ਉਸ ਪੱਥਰ ਨੇ ਹੋਰ ਪਤਾ ਨਹੀਂ ਕੀ ਕੀ ਸੋਚ ਲਿਆ ਹੋਵੇਗਾ।

ਪਰ ਉਸ ਦੇ ਸਾਰੇ ਸੁਪਨੇ ਅਧੂਰੇ ਰਹਿ ਗਏ ਬਲਕਿ ਕਹਿਣਾ ਚਾਹੀਦਾ ਹੈ ਕਿ ਉਸ ਦੇ ਸੁਪਨੇ ਚਕਨਾਚੂਰ ਹੋ ਗਏ ਕਿਉਂਕਿ ਕਲਾਕਾਰ ਨੇ ਉਸ ਨੂੰ ਭਗਵਾਨ ਦੀ ਥਾਂ ਯਮਦੂਤ ਦੀ ਸ਼ਕਲ ਵਿਚ ਤਰਾਸ਼ ਦਿੱਤਾ।

ਉਹ ਸੋਚਦਾ ਇਸ ਤੋਂ ਚੰਗਾ ਤਾਂ ਇਹੀ ਸੀ ਕਿ ਮੈਂ ਖੁਦ ਹੀ ਚਕਨਾਚੂਰ ਹੋ ਜਾਂਦਾ। ਕਣ ਕਣ ਹੋ ਕੇ ਖਿੱਲਰ ਜਾਂਦਾ। ਐ ਭਗਵਾਨ ਤੇਰੀ ਸ਼ਕਤੀ ਅਪਾਰ ਹੈ। ਤੂੰ ਚਾਹੁੰਦਾ ਤਾਂ ਤੇਰੇ ਇਕ ਇਸ਼ਾਰੇ ਉਤੇ ਮੈਂ ਕਣ ਕਣ ਹੋਕੇ

ਖਿਲਰ ਜਾਂਦਾ। ਇਹ ਤਾਂ ਕਿਤੇ ਚੰਗਾ ਸੀ। ਇਸੇ ਬਹਾਨੇ ਮੇਰੇ ਵਿਚ ਹਰਕਤ ਆ ਜਾਂਦੀ। ਮੈਂ ਹਵਾ ਦੇ ਝੋਂਕੇ ਉਤੇ ਸਵਾਰ ਹੋ ਕੇ ਭਗਵਾਨ ਦੇ ਚਰਨਾਂ ਨਾਲ ਜਾ ਚਿੰਬੜਦਾ। ਰੋ ਰੋ ਕੇ ਉਸ ਤੋਂ ਆਪਣੀਆਂ ਗ਼ਲਤੀਆਂ ਦੀ ਮੁਆਫੀ ਮੰਗ ਲੈਂਦਾ।

ਪਰ ਹੁਣ ਤਾਂ ਮੈਂ ਪੱਥਰ ਤੋਂ ਵੀ ਗਿਆ-ਗੁਜ਼ਰਿਆ ਹਾਂ। ਇਸ ਤੋਂ ਮੇਰਾ ਪਹਿਲਾਂ ਵਾਲਾ ਵਜੂਦ ਕਿਤੇ ਵਧੀਆ ਸੀ। ਘੱਟ ਤੋਂ ਘੱਟ ਆਪਣੇ ਕੁਦਰਤੀ ਮਾਹੌਲ ਵਿਚ ਤਾਂ ਜ਼ਿੰਦਗੀ ਬਸਰ ਕਰ ਰਿਹਾ ਸੀ। ਹੁਣ ਤਾਂ ਯਮਦੂਤ ਦੀ ਸ਼ਕਲ ਵਿਚ ਵੇਖ ਕੇ ਕੋਈ ਮੇਰੇ ਨੇੜੇ ਵੀ ਨਹੀਂ ਆਉਂਦਾ। ਸਾਰੇ ਮੈਨੂੰ ਵੇਖ ਕੇ ਡਰਦੇ ਹਨ। ਮੈਨੂੰ ਯਾਦ ਹੈ ਇਕ ਵਾਰ ਤਾਂ ਮੈਨੂੰ ਵੇਖ ਕੇ ਉਸ ਕਲਾਕਾਰ ਦੀ ਰੂਹ ਵੀ ਕੰਬ ਉਠੀ ਸੀ ਜਿਸ ਨੇ ਮੈਨੂੰ ਜਨਮ ਦਿੱਤਾ ਸੀ। ਮੈਨੂੰ ਅਫਸੋਸ ਹੈ ਤਾਂ ਇਸ ਗੱਲ ਦਾ ਕਿ ਮੈਂ ਉਸੇ ਵਕਤ ਉਸ ਦੀ ਰੂਹ ਕਿਉਂ ਨਾ ਫੜ ਲਈ। ਉਸ ਨੂੰ ਇਸ ਜੁਰਮ ਦੀ ਸਜ਼ਾ ਤਾਂ ਮਿਲਣੀ ਹੀ ਚਾਹੀਦੀ ਸੀ ਪਰ ਸੀ ਤਾਂ ਆਖਰ ਵਿਚ ਇਕ ਪੱਥਰ ਹੀ। ਉਸ ਵਕਤ ਮੈਨੂੰ ਇਹ ਗੱਲ ਸੁੱਝੀ ਹੀ ਨਹੀਂ। ਨਹੀਂ ਤਾਂ...

ਇਸ ਤਰ੍ਹਾਂ ਉਹ ਪੱਥਰ ਆਪਣੇ-ਆਪ ਉਤੇ ਕੁੜ੍ਹਦਾ ਰਹਿੰਦਾ। ਆਪਣੀ ਬਦਕਿਸਮਤੀ ਉਤੇ ਹੰਝੂ ਵਹਾਉਂਦਾ ਰਹਿੰਦਾ ਪਰ ਸਿਰਫ ਹੰਝੂ ਵਹਾਉਣ ਨਲ ਕੁਝ ਨਹੀਂ ਹੁੰਦਾ। ਉਲਟਾ ਨੁਕਸਾਨ ਹੀ ਹੁੰਦਾ ਹੈ। ਇਸ ਬੁੱਤ ਦੇ ਨਾਲ ਵੀ ਉਹੀ ਹੋਇਆ। ਇਤਫ਼ਾਕ ਨਾਲ ਉਧਰ ਤੋਂ ਜਾਂਦੀ ਹੋਈ ਯਮਦੂਤ ਦੀ ਰੂਹ ਨੇ ਉਸ ਖਾਲੀ ਬੁੱਤ ਨੂੰ ਵੇਖਿਆ ਤਾਂ ਉਸ ਵਿਚ ਦਾਖਲ ਹੋ ਗਈ। ਬਸ ਉਸ ਦਿਨ ਤੋਂ ਉਸ ਬੁੱਤ ਨੇ ਆਪਣੇ ਵਜੂਦ ਵਿਚ ਆਈ ਇਸ ਤਾਕਤ ਨੂੰ ਪਛਾਣਿਆ ਅਤੇ ਆਪਣੀ ਖੇਡ ਖੇਡਣਾ ਸ਼ੁਰੂ ਕਰ ਦਿੱਤੀ।

ਉਹ ਚੁੱਪ ਕਰ ਕੇ ਜਾਂਦਾ ਅਤੇ ਇਕ ਭਰਾ ਨੂੰ ਉਕਸਾਉਂਦਾ ਕਿ ਜਾਓ ਅਤੇ ਆਪਣੇ ਭਰਾ ਦੇ ਢਿੱਡ ਵਿਚ ਛੁਰਾ ਖੋਭ ਦਿਓ। ਇਸ ਨਾਲ ਤੁਹਾਨੂੰ ਲਾਭ ਹੋਵੇਗਾ। ਉਸੇ ਵਕਤ ਦੂਜੇ ਭਰਾ ਦਾ ਲਹੂ ਜ਼ਮੀਨ ਉਤੇ ਵਹਿਣ ਲੱਗਦਾ। ਉਸ ਦੀ ਦਿਲ-ਹਿਲਾਊ ਚੀਕ ਹਵਾ ਵਿਚ ਉੱਭਰਦੀ। ਉਹ ਠਹਾਕਾ ਮਾਰ ਕੇ ਹੱਸਦਾ ਅਤੇ ਆਪਣੇ ਵਜੂਦ ਵਿਚ ਸਿਮਟ ਜਾਂਦਾ। ਅਗਲੀ ਵਾਰ ਉਹ ਨਿਕਲਦਾ ਤਾਂ ਇਕ ਗਰੋਹ ਨੂੰ ਉਕਸਾ ਦੇਂਦਾ ਕਿ ਫਲਾਣਾ ਗਰੋਹ ਤੁਹਾਡਾ ਦੁਸ਼ਮਣ ਹੈ। ਬੱਸ ਫਿਰ ਕੀ ਸੀ, ਉਹ ਸੈਂਕੜੇ ਹਜ਼ਾਰਾਂ ਦੀ ਗਿਣਤੀ ਵਿਚ ਨਿਕਲਦੇ ਅਤੇ ਲਹੂ ਦੀਆਂ ਨਦੀਆਂ ਵਹਿਣ ਲਗ ਜਾਂਦੀਆਂ।

ਇਹ ਖ਼ੂਨੀ ਨਾਚ ਵੇਖ ਕੇ ਯਮਦੂਤ ਦੀ ਮੂਰਤੀ ਨੂੰ ਬੜੀ ਸ਼ਾਂਤੀ ਮਿਲਦੀ। ਉਸ ਨੂੰ ਇਉਂ ਜਾਪਦਾ ਜਿਵੇਂ ਉਹ ਸਾਰੇ ਜ਼ਮਾਨੇ ਤੋਂ ਬਦਲਾ ਲੈ ਰਿਹਾ ਹੋਵੇ। ਉਹ ਖੁਸ਼ ਖੁਸ਼ ਵਾਪਸ ਮੁੜਦਾ ਪਰ ਅਕਸਰ ਉਸ ਦੀ ਨੀਂਦ ਉਚਾਟ ਹੋ

ਜਾਂਦੀ। ਉਸ ਨੂੰ ਲਗਦਾ ਕਿ ਸੁਪਨੇ ਵਿਚ ਕੋਈ ਆਉਂਦਾ ਹੈ ਅਤੇ ਉਸ ਨੂੰ ਕਹਿੰਦਾ ਹੈ ਕਿ ਇਹ ਤੂੰ ਕੀ ਕਰ ਰਿਹਾ ਹੈਂ ? ਮੌਤ ਦਾ ਇਹ ਖੇਡ ਬੰਦ ਕਰ ਦੇ। ਇਹ ਦਰਿੰਦਗੀ ਹੈ, ਇਨਸਾਨੀਅਤ ਨਹੀਂ। ਪਰ ਸੁਪਨੇ ਦੇ ਟੁੱਟਦੇ ਹੀ ਉਸ ਦੇ ਅੰਦਰ ਫੇਰ ਉਹੀ ਯਮਦੂਤ ਹਾਵੀ ਹੋ ਜਾਂਦਾ ਅਤੇ ਉਹ ਆਪਣੀ ਦਰਿੰਦਗੀ ਦੀ ਖੇਡ ਖੇਡਣ ਲਾਂਈ ਮਨਸੂਬੇ ਬਨਾਉਣ ਲੱਗਦਾ। ਮਜ਼ਹਬ, ਰੰਗ, ਨਸਲ, ਕੌਮੀਅਤ, ਫਿਰਕਾਪ੍ਰਸਤੀ ਇਨ੍ਹਾਂ ਸਾਰਿਆਂ ਦੀ ਆੜ ਵਿਚ ਉਸ ਨੇ ਪੂਰੀ ਇਨਸਾਨੀ ਬਰਾਦਰੀ ਨੂੰ ਅਜਿਹੇ ਮੋੜ ਉਤੇ ਪੁਚਾ ਦਿੱਤਾ ਜਿੱਥੇ ਮੌਤ ਦਾ ਸਮੁੰਦਰ ਠਾਠਾਂ ਮਾਰਦਾ ਰਹਿੰਦਾ ਸੀ ਅਤੇ ਜ਼ਿੰਦਗੀ ਪਲ ਪਲ ਉਸ ਵਿਚ ਡਿੱਗ ਕੇ ਖੁਦਕੁਸ਼ੀ ਕਰਦੀ ਰਹਿੰਦੀ।

ਇਸ ਤਰ੍ਹਾਂ ਹਜ਼ਾਰਾਂ ਸਾਲ ਬੀਤ ਗਏ। ਉਹ ਪੱਥਰ ਦੀ ਮੂਰਤੀ ਆਪਣਾ ਖੇਡ ਖੇਡਦੀ ਰਹੀ।

ਫਿਰ ਇਕ ਦਿਨ ਇਕ ਕਲਾਕਾਰ ਦੇ ਕਦਮ ਉਸ ਮੂਰਤੀ ਦੇ ਸਾਮ੍ਹਣੇ ਰੁਕ ਗਏ। ਉਹ ਹੈਰਾਨ ਹੋ ਕੇ ਉਸ ਮੂਰਤੀ ਨੂੰ ਗੌਰ ਨਾਲ ਵੇਖ ਰਿਹਾ ਸੀ ਅਤੇ ਦਿਲ ਹੀ ਦਿਲ ਵਿਚ ਸੋਚ ਰਿਹਾ ਸੀ, "ਓਏ ਇਹ ਕੀ ਹੋ ਗਿਆ ? ਕਿਸੇ ਕਲਾਕਾਰ ਨੇ ਇਹ ਅਰਥ ਦਾ ਅਨਰਥ ਕਿਵੇਂ ਕਰ ਦਿੱਤਾ ? ਇਸ ਮੂਰਤੀ ਵਿਚ ਤਾਂ ਭਗਵਾਨ ਬਣਨ ਦੇ ਸਾਰੇ ਗੁਣ ਮੌਜੂਦ ਹਨ। ਇਸ ਦੇ ਮੱਥੇ ਨੂੰ ਥੋੜ੍ਹਾ ਜਿਹਾ ਛਿੱਲਣ ਦੀ ਜ਼ਰੂਰਤ ਹੈ ਝੱਟ ਭਗਵਾਨ ਦਾ ਨੂਰ ਫੁੱਟ ਪਵੇ ਗਾ। ਇਸ ਵਿਚ ਤਾਂ ਅਜਿਹੇ ਰੇਸ਼ੇ ਹਨ ਕਿ ਉਹਨਾਂ ਉਤੇ ਥੋੜ੍ਹੀ ਜਿਹੀ ਛੈਣੀ ਲਾ ਦਿੱਤੀ ਜਾਵੇ ਤਾਂ ਭਗਵਾਨ ਦੇ ਗਲ ਦੀ ਮਾਲਾ ਬਣੀ-ਬਣਾਈ ਹੈ, ਇਸ ਵਿਚ ਤਾਂ...

ਬਸ ਉਸ ਦਾ ਇਸ ਤਰ੍ਹਾਂ ਸੋਚਣਾ ਹੀ ਸੀ ਕਿ ਯਮਦੂਤ ਦੀ ਮੂਰਤੀ ਨੂੰ ਵੀ ਜਿਵੇਂ ਆਪਣੀ ਦਰਿੰਦਗੀ ਉਤੇ ਸ਼ਰਮਿੰਦਗੀ ਹੋਣ ਲੱਗੀ। ਉਸ ਦੇ ਦਿਲ ਵਿਚ ਆਪਣਾ ਚੋਲਾ ਬਦਲਣ ਦੀ ਖੁਹਾਇਸ਼ ਮਚਲ ਉਠੀ। ਸੁਪਨੇ ਵਿਚ ਆ ਕੇ ਜੋ ਤਾਕਤ ਉਸ ਨੂੰ ਦਰਿੰਦਗੀ ਦੇ ਕੰਮਾਂ ਤੋਂ ਰੋਕਿਆ ਕਰਦੀ ਸੀ, ਉਹ ਜਿਵੇਂ ਮੌਕਾ ਪਾ ਕੇ ਉਸ ਮੂਰਤੀ ਦੇ ਦਿਲ ਵਿਚ ਸਮਾ ਗਈ ਅਤੇ ਉਹ ਪੱਥਰ ਪਿਘਲ ਉਠਿਆ। ਜੇ ਅਜਿਹਾ ਨਾ ਹੁੰਦਾ ਤਾਂ ਸ਼ਾਇਦ ਉਹ ਪਲ ਦੇ ਪਲ ਵਿਚ ਉਸ ਕਲਾਕਾਰ ਨੂੰ ਮਸਲ ਕੇ ਰੱਖ ਦੇਂਦਾ। ਪਰ ਜਦ ਕਲਾਕਾਰ ਨੇ ਵੀ ਇਹ ਮਹਿਸੂਸ ਕੀਤਾ ਕਿ ਉਸ ਯਮਦੂਤ ਦੀ ਮੂਰਤ ਨੂੰ ਵੀ ਆਪਣੇ ਅੰਦਰ ਅੱਛਾਈ ਦਾ, ਭਗਵਾਨ ਦੇ ਨੂਰ ਦੀ ਮੌਜੂਦਗੀ ਦਾ ਅਹਿਸਾਸ ਹੈ ਤਾਂ ਉਸ ਨੇ ਉਸੇ ਵਕਤ ਆਪਣੇ ਔਜ਼ਾਰ ਕੱਢੇ ਅਤੇ ਕੰਮ ਵਿਚ ਜੁਟ ਗਿਆ।

ਉਸ ਦੀ ਹਥੌੜੀ ਅਤੇ ਛੈਣੀ ਚਲਦੀ ਰਹੀ। ਪੱਥਰ ਦੀਆ ਕਿਰਚਾਂ ਟੁੱਟ ਕੇ ਖਿੰਡਦੀਆਂ ਰਹੀਆਂ। ਪੁਰਾਣੇ ਯਮਦੂਤ ਦੇ ਨਕਸ਼ ਮਿਟਦੇ ਰਹੇ ਅਤੇ ਨਵੇਂ

ਅੱਛਾਈ ਦੇ ਨਕਸ਼ ਬਣਦੇ ਰਹੇ। ਕਈ ਸਾਲਾਂ ਤਕ ਉਹ ਕਲਾਕਾਰ ਪੂਰੀ ਲਗਨ ਨਾਲ ਕੰਮ ਕਰਦਾ ਰਿਹਾ ਅਤੇ ਆਖਰ ਆਪਣੀ ਅਣਥੱਕ ਮਿਹਨਤ ਨਾਲ ਉਸ ਯਮਦੂਤ ਦੀ ਮੂਰਤੀ ਨੂੰ ਭਗਵਾਨ ਦੀ ਮੂਰਤੀ ਵਿਚ ਬਦਲ ਦਿੱਤਾ।

ਇਹ ਬਿਲਕੁਲ ਉਹੋ ਜਿਹੀ ਮੂਰਤੀ ਸੀ ਜਿਹੋ ਜਿਹੀ ਦੀ ਹਜ਼ਾਰਾਂ ਸਾਲ ਪਹਿਲਾਂ ਵਾਲੇ ਕਲਾਕਾਰ ਨੇ ਕਲਪਨਾ ਕੀਤੀ ਸੀ। ਉਹੀ ਨੂਰ, ਉਹੀ ਤੇਜ, ਉਹੀ ਖ਼ੂਬਸੂਰਤੀ। ਉਸ ਨੂੰ ਵੇਖ ਕੇ ਲਗਦਾ ਸੀ ਜਿਵੇਂ ਭਗਵਾਨ ਖ਼ੁਦ ਸਾਕਾਰ ਹੋ ਕੇ ਧਰਤੀ ਉਤੇ ਉਤਰ ਆਇਆ ਹੋਵੇ।

ਕਈ ਲੋਕ ਤਾਂ ਇਥੋਂ ਤਕ ਕਹਿੰਦੇ ਹਨ ਕਿ ਹਜ਼ਾਰਾਂ ਸਾਲ ਬਾਅਦ ਉਹੀ ਕਲਾਕਾਰ ਅਵਤਾਰ ਲੈ ਕੇ ਇਸ ਧਰਤੀ ਉਤੇ ਆਇਆ ਸੀ ਅਤੇ ਉਸ ਨੇ ਇਸ ਮੂਰਤੀ ਨੂੰ ਉਹੋ ਜਿਹਾ ਬਣਾ ਦਿੱਤਾ ਜਿਹੋ ਜਿਹਾ ਉਸ ਨੇ ਪਹਿਲਾਂ ਸੋਚਿਆ ਸੀ। ਭਗਵਾਨ ਦੀ ਮੂਰਤੀ ਤਿਆਰ ਹੋਈ ਤਾਂ ਪੱਥਰ ਨੂੰ ਵੀ ਆਪਣੇ ਉਹ ਦਿਨ ਯਾਦ ਆ ਗਏ ਜਦ ਉਹ ਆਪਣੇ-ਆਪ ਨੂੰ ਬੜਾ ਖ਼ੁਸ਼ਕਿਸਮਤ ਸਮਝਦਾ ਸੀ ਅਤੇ ਉਹ ਸੋਚਦਾ ਸੀ ਕਿ ਭਗਵਾਨ ਨੇ ਬੜਾ ਕਰਮ ਕੀਤਾ ਹੈ, ਜਿਹੜਾ ਮੇਰੇ ਵਜੂਦ ਵਿਚ ਉਤਰ ਆਉਣ ਦਾ ਮਨਸੂਬਾ ਬਣਾਇਆ ਹੈ। ਉਸ ਨੂੰ ਵੀ ਅਜਿਹਾ ਲੱਗ ਰਿਹਾ ਸੀ ਜਿਵੇਂ ਉਹ ਸਿਆਹ ਹਨੇਰੇ ਵਿਚੋਂ ਨਿਕਲ ਕੇ ਅਜਿਹੇ ਦੌਰ ਵਿਚ ਦਾਖਲ ਹੋ ਰਿਹੈ ਜਿੱਥੇ ਜ਼ਿੰਦਗੀ ਵਿਚ ਪਿਆਰ ਅਤੇ ਮੁਹੱਬਤ ਦੀ ਰੌਸ਼ਨੀ ਚਾਰੇ ਪਾਸੇ ਖਿਲਰੀ ਹੋਈ ਹੈ। ਅਜੇ ਉਹ ਇਨ੍ਹਾਂ ਖ਼ਿਆਲਾਂ ਵਿਚ ਗੁਆਚਿਆ ਹੋਇਆ ਸੀ ਕਿ ਘੱਟੀਆਂ ਵੱਜ ਉੱਠੀਆਂ। ਸੰਖਾਂ ਦੀਆਂ ਆਵਾਜ਼ ਨਾਲ ਉਸ ਨੂੰ ਦੁੱਧ ਵਿਚ ਨੁਹਾਇਆ ਗਿਆ ਅਤੇ ਮੰਤਰਾਂ ਦਾ ਉਚਾਰਨ ਹੋਣ ਲੱਗਿਆ।

ਪੂਜਾ ਦੀ ਥਾਲੀ ਵਿਚ ਪੁਜਾਰਨਾਂ ਆਪਣੀਆਂ ਤਮੰਨਾਵਾਂ ਦੇ ਦੀਵੇ ਜਗਾ ਕੇ ਉਸ ਦੀ ਪੂਜਾ ਕਰ ਰਹੀਆਂ ਸਨ। ਉਸ ਦੇ ਕਦਮਾਂ ਵਿਚ ਫੁੱਲਾਂ ਦੇ ਢੇਰ ਲੱਗੇ ਹੋਏ ਹਨ। ਉਸ ਦਾ ਸਾਰਾ ਵਜੂਦ ਫੁੱਲਾਂ ਨਾਲ ਢੱਕਿਆ ਹੋਇਆ ਹੈ ਅਤੇ ਹਰ ਤਰਫ ਖੁਸ਼ਬੂਆਂ ਬਿਖਰੀਆਂ ਹੋਈਆਂ ਹਨ।

ਪਰ ਇਹ ਖੁਸ਼ਬੂਆਂ ਮੰਦਰ ਦੀ ਚਾਰਦੀਵਾਰੀ ਦੇ ਅੰਦਰ ਹੀ ਬੰਦ ਰਹਿ ਗਈਆਂ ਬਾਹਰ ਨਾ ਨਿਕਲ ਸਕੀਆਂ।

ਉਸ ਨੇ ਤਾਂ ਚਾਹਿਆ ਸੀ ਕਿ ਜਿਸ ਤਰ੍ਹਾਂ ਉਹ ਯਮਦੂਤ ਬਣ ਕੇ ਸਾਰੀ ਦੁਨੀਆਂ ਵਿਚ ਦਰਿੰਦਗੀ ਦਾ ਖੇਡ ਖੇਡ ਰਿਹਾ ਸੀ ਹੁਣ ਉਵੇਂ ਹੀ ਭਗਵਾਨ ਬਣ ਕੇ ਹਰ ਪਾਸੇ ਨੇਕੀ ਅਤੇ ਪਿਆਰ ਦੀ ਰੌਸ਼ਨੀ ਨੂੰ ਫੈਲਾਵੇਗਾ।

ਪਰ ਹੋਇਆ ਏਹ ਕਿ ਉਸ ਦੀ ਪੂਜਾ ਅਰਾਧਨਾ ਕਰਨ ਵਾਲੇ ਭਗਤਾਂ ਨੇ ਭਗਵਾਨ ਨੂੰ ਚਾਰੋਂ ਪਾਸਿਆਂ ਤੋਂ ਇਸ ਤਰ੍ਹਾਂ ਘੇਰ ਰੱਖਿਆ ਸੀ ਕਿ ਉਹ ਮੰਦਰ ਵਿਚ ਬੰਦ ਹੋ ਕੇ ਰਹਿ ਗਿਆ ਹੈ। ਭਗਵਾਨ ਉਥੋਂ ਬਾਹਰ ਨਿਕਲ

ਹੀ ਨਹੀਂ ਸਕਦਾ।

ਪਿਆਰ ਅਤੇ ਮੁਹੱਬਤ ਦੀ ਰੌਸ਼ਨੀ ਫੈਲੇ ਤਾਂ ਕਿਵੇਂ ?

ਅਤੇ ਉਧਰ ਹੋਇਆ ਇਹ ਕਿ ਜਿਸ ਵਕਤ ਉਹ ਕਲਾਕਾਰ ਯਮਦੂਤ ਦੀ ਮੂਰਤੀ ਨੂੰ ਭਗਵਾਨ ਦੀ ਮੂਰਤੀ ਵਿਚ ਤਬਦੀਲ ਕਰ ਰਿਹਾ ਸੀ ਤਾਂ ਉਸ ਵਕਤ ਯਮਦੂਤ ਦੀ ਰੂਹ ਚੁੱਪ ਕਰ ਕੇ ਬਾਹਰ ਨਿਕਲ ਗਈ ਸੀ। ਉਹ ਤਦ ਤੋਂ ਅਜ਼ਾਦ ਘੁੰਮ ਰਹੀ ਹੈ ਅਤੇ ਆਪਣਾ ਦਰਿੰਦਗੀ ਦਾ ਖੇਡ ਖੇਡ ਰਹੀ ਹੈ।

ਇਸ ਗੱਲ ਨੂੰ ਹਜ਼ਾਰਾਂ ਸਾਲ ਬੀਤ ਗਏ ਹਨ। ਇਕ ਪਾਸੇ ਭਗਵਾਨ ਮੰਦਰ ਤੋਂ ਬਾਹਰ ਨਹੀਂ ਨਿਕਲ ਸਕਦਾ ਅਤੇ ਦੂਜੇ ਪਾਸੇ ਉਹ ਯਮਦੂਤ ਦੀ ਰੂਹ ਆਪਣਾ ਮੌਤ ਦਾ ਖੇਡ ਲਗਾਤਾਰ ਖੇਡ ਰਹੀ ਹੈ। ਉਸ ਦੇ ਹੱਥੋਂ ਜ਼ਿੰਦਗੀ ਲਹੂ-ਲੁਹਾਨ ਹੋ ਰਹੀ ਹੈ ਅਤੇ ਲੋਕ ਹਨ ਕਿ ਉਹਨਾਂ ਨੂੰ ਹੁਣ ਵੀ ਆਪਣੀ ਮੁਕਤੀ ਲਈ ਉਸੇ ਕਲਾਕਾਰ ਦਾ ਇੰਤਜ਼ਾਰ ਹੈ।

ਹੈਰਾਨੀ ਇਸ ਗੱਲ ਦੀ ਹੈ ਕਿ ਉਹਨਾਂ ਨੂੰ ਆਪਣੇ ਅੰਦਰ ਮੌਜੂਦ ਆਪਣੀ ਖੁਦਾਈ ਤਾਕਤ ਤਾ ਅਹਿਸਾਸ ਕਿਉਂ ਨਹੀਂ ਹੁੰਦਾ ? ਉਹ ਇਹ ਕਿਉਂ ਭੁੱਲ ਰਹੇ ਹਨ ਕਿ ਉਸ ਕਲਾਕਾਰ ਨੂੰ ਵੀ ਉਹਨਾਂ ਨੇ ਹੀ ਪੈਦਾ ਕੀਤਾ ਸੀ ਅਤੇ ਉਹ ਜਦ ਚਾਹੁਣ ਉਸ ਕਲਾਕਾਰ ਜਿਹੇ ਇਕ ਨਹੀਂ ਹਜ਼ਾਰਾਂ ਕਲਾਕਾਰ ਪੈਦਾ ਕਰ ਸਕਦੇ ਹਨ।

ਆਪਣੀ ਇਸ ਤਾਕਤ ਦਾ ਅਹਿਸਾਸ ਲੋਕਾਂ ਨੂੰ ਹੋ ਨਹੀਂ ਰਿਹਾ ਅਤੇ ਉਹ ਕਲਾਕਾਰ ਕੀ ਪਤੈ ਕਦ ਪੈਦਾ ਹੋਵੇਗਾ, ਇਸ ਦੌਰ ਵਿਚ ਜਾਂ ਕਿਸੇ ਹੋਰ ਵਕਤ ?

# ਰਖਵਾਲੀ

ਸਰਦਾਰਨੀ ਕਰਮ ਕੌਰ ਨੂੰ ਆਪਣੇ ਘਰ ਦੇ ਆਲੇ-ਦੁਆਲੇ ਲੱਗੀ ਵਾੜ ਨਾਲ ਬੜਾ ਪਿਆਰ ਸੀ।

ਉਹ ਆਪਣੇ ਘਰ ਆਉਣ ਵਾਲਿਆਂ ਨੂੰ ਏਸ ਵਾੜ ਦੀਆਂ ਗੱਲਾਂ 'ਤੇ ਇਹਦੇ ਲਈ ਕੀਤੀ ਗਈ ਮਿਹਨਤ ਓਨੇ ਹੀ ਉਤਸ਼ਾਹ ਨਾਲ ਦੱਸਦੀ, ਜਿੰਨੇ ਉਤਸ਼ਾਹ ਨਾਲ ਆਪਣੀਆਂ ਧੀਆਂ ਨੂੰ ਦੇਣ ਵਾਲੀਆਂ ਦਾਜ ਦੀਆਂ ਚੀਜ਼ਾਂ।

"ਭੈਣ ਜੀ, ਤੁਸੀਂ ਹੈਰਾਨ ਹੋਵੋਂਗੇ ਇਹ ਵਾੜ ਪੰਦਰਾਂ ਸਾਲ ਪੁਰਾਣੀ ਹੈ। ਓਦੋਂ ਮੇਰੀ ਪਾਸ਼ੀ ਮਸਾਂ ਦਸਾਂ-ਯਾਰਾਂ ਸਾਲਾਂ ਦੀ ਸੀ। ਤੇ ਹੁਣ ਤਕ ਵੀ ਦੇਖੋ ਇਸ ਦੇ ਬੂਟੇ ਇਵੇਂ ਨਰੋਏ ਨੇ ਜਿਵੇਂ..." ਕਰਮ ਕੌਰ ਨੂੰ ਤਸ਼ਬੀਹ ਨਾ ਮਿਲਦੀ ਤੇ ਫੇਰ ਉਹ ਆਪਣੀ ਗੱਲ ਨੂੰ ਅੱਗੇ ਤੋਰਦੀ ਹੋਈ ਦੱਸਦੀ, "ਇਹੋ ਜਿਹੀ ਵਾੜ ਤੁਹਾਨੂੰ ਇਸ ਸ਼ਹਿਰ ਵਿਚ ਤੇ ਕਿਤੇ ਰਿਹਾ, ਸਾਰੇ ਜ਼ਿਲ੍ਹੇ ਵਿਚ ਨਹੀਂ ਮਿਲਣ ਲੱਗੀ। ਇਨ੍ਹਾਂ ਦੇ ਇਕ ਅਫਸਰ ਦੀ ਕੋਠੀ ਵਿਚ ਇਹ ਵਾੜ ਸੀ। ਏਸ ਦੀਆਂ ਪਿਉਂਦਾਂ ਹਾਸਲ ਕਰਨ ਲਈ, ਇਹ ਉਹਦੇ ਘਰ ਦੋ ਵਾਰੀ ਫਲਾਂ ਦੀਆਂ ਟੋਕਰੀਆਂ ਲੈ ਕੇ ਗਏ। ਇਕ ਹੋਰ ਦੋਸਤ ਕੋਲੋਂ ਸਿਫਾਰਸ਼ ਪੁਆਈ ਤਾਂ ਜਾ ਕੇ ਕਿਤੇ ਇਹ ਵਾੜ ਮਿਲੀ। ਫਿਰ ਇਹਦੀ ਰਾਖੀ ਲਈ ਮੈਂ ਤਿੰਨ ਸਾਲ ਤਕ ਇਕ ਮਾਲੀ ਰੱਖਿਆ, ਪੰਝੀ ਰੁਪਏ ਮਹੀਨੇ 'ਤੇ; ਤਾਂ ਜਾ ਕੇ ਕਿਤੇ ਇਹਦੇ ਬੂਟਿਆਂ ਨੇ ਓਸ ਅਫਸਰ ਦੇ ਬੂਟਿਆਂ ਵਰਗੀ ਨੁਹਾਰ ਕੱਢੀ। ਫੇਰ ਇਕ ਵਾਰ ਉਹ ਸਾਡੀ ਵਾੜ ਵੇਖਣ ਆਇਆ ਤਾਂ ਬੜਾ ਖੁਸ਼ ਹੋਇਆ। ਕਹਿਣ ਲੱਗਾ, 'ਬਈ ਕਮਾਲ ਐ ! ਤੁਹਾਡੀ ਵਾੜ ਦੇ ਬੂਟੇ ਤੇ ਮੇਰੀ ਵਾੜ ਨਾਲੋਂ ਵੀ ਚੰਗੇ ਨਿੱਖਰੇ ਨੇ'।" ਏਦਾਂ ਗੱਲ ਕਰਦੇ ਕਰਦੇ ਸਰਦਾਰਨੀ ਕਰਮ ਕੌਰ ਵਾੜ ਦੇ ਕੋਲ ਕਿਧਰੇ ਰੁਕ ਜਾਂਦੀ ਤੇ ਕਹਿੰਦੀ, "ਐਥੋਂ ਇਕ ਵਾਰੀ ਇਕ ਨਹੀਂ, ਬਲਕਿ ਇਕੱਠੇ ਈ ਚਾਰ ਬੂਟੇ ਪਾਸ਼ੀ ਤੋਂ ਛੋਟੀ ਨੀਨਾ ਨੇ ਵੱਢ ਦਿੱਤੇ। ਉਂਜ ਤੇ ਉਹ ਹੁਣ ਵੀ ਘੱਟ ਨਹੀਂ, ਪਰ ਬਚਪਨ ਵਿਚ ਬਹੁਤ ਅੱਥਰੀ ਹੁੰਦੀ ਸੀ। ਕਿਤੇ ਉਹਦੀ ਚੁੰਨੀ ਨੂੰ ਏਥੇ ਅੜ ਕੇ ਖੂੰਘੀ ਲੱਗ ਗਈ, ਬਸ ਜੀ ਉਹ ਆਖੇ ਮੈਂ ਵਾੜ ਵੱਢ ਦੇਣੀ ਏ। ਬੜੀ ਮੁਸ਼ਕਲ ਨਾਲ ਉਹਨੂੰ ਸਮਝਾਇਆ। ਜਿਹੜੇ ਬੂਟੇ ਉਸ ਨੇ ਵੱਢ ਦਿੱਤ ਸਨ, ਉਹਨਾਂ ਦੀ ਥਾਂ ਮੈਂ ਨਵੇਂ ਬੂਟੇ ਲਵਾਏ ਪਰ

ਜੀ ਨਵੇਂ ਬੂਟੇ ਪੁਰਾਣਿਆਂ ਨਾਲ ਕਿਵੇਂ ਰਲਣ ? ਮੈਨੂੰ ਬੜੀ ਚਿੰਤਾ ਲੱਗੀ। ਮੈਨੂੰ ਇਵੇਂ ਲਗਦਾ ਜਿਵੇਂ ਮੇਰੇ ਨਵੇਂ ਦੁਪੱਟੇ ਦਾ ਰੰਗ ਲੱਥ ਗਿਆ ਹੋਵੇ। ਪਰ ਜੀ ਮੈਂ ਵੀ ਬੜੀ ਹਿੰਮਤ ਕੀਤੀ। ਇਨ੍ਹਾਂ ਨੂੰ ਕਹਿ ਕਹਿ ਕੇ ਪਤਾ ਨਹੀਂ ਕਿਥੋਂ-ਕਿਥੋਂ ਨਵੀਆਂ ਰੂੜੀਆਂ ਮੰਗਵਾਈਆਂ ਤੇ ਹੁਣ ਦੇਖੋ ਭਲਾ ਪਤਾ ਲਗਦਾ ਹੈ ਕਿ ਇਹ ਬੂਟੇ ਦੂਜਿਆਂ ਨਾਲੋਂ ਬਾਅਦ ਵਿਚ ਲੱਗੇ ਨੇ। ਮਾਸਾ ਫਰਕ ਨਹੀਂ ਪਿਆ। ਫਰਕ ਰਵ੍ਹੇ ਵੀ ਕਿਵੇਂ ਭੈਣ ਜੀ ? ਵੇਲੇ ਸਿਰ ਪਾਣੀ, ਵੇਲੇ ਸਿਰ ਬੜੇ ਹਿਸਾਬ ਨਾਲ ਕਾਂਟ-ਛਾਂਟ। ਤੁਸੀਂ ਇਹ ਸਮਝ ਲਵੋ ਕਿ ਆਪਣੀਆਂ ਚਾਰ ਧੀਆਂ ਨੂੰ ਪਾਲਣ ਵਿਚ ਜਿੰਨੀ ਮਿਹਨਤ ਕੀਤੀ ਏ, ਓਨੀ ਹੀ ਮਿਹਨਤ ਮੈਂ ਇਸ ਵਾੜ ਦੇ ਇਕ ਇਕ ਬੂਟੇ ਨਾਲ ਕੀਤੀ ਏ। ਮਿੱਟੀ ਨਾਲ ਮਿੱਟੀ ਹੋਣਾ ਪੈਂਦਾ ਸੀ ਭੈਣ ਜੀ, ਤਾਂ ਜਾ ਕੇ ਪੂਰੀ ਰਖਵਾਲੀ ਹੁੰਦੀ ਐ। ਆਹ ਹੁਣ ਗਰਮੀਆਂ ਆਈਆਂ ਨੇ ਨਾ, ਸਮਝ ਲਓ ਸਾਰਿਆਂ ਦੀਆਂ ਵਾੜਾਂ ਹੁਣੇ ਈ ਸੁੱਕਣ ਲੱਗ ਪਈਆਂ ਨੇ ਪਰ ਮੇਰੀ ਵਾੜ ਤੁਹਾਨੂੰ ਜੇ ਸੌਣ-ਭਾਦੋਂ ਵਰਗੀ ਹਰੀ-ਭਰੀ ਨਾ ਦਿਸੇ ਤਾਂ ਕਹਿਣਾ ! ਵਜ੍ਹਾ ਕੀ ਭਈ ਆਪਣਾ ਭਾਵੇਂ ਸਿਰ ਸੜ ਜਾਵੇ ਧੁੱਪੇ ਫਿਰਦਿਆਂ, ਪਰ ਮੈਂ ਕਦੀ ਇਨ੍ਹਾਂ ਬੂਟਿਆਂ ਨੂੰ ਔੜ ਨਹੀਂ ਲੱਗਣ ਦਿੱਤੀ।"

ਮਤਲਬ ਦੀ ਗੱਲ ਕਿਤੋਂ ਵੀ ਸ਼ੁਰੂ ਹੋਵੇ ਪਰ ਕਰਮ ਕੌਰ ਦੀ ਗੱਲ ਏਸ ਵਾੜ 'ਤੇ ਈ ਆ ਕੇ ਮੁੱਕਦੀ। ਆਪਣੀਆਂ ਧੀਆਂ ਨੂੰ ਦਾਜ ਵਿਚ ਦੇਣ ਵਾਲਾ ਟੂਮ-ਛੱਲਾ ਵਿਖਾਉਂਦੀ ਹੋਈ ਕਹਿੰਦੀ, "ਭੈਣਾ ਮੇਰੀਆਂ ਤੇ ਚਾਰੇ ਧੀਆਂ ਸੁਚੱਜੀਆਂ ਨੇ, ਸਾਰੀਆਂ ਨੂੰ ਪੜ੍ਹਾ-ਲਿਖਾ ਦਿੱਤਾ ਏ। ਪਾਸ਼ੀ ਐਮ.ਏ. ਕਰ ਗਈ ਏ, ਨੀਨਾ ਐਮ.ਏ. ਕਰ ਰਈ ਏ। ਮੈਂ ਤੇ ਸਮਝਨੀ ਆਂ ਕਿ ਪੜ੍ਹਾਈ ਹੀ ਸਭ ਤੋਂ ਵੱਡਾ ਜ਼ੇਵਰ ਏ। ਸਭ ਤੋਂ ਛੋਟੀ ਗੀਤੂ ਨੂੰ ਪੇਂਟਿੰਗ ਦਾ ਸ਼ੌਕ ਪੈ ਗਿਆ ਏ। ਉਹਦੀਆਂ ਬਣਾਈਆਂ ਹੋਈਆਂ ਜੇ ਤੁਸੀਂ ਤਸਵੀਰਾਂ ਵੇਖੋ ਤਾਂ ਸੱਚੀਂ ਮੂੰਹੋਂ ਬੋਲਦੀਆਂ ਨੇ। ਪਿੱਛੇ ਜਹੇ ਉਸ ਨੇ ਆਪਣੇ ਕਾਲਜ ਦੀ ਗੈਲਰੀ ਵਿਚ ਆਪਣੀਆਂ ਬਣਾਈਆਂ ਹੋਈਆਂ ਤਸਵੀਰਾ ਦੀ ਨੁਮਾਇਸ਼ ਕੀਤੀ ਸੀ ਤੇ ਤੁਹਾਨੂੰ ਪਤੈ ਉਹਦੀ ਕਿਹੜੀ ਤਸਵੀਰ ਸਭ ਤੋਂ ਵੱਧ ਪਸੰਦ ਕੀਤੀ ਗਈ ? ਸਾਡੇ ਘਰ ਦੀ ਵਾੜ ਵਾਲਾ ਲੈਂਡ-ਸਕੇਪ। ਬਈ ਓਸ ਨੇ ਕਮਾਲ ਈ ਕਰ ਦਿੱਤੈ ਉਹਨੂੰ ਬਨਾਉਣ ਵਿਚ। ਵਾੜ ਦੀ ਇਕ ਇਕ ਟਹਿਣੀ, ਇਕ ਇਕ ਪੱਤੀ, ਇਉਂ ਮਾਲੂਮ ਹੁੰਦਾ ਜਿਵੇਂ ਉਸ ਨੇ ਪੱਤੇ ਗਿਣ ਕੇ ਤਸਵੀਰ ਬਣਾਈ ਹੋਵੇ।

ਫੇਰ ਟੂਮਾਂ ਵਾਲਾ ਡੱਬਾ ਚੰਗੀ ਤਰ੍ਹਾਂ ਬੰਦ ਕਰ ਕੇ ਸੰਭਾਲ ਕੇ ਰੱਖਦੀ ਹੋਈ, ਆਪਣੀ ਧੀ ਨੂੰ ਆਵਾਜ਼ ਦਿੰਦੀ, "ਨੀਨਾ ਬੇਟੀ, ਚਾਹ ਵਾਸਤੇ ਮੇਜ਼ ਬਾਹਰ ਲਾਅਨ ਵਿਚ ਹੀ ਰਖਵਾਈਂ, ਅੰਦਰ ਤੇ ਬੜਾ ਹੁੱਸੜ ਐ।" ਤੇ ਲਾਅਨ ਵਿਚ ਚਾਹ ਪੀਂਦਿਆਂ ਉਹ ਜ਼ਨਾਨੀਆਂ ਨਾਲ ਮੁੜ ਆਪਣੀਆਂ ਧੀਆਂ ਦੀਆਂ

ਗੱਲਾਂ ਲੈ ਤੁਰਦੀ। "ਭੈਣਾਂ ਜੇ ਚੱਜ ਦਾ ਮੁੰਡਾ ਹੋਵੇ ਤਾਂ ਦੱਸ ਪਾਇਆ ਜੇ। ਸੁਖ ਨਾਲ ਵਿਆਹੁਣ ਯੋਗ ਹੋ ਗਈਆਂ ਨੇ। ਮਨ ਵਿਚ ਚਿੰਤਾ ਲੱਗੀ ਰਹਿੰਦੀ ਏ। ਸੋਚਦੀ ਆਂ ਕਿ ਆਪਣੇ ਘਰ ਵਸਣ-ਰਸਣ ਤੇ ਮੈਨੂੰ ਵੀ ਸੁਖ ਦਾ ਸਾਹ ਮਿਲੇ। ਭਾਵੇਂ ਮੇਰੀਆਂ ਧੀਆਂ ਪੜ੍ਹੀਆਂ-ਲਿਖੀਆਂ ਨੇ, ਸਿਆਣੀਆਂ ਨੇ, ਪਰ ਫੇਰ ਵੀ ਬੜਾ ਧਿਆਨ ਰੱਖਣਾ ਪੈਂਦਾ ਏ। ਭਈ ਘਰੋਂ ਸਿੱਧਾ ਕਾਲਜ ਜਾਣ ਤੇ ਕਾਲਜੋਂ ਸਿੱਧਾ ਘਰ। ਰਹੀ ਮਹੱਲੇ ਦੀ ਗੱਲ, ਤੇ ਭੈਣਾਂ ਮਹੱਲੇ ਵਿਚ ਤੇ ਕਿਸੇ ਨੇ ਮੇਰੀਆਂ ਧੀਆਂ ਦੀ ਨੁਹਾਰ ਵੀ ਨਹੀਂ ਵੇਖੀ। ਕਾਲਜੋਂ ਆ ਕੇ ਹਰ ਇਕ ਆਪਣੇ ਆਪਣੇ ਕਮਰੇ ਵਿਚ ਪੜ੍ਹਦੀ ਰਹਿੰਦੀ ਐ। ਬਹੁਤਾ ਹੋਇਆ ਤੇ ਬਾਹਰ ਲਾਅਨ ਵਿਚ ਆ ਕੇ ਬਹਿ ਗਈਆਂ। ਨਾ ਕਿਤੇ ਆਉਣ ਨਾ ਕਿਤੇ ਜਾਣ। ਗੀਤੂ ਨੂੰ ਸ਼ੌਂਕ ਐ ਲਾਅਨ ਵਿਚ ਬੈਠ ਕੇ ਪੇਂਟਿੰਗ ਕਰਨ ਦਾ। ਉਹ ਰੰਗ ਤੇ ਬੁਰਸ਼ ਲੈ ਕੇ ਕਦੀ ਏਸ ਨੁੱਕਰੇ ਬੈਠ ਜਾਂਦੀ ਏ ਤੇ ਕਦੀ ਓਸ ਨੁੱਕਰੇ। ਖਾਸ ਕਰ ਕੇ ਬਾਰਸ਼ ਹੋ ਕੇ ਹਟੀ ਨਹੀਂ ਤੇ ਗੀਤੂ ਨੇ ਲਾਅਨ ਵਿਚ ਆ ਕੇ ਡੇਰਾ ਜਮਾਇਆ ਨਹੀਂ। ਗੱਲ ਕੀ ਬਾਰਸ਼ ਦੇ ਬਾਅਦ ਵਾੜ 'ਚੋਂ ਐਨੀ ਸੋਹਣੀ ਮਹਿਕ ਆਉਂਦੀ ਐ ਭੈਣ ਜੀ ਕਿ ਕੀ ਦੱਸਾਂ ? ਸਾਰਾ ਵਾਤਾਵਰਣ ਮਹਿਕ ਨਾਲ ਭਰ ਜਾਂਦੈ। ਪਾਸ਼ੀ ਤੇ ਕਹਿੰਦੀ ਏ ਮਾਤਾ ਜੀ, ਜੀਅ ਕਰਦੈ ਕਿ ਲੰਮੇ ਲੰਮੇ ਸਾਹ ਲੈ ਕੇ ਏਸ ਮਿੱਠੀ ਮਹਿਕ ਦੇ ਘੁੱਟ ਭਰਦੀ ਰਵ੍ਹਾਂ। ਇਹ ਆਪ ਵੀ ਘਰ ਹੋਣ ਤਾਂ ਆਰਾਮ-ਕੁਰਸੀਆਂ ਬਾਹਰ ਲਾਅਨ ਵਿਚ ਹੀ ਡੁਹਾ ਲੈਂਦੇ ਨੇ ਤੇ ਫੇਰ ਲੈਂਦੇ ਨੇ ਪਿਕਨਿਕ ਦਾ ਮਜ਼ਾ। ਅੰਦਰੋਂ ਕਿਤੇ ਪਕੌੜੇ ਬਣ ਕੇ ਆ ਰਹੇ ਨੇ, ਕਿਤੇ ਸਵੀਟ ਡਿਸ਼ ਤੇ ਕਿਤੇ ਕਾਫੀ, ਬਸ ਮਜ਼ਾ ਈ ਆ ਜਾਂਦਾ ਏ। ਸਰਦੀਆਂ ਵਿਚ ਵੀ ਵਾੜ ਦਾ ਸੁਖ ਜੇ। ਲਾਅਨ ਵਿਚ ਧੁੱਪੇ ਬੈਠੀਦੈ ਸਾਰਾ ਦਿਨ। ਇੰਜ ਮਾਲੂਮ ਹੁੰਦੈ ਜਿਵੇਂ ਕਮਰੇ ਦੇ ਅੰਦਰ ਬੈਠੇ ਹੋਏ ਧੁੱਪ ਸੇਕ ਰਹੇ ਹੋਈਏ।"

ਪਰ ਹੁਣ ਇਹ ਗੱਲਾਂ ਬਹੁਤ ਪਿੱਛੇ ਰਹਿ ਗਈਆਂ ਨੇ। ਕਰਮ ਕੌਰ ਨੂੰ ਆਪਣੀਆਂ ਧੀਆਂ ਲਈ ਢੁਕਵੇਂ ਵਰ ਮਿਲ ਗਏ ਨੇ। ਉਹ ਸਾਰੀਆਂ ਵਿਆਹੀਆਂ-ਵਰੀਆਂ ਗਈਆਂ ਨੇ। ਸਭ ਤੋਂ ਛੋਟੀ ਗੀਤੂ ਜਿੱਦਣ ਆਪਣੇ ਸਿਹਰੇ ਵਾਲੇ ਨਾਲ ਸਜੀ ਕਾਰ ਵਿਚ ਬਹਿ ਕੇ ਆਪਣੇ ਸਹੁਰੇ ਤੁਰੀ ਤਾਂ ਓਸ ਤੋਂ ਚਾਰ ਦਿਨ ਬਾਅਦ ਪਹਿਲੀ ਫੁਰਸਤ ਵਿਚ ਸਰਦਾਰਨੀ ਕਰਮ ਕੌਰ ਨੇ ਇਕ ਮਜ਼ਦੂਰ ਸਦਵਾ ਕੇ ਸਾਰੀ ਵਾੜ ਜੜ੍ਹੋਂ ਪੁਟਵਾ ਸੁੱਟੀ। ਲੋਕਾਂ ਨੂੰ ਬੜੀ ਹੈਰਾਨੀ ਹੋਈ ਕਿ ਜਿਹੜੀ ਵਾੜ ਨੂੰ ਕਰਮ ਕੌਰ ਨੇ ਆਪਣੀਆਂ ਧੀਆਂ ਵਾਂਗੂੰ ਪਾਲਿਆ ਸੀ, ਜਿਸ ਦੀਆ ਤਾਰੀਫ਼ਾਂ ਕਰਦਿਆਂ ਉਸ ਦਾ ਮੂੰਹ ਨਹੀਂ ਸੀ ਸੁੱਕਦਾ, ਉਹ ਅਚਾਨਕ ਕਿਉਂ ਵਢਵਾ ਦਿੱਤੀ ?

ਜਦੋਂ ਦੀ ਇਹ ਵਾੜ ਵੱਢੀ ਗਈ ਏ। ਸਰਦਾਰਨੀ ਕਰਮ ਕੌਰ ਕਹਿੰਦੀ

ਏ, "ਭੈਣਾਂ ਏਸ ਵਾੜ ਨੇ ਤਾਂ ਮੇਰੀ ਕੋਠੀ ਦਾ ਸ਼ੋ ਮਾਰਿਆ ਹੋਇਆ ਸੀ। ਹਰ ਵੇਲੇ ਸੁੱਕੇ ਪੱਤੇ ਖਿੱਲਰੇ ਰਹਿੰਦੇ ਸਨ। ਵਾੜ ਏਨੀ ਸੰਘਣੀ ਤੇ ਉੱਚੀ ਸੀ ਕਿ ਤਾਜ਼ਾ ਹਵਾ ਵੀ ਅੰਦਰ ਨਹੀਂ ਸੀ ਆ ਸਕਦੀ। ਜਦੋਂ ਦੀ ਵਾੜ ਵੱਢੀ ਏ ਸੱਚੀਂ ਬੜਾ ਈ ਚੰਗਾ ਚੰਗਾ ਲਗਦਾ ਏ। ਲਾਅਨ ਵੀ ਵੇਖੋ ਹੁਣ ਸ਼ੀਸ਼ੇ ਵਾਂਗ ਸਾਫ-ਸੁਥਰਾ ਰਹਿੰਦੈ, ਤੇ ਕੋਠੀ ਦੇ ਹਰ ਕਮਰੇ ਵਿਚ ਤਾਜ਼ਾ ਹਵਾ ਨੇ ਨਵੀਂ ਤਾਜ਼ਗੀ ਭਰ ਦਿੱਤੀ ਏ। ਹਾਂ, ਧੀਆਂ ਬਿਨਾਂ ਘਰ ਸੱਖਣਾ ਸੱਖਣਾ ਮਾਲੂਮ ਹੁੰਦੈ। ਅੱਛਾ ਜੀ ਰਾਜੀ ਰਹਿਣ ਆਪੋ-ਆਪਣੇ ਘਰੀਂ। ਉਹਨਾਂ ਵੱਲੋਂ ਠੰਢੀ ਹਵਾ ਆਉਂਦੀ ਰਵ੍ਹੇ..."

# ਬੇਜ਼ੁਬਾਨੀ ਵੀ ਜ਼ੁਬਾਂ ਹੁੰਦੀ ਏ

ਲਉ ਜੀ, ਭਲਾ ਇਹ ਵੀ ਕੋਈ ਗੱਲ ਹੋਈ। ਮੈਨੂੰ ਇਕ ਸਾਲ ਦੇ ਬੱਚੇ ਨੂੰ ਕਿਸੇ ਕੋਲ ਛੱਡ ਕੇ ਮੇਰੇ ਮਾਂ-ਪਿਉ ਆਪ ਨੌਕਰੀ 'ਤੇ ਚਲੇ ਜਾਂਦੇ ਨੇ। ਸੱਚੀ ਗੱਲ ਐ ਮੈਨੂੰ ਇਸ ਦਾ ਬੜਾ ਰੋਸ ਐ ਤੇ ਅੱਜ ਮੈਂ ਉਹਨਾਂ ਨਾਲ ਲੜਨ ਦਾ ਪੱਕਾ ਨਿਸ਼ਚਾ ਕਰ ਲਿਆ ਏ। ਏਸੇ ਲਈ ਦੁਪਹਿਰ ਤੋਂ ਹੀ ਮੈਨੂੰ ਉਹਨਾਂ ਦੇ ਪਰਤਣ ਦਾ ਇੰਤਜ਼ਾਰ ਏ ਕਿ ਕਦੋਂ ਉਹ ਵਾਪਸ ਮੁੜਨ ਤੇ ਮੈਂ ਉਹਨਾਂ ਨਾਲ ਲੜਾਂ।

ਤੁਸਾਂ ਸੁਣਿਆ ਹੋਣੈਂ ਕਿ ਪੁੱਤ ਕਪੁੱਤ ਹੋ ਜਾਂਦੇ ਨੇ ਪਰ ਮਾਪੇ ਕੁਮਾਪੇ ਨਹੀਂ ਹੁੰਦੇ। ਪਰ ਜੇ ਤੁਸੀਂ ਮੇਰੀ ਪਰੇਸ਼ਾਨੀ ਵੱਲ ਵੇਖੋਂ, ਜਿਹੜਾ ਘਰ ਵਿਚ ਮਾਂ-ਪਿਉ ਦੀ ਘਾਟ ਮਹਿਸੂਸ ਕਰਦਾ ਰਹਿੰਦਾ ਹਾਂ, ਤਾਂ ਯਕੀਨ ਕਰ ਲਵੋਗੇ ਕਿ ਜ਼ਮਾਨਾ ਬਦਲ ਗਿਆ ਏ। ਅੱਜਕਲ੍ਹ ਮਾਪੇ ਵੀ ਕੁਮਾਪੇ ਹੋ ਜਾਂਦੇ ਨੇ। ਹੁਣ ਵੇਖੋ ਮੇਰੀ ਮਾਂ ਮੈਨੂੰ ਛੱਡ ਜਾਂਦੀ ਏ, ਪਿੱਛੇ ਘਰ ਵਿਚ ਤੇ ਉਹ ਵੀ ਧੋਖੇ ਨਾਲ। ਕਦੀ ਸੁੱਤੇ ਪਏ ਨੂੰ ਛੱਡ ਜਾਂਦੀ ਏ ਤੇ ਕਦੀ ਲੋਲੋ-ਪੋਚੋ ਕਰਦੀ ਝੂਠੇ ਬਹਾਨੇ ਬਣਾਂਦੀ, "ਤੈਨੂੰ ਉਹ ਫੁੱਲ ਤੋੜ ਦਿਆਂ। ਆਹਾ ਕਿੰਨਾ ਚੰਗਾ ਏ ਲਾਲ ਲਾਲ।" ਬੱਸ ਜੀ ਏਦਾਂ ਹੀ ਮਿੱਠੀਆਂ ਮਿੱਠੀਆਂ ਗੱਲਾਂ ਕਰਦੀ ਪਤਾ ਨਹੀਂ ਕਿਹੜੇ ਵੇਲੇ ਘਰੋਂ ਨਿਕਲ ਜਾਂਦੀ ਏ ਤੇ ਜਿਹੜਾ ਮੇਰਾ ਪਿਉ ਏ ਉਹਦੀ ਤੇ ਕੁਝ ਪੁੱਛੋ ਹੀ ਨਾ। ਉਹ ਮਾਂ ਨਾਲੋਂ ਵੀ ਚਲਾਕ ਏ। ਜਦੋਂ ਉਹ ਮੈਨੂੰ ਬਹੁਤਾ ਪਿਆਰ ਕਰਦੈ, ਮੈਂ ਸਮਝ ਜਾਨਾਂ ਕਿ ਹੁਣ ਇਹ ਵੀ ਮੈਨੂੰ ਛੱਡ ਕੇ ਜਾਊ ਐ। ਫੇਰ ਕਿਤੇ ਏਸ ਨੇ ਰਾਤੀਂ ਸ਼ਕਲ ਵਿਖਾਣੀ ਏ, ਉਹ ਵੀ ਜੇ ਮੈਂ ਜਾਗਦਾ ਹੋਇਆ ਤਾਂ ! ਮੈਂ ਅਜੇ ਅੰਞਾਣਾ ਜੁ ਹੋਇਆ। ਇਹ ਦੋਵੇਂ ਜਣੇ ਬੜੀ ਆਸਾਨੀ ਨਾਲ ਮੇਰੀਆਂ ਅੱਖਾਂ ਵਿਚ ਘੱਟਾ ਪਾ ਕੇ, ਮੈਨੂੰ ਬੇਵਕੂਫ ਬਣਾ ਕੇ ਤੁਰ ਜ਼ਾਦੇ ਨੇ।

ਹੁਣ ਅੱਜ ਦੀ ਗੱਲ ਹੀ ਲੈ ਲਉ, ਮੇਰੀ ਮਾਂ ਮੈਨੂੰ ਸੁੱਤੇ ਪਏ ਨੂੰ ਹੀ ਛੱਡ ਕੇ ਤੁਰ ਗਈ ਸੀ ਤੇ ਮੇਰਾ ਪਿਉ ਮੇਰੇ ਹੱਥ ਵਿਚ ਖਿਡੌਣਾ ਫੜਾ ਕੇ ਆਪ ਨੱਚਣ ਲੱਗ ਪਿਆ। ਫੇਰ ਉਸ ਨੇ ਨੱਚਦੇ ਨੱਚਦੇ ਮੈਨੂੰ ਚੁੱਕ ਲਿਆ। ਮੇਰੇ ਵਾਲ ਸੰਵਾਰੇ ਆਪਣੇ ਹੱਥਾਂ ਨਾਲ। ਮੈਨੂੰ ਬੜਾ ਸਵਾਦ ਆਇਆ। ਪਰ

ਏਸ ਛਿਨ ਕੁ ਦੀ ਖ਼ੁਸ਼ੀ ਵਿਚ ਵੀ ਡਰ ਦਾ ਭਾਵ ਰਲਿਆ ਹੋਇਆ ਸੀ ਕਿ ਕਿਤੇ ਏਦਾਂ ਹੀ ਪਿਆਰ ਕਰਦਾ ਕਰਦਾ ਮੈਨੂੰ ਛੱਡ ਨਾ ਜਾਵੇ। ਸੋ ਉਹੋ ਹੀ ਹੋਇਆ। ਮੈਨੂੰ ਭੁੰਜੇ ਉਤਾਰ ਕੇ ਉਹਨੇ ਮੇਰੇ ਹੱਥ ਵਿਚ ਗੇਂਦ ਫੜਾਈ, ਕਦੇ ਉਹ ਗੇਂਦ ਮੇਰੇ ਵੱਲ ਸੁੱਟੇ ਕਦੇ ਮੈਂ ਏਧਰ-ਓਧਰ ਸੁੱਟਾਂ। ਹਰ ਵਾਰ ਮੇਰਾ ਬਾਪੂ ਨੱਚਦਾ-ਨੱਚਦਾ ਜਾਵੇ ਤੇ ਗੇਂਦ ਫੜ ਕੇ ਮੈਨੂੰ ਲਿਆ ਦੇਵੇ। ਉਹ ਬਹਾਨਾ ਤਲਾਸ਼ ਕਰ ਰਿਹਾ ਸੀ। ਬੱਸ ਜੀ ਇਕ ਵਾਰੀ ਗੇਂਦ ਜ਼ਰਾ ਦੂਰ ਚਲੀ ਗਈ। ਬਾਪੂ ਗੇਂਦ ਫੜਨ ਗਿਆ ਮੁੜ ਕੇ ਆਇਆ ਹੀ ਨਹੀਂ। ਮੇਰੇ ਨਾਲ ਧੋਖਾ ਕਰ ਗਿਆ। ਖ਼ੈਰ ਕੋਈ ਗੱਲ ਨਹੀਂ, ਅੱਜ ਆ ਲਵੇ। ਨਾ ਕੁੱਛੜ ਬਹਿ ਕੇ ਦਾੜ੍ਹੀ ਪੁੱਟੀ ਤਾਂ ਮੇਰਾ ਨਾਂ ਵੀ ਬਿੱਟੂ ਨਹੀਂ।

ਲੜਾਈ ਦੀ ਤਿਆਰੀ ਵਿਚ ਮੈਂ ਪਹਿਲਾ ਕੰਮ ਇਹ ਕੀਤਾ ਕਿ ਜਿਸ ਮੇਜ਼ 'ਤੇ ਮੇਰੇ ਪਿਉ ਦੀਆਂ ਕਿਤਾਬਾਂ ਰੱਖੀਆਂ ਹੋਈਆਂ ਹਨ, ਉਸ ਦੇ ਮੇਜ਼ਪੋਸ਼ ਨੂੰ ਖਿੱਚਣਾ ਸ਼ੁਰੂ ਕੀਤਾ ਤਾਂਕਿ ਕਿਤਾਬਾਂ ਦਾ ਸੱਤਿਆਨਾਸ ਕੀਤਾ ਜਾ ਸਕੇ। ਮੁਨਾਸਿਬ ਮੌਕਾ ਮਿਲ ਗਿਆ ਸੀ ਕਿਉਂਕਿ ਮੈਂ ਵੇਖਿਆ ਕਿ ਮੇਰੀ ਭੂਆ ਜਿਸ ਕੋਲ ਮੇਰੇ ਮਾਂ-ਪਿਉ ਮੈਨੂੰ ਛੱਡ ਕੇ ਜਾਂਦੇ ਨੇ, ਵਿਹੜੇ ਵਿਚ ਲੰਮੀ ਪਈ ਧੁੱਪ ਸੇਕ ਰਹੀ ਸੀ ਜਾਂ ਸੌਂ ਗਈ ਸੀ। ਮੇਜ਼ 'ਤੇ ਕਿਤਾਬਾਂ ਕਾਫੀ ਸਨ ਤੇ ਮੇਜ਼ਪੋਸ਼ ਨੂੰ ਖਿੱਚਣਾ ਏਨਾ ਆਸਾਨ ਨਹੀਂ ਸੀ, ਪਰ ਮੈਂ ਵੀ ਹੌਲੀ ਹੌਲੀ ਹੰਭਲਾ ਮਾਰ ਕੇ ਝਟਕੇ ਦੇਂਦਾ ਰਿਹਾ। ਹੌਲੀ ਹੌਲੀ ਮੇਜ਼ਪੋਸ਼ ਖਿਸਕਣਾ ਸ਼ੁਰੂ ਹੋ ਗਿਆ ਤੇ ਥੋੜ੍ਹੀ ਦੇਰ ਬਾਅਦ ਸਣੇ ਕਿਤਾਬਾਂ ਦੇ ਥੱਲੇ ਡਿੱਗ ਪਿਆ ਤੇ ਨਾਲ ਹੀ ਮੈਂ ਵੀ ਡਿੱਗ ਪਿਆ। ਸਿਆਹੀ ਦੀ ਦਵਾਤ ਵੀ ਡਿੱਗ ਕੇ ਟੁੱਟ ਗਈ ਤੇ ਮੇਰੇ ਕਪੜੇ ਰੰਗੇ ਗਏ। ਡਿੱਗਣ ਨਾਲ ਥੋੜ੍ਹੀ ਸੱਟ ਵੀ ਲੱਗੀ ਪਰ ਲੜਾਈ ਵਿਚ ਮਾਮੂਲੀ ਸੱਟਾਂ-ਪੇਟਾਂ ਨੂੰ ਥੋੜ੍ਹਾ ਵੇਖਣਾ ਹੁੰਦਾ ਏ। ਜੋ ਬਾਪੂ ਦੀਆਂ ਕਿਤਾਬਾਂ ਭੁੰਜੇ ਰੁਲਦੀਆਂ ਪਈਆਂ ਸਨ ਤੇ ਮੇਰੇ ਹੱਥਾਂ-ਪੈਰਾਂ ਨੂੰ ਜ਼ਰਾ ਜਿੰਨੀ ਸਿਆਹੀ ਲੱਗ ਗਈ ਤਾਂ ਆਖਰ ਕਾਹਦੀ ਆ ਗਈ ? ਮੈਨੂੰ ਸੱਟ ਲੱਗਣ ਦਾ ਵੀ ਅਫਸੋਸ ਨਹੀਂ ਸੀ ਤੇ ਬੜੇ ਉਤਸ਼ਾਹ ਨਾਲ ਬਾਪੂ ਦੀਆ ਕਿਤਾਬਾਂ ਨੂੰ ਆਪਣੇ ਸਿਆਹੀ ਰੰਗੇ ਹੱਥਾਂ ਨਾਲ ਰੰਗ ਰਿਹਾ ਸਾਂ। ਦਿਲ ਤਾਂ ਕਹਿੰਦਾ ਸੀ ਕਿ ਮਾਂ ਦੀ ਰੇਸ਼ਮੀ ਸਾੜ੍ਹੀ ਨੂੰ ਵੀ ਏਸੇ ਤਰ੍ਹਾਂ ਖਰਾਬ ਕਰਾਂ ਪਰ ਉਹ ਉੱਚੀ ਟੰਗੀ ਹੋਈ ਸੀ ਤੇ ਮੇਰੇ ਹੱਥ ਉਥੇ ਤਕ ਪਹੁੰਚ ਨਹੀਂ ਸਨ ਸਕਦੇ। ਜ਼ਿੰਦਗੀ 'ਚ ਪਹਿਲੀ ਵਾਰੀ ਮੈਨੂੰ ਆਪਣੇ ਛੋਟੇ ਹੋਣ ਦਾ ਅਫਸੋਸ ਹੋਇਆ। ਏਨੇ ਨੂੰ ਮੇਰੀ ਭੂਆ ਅੰਦਰ ਆ ਗਈ। ਮੈਂ ਵੀ ਡਰ ਗਿਆ ਕਿ ਕਿਤੇ ਨਾਰਾਜ਼ ਨਾ ਹੋ ਜਾਵੇ। ਸੋ ਮੈਂ ਵੀ ਚਲਿੱਤਰ ਖੇਡਿਆ। ਲੜਾਈ ਵਿਚ ਸਭ ਕੁਝ ਕਰਨਾ ਪੈਂਦੈ। ਮੈਂ ਉਲਟਾ ਬੁੱਲ੍ਹ ਕੱਢ ਕੇ ਰੋਣ ਵਾਲਾ ਮੂੰਹ ਬਣਾਇਆ। ਭੂਆ ਨੇ ਮੈਨੂੰ ਚੁੱਕ ਕੇ ਮੇਰੇ ਪੈਰ-ਹੱਥ ਧੋਤੇ ਤੇ ਕਪੜੇ ਬਦਲੇ।

ਹੁਣ ਮੈਂ ਲੜਾਈ ਦੇ ਪਹਿਲੇ ਮੋਰਚੇ ਵਿਚ ਥੱਕ ਗਿਆ ਸਾਂ। ਦੇਖੋ ਨਾ ਕਿੰਨਾ ਚਿਰ ਮੈਂ ਮੇਜ਼ਪੋਸ਼ 'ਤੇ ਕਿਤਾਬਾਂ ਨਾਲ ਘੁਲਦਾ ਰਿਹਾ ਸਾਂ। ਸੋ ਮੈਂ ਸੋਚਿਆ ਕਿ ਦੂਜਾ ਹਮਲਾ ਕਰਨ ਤੋਂ ਪਹਿਲਾਂ ਫੌਜਾਂ ਆਰਾਮ ਕਰ ਲੈਣ ਤਾਂ ਚੰਗਾ ਰਹੇਗਾ। ਸੋ ਮੈਂ ਸੌਂ ਗਿਆ।

ਜਦੋਂ ਮੈਂ ਜਾਗਿਆ, ਉਦੋਂ ਮੇਰੇ ਮਾਂ ਪਿਉ ਨਾਲ ਦੇ ਕਮਰੇ ਵਿਚ ਗੱਲਾਂ ਕਰ ਰਹੇ ਸਨ। ਉਹਨਾਂ ਦੀ ਆਵਾਜ਼ ਸੁਣ ਕੇ ਮੈਨੂੰ ਗੁੱਸਾ ਚੜ੍ਹ ਗਿਆ। ਗੁੱਸੇ ਵਾਲੀ ਗੱਲ ਏ। ਅੱਗੇ ਜਦੋਂ ਉਹ ਬਾਹਰੋਂ ਆਉਂਦੇ ਸਨ ਤਾਂ ਪਹਿਲਾਂ ਮੇਰੇ ਕੋਲ ਆਉਂਦੇ ਸਨ। ਪਹਿਲਾਂ ਮੈਨੂੰ ਬੁਲਾਉਂਦੇ ਸਨ। ਤੇ ਅੱਜ ਉਹਨਾਂ ਨੇ ਮੇਰੀ ਪਰਵਾਹ ਹੀ ਨਹੀਂ ਸੀ ਕੀਤੀ। ਮੈਂ ਸਮਝ ਗਿਆ ਕਿ ਕਿਤਾਬਾਂ ਖਰਾਬ ਹੋ ਗਈਆਂ ਵੇਖ ਕੇ ਉਹ ਗੁੱਸੇ ਹੋ ਗਏ ਨੇ। ਸੋ ਮੈਂ ਵੀ ਘੇਸ ਵੱਟ ਕੇ ਲੰਮਾ ਪਿਆ ਰਿਹਾ ਤੇ ਦਿਲ ਹੀ ਦਿਲ ਵਿਚ ਲੜਨ ਦੇ ਤਰੀਕੇ ਸੋਚਦਾ ਰਿਹਾ। ਇਕ ਤਰੀਕਾ ਮੇਰੇ ਦਿਮਾਗ ਵਿਚ ਇਹ ਆਇਆ ਕਿ ਢਿੱਡ ਪੀੜ ਦੇ ਬਹਾਨੇ ਅੱਜ ਰਾਤੀਂ ਦੋਹਾਂ ਨੂੰ ਪਰੇਸ਼ਾਨ ਕੀਤਾ ਜਾਏ। ਰਾਤ ਦੀ ਸਰਦੀ ਵਿਚ ਜਦੋਂ ਮਾਂ ਨੂੰ ਮੈਨੂੰ ਚੁੱਕ ਕੇ ਵਿਰਲਾਉਣਾ ਪਊ ਤਾਂ ਹੋਸ਼ ਆ ਜਾਊ। ਪਰ ਫੇਰ ਖਿਆਲ ਆਇਆ ਕਿ ਏਦਾਂ ਕਰਨ ਨਾਲ ਤਾਂ ਆਪ ਮੈਨੂੰ ਵੀ ਬੜੀ ਪਰੇਸ਼ਾਨੀ ਹੋਵੇਗੀ। ਝੂਠੀ-ਮੂਠੀ ਰੋਣਾ ਪਵੇਗਾ ਤੇ ਝੂਠੀ-ਮੂਠੀ ਰੋਣਾ ਬੜਾ ਮੁਸ਼ਕਲ ਕੰਮ ਏ। ਨਾਲੇ ਹੋ ਸਕਦੈ ਕਿ ਡਾਕਟਰ ਦੀ ਕੌੜੀ-ਕਸੈਲੀ ਦਵਾਈ ਵੀ ਪੀਣੀ ਪਵੇ। ਇਕ ਵਾਰੀ ਮੈਨੂੰ ਡਾਕਟਰ ਨੇ ਸੂਈ ਲਗਾਈ ਸੀ ਤਾਂ ਬੜੀ ਹੀ ਪੀੜ ਹੋਈ ਸੀ। ਸੂਈ ਦੀ ਪੀੜ ਦਾ ਚੇਤਾ ਆਉਂਦਿਆਂ ਹੀ, ਆਪਣੀ ਝੁੱਗੀ ਬਾਲ ਕੇ ਤਮਾਸ਼ਾ ਵੇਖਣ ਵਾਲੀ ਗੱਲ ਮੈਨੂੰ ਮੂਰਖਤਾ ਜਾਪੀ।

ਤੱਦੇ ਮੇਰੀ ਮਾਂ ਮੇਰੇ ਕਮਰੇ ਵਿਚ ਆਈ। ਉਸ ਨੇ ਹੱਸਦੇ ਹੋਏ ਮੈਨੂੰ ਚੁੱਕਣ ਲਈ ਹੱਥ ਵਧਾਏ, "ਜਾਗ ਪਿਐ ਮੇਰਾ ਲਾਲ..." ਪਰ ਮੈਂ ਉਹਦੀਆਂ ਏਹੋ ਜਹੀਆਂ ਮੋਮੋਠਗਣੀਆਂ ਗੱਲਾਂ ਵਿਚ ਆਉਣ ਵਾਲਾ ਨਹੀਂ ਸੀ। ਮੈਂ ਨਾ ਤੇ ਅੱਗੇ ਵਾਂਗੂੰ ਹੱਸ ਕੇ ਉਹਦੇ ਵੱਲ ਵੇਖਿਆ ਤੇ ਨਾ ਹੀ ਆਪਣੇ ਹੱਥ ਵਧਾਏ ਕਿ ਉਹ ਮੈਨੂੰ ਚੁੱਕ ਲਵੇ। ਫੇਰ ਵੀ ਉਹਨੇ ਮੈਨੂੰ ਚੁੱਕ ਲਿਆ ਤੇ ਅਲਮਾਰੀ 'ਚੋਂ ਬਿਸਕੁਟ ਕੱਢ ਕੇ ਮੈਨੂੰ ਖਾਣ ਲਈ ਦਿੱਤੇ। ਮੈਂ ਗੁੱਸੇ ਵਿਚ ਬਿਸਕੁਟ ਵਗਾਹ ਕੇ ਮਾਰਿਆ। ਇੰਨੇ 'ਚ ਮੇਰਾ ਪਿਉ ਆ ਗਿਆ। ਉਸ ਨੇ ਵੀ ਹੱਸਦੇ ਹੋਏ ਮੇਰੀਆਂ ਗੱਲ੍ਹਾਂ 'ਤੇ ਚਪੇੜ ਮਾਰੀ ਤੇ ਮੈਨੂੰ ਚੁੱਕਣ ਲਈ ਹੱਥ ਵਧਾਏ। ਪਰ ਮੈਂ ਉਹਦੇ ਕੋਲ ਜਾਣ ਤੋਂ ਨਾਂਹ ਕਰ ਦਿੱਤੀ। ਜਦੋਂ ਉਹਨੇ ਦੁਬਾਰਾ ਗੋਦੀ ਲੈਣ ਲਈ ਹੱਥ ਵਧਾਏ ਤਾਂ ਮੈਂ ਉਹਦੇ ਹੱਥਾਂ ਤੇ ਆਪਣਾ ਹੱਥ ਮਾਰਿਆ। ਹੁਣੇ ਉਹਨੇ ਮੇਰੀ ਗੱਲ੍ਹ 'ਤੇ ਚਪੇੜ ਜੋ ਮਾਰੀ ਸੀ। ਮੈਂ ਉਹਦਾ

ਬਦਲਾ ਵੀ ਤਾਂ ਲੈਣਾ ਸੀ। ਸੋ ਮੈਂ ਉਹਦੇ ਦੋਨਾਂ ਹੱਥਾਂ 'ਤੇ ਕਿੰਨੇ ਹੀ ਧੱਫੇ ਮਾਰੇ। ਮਾਂ ਮੈਨੂੰ ਬਾਪੂ ਕੋਲ ਨਾ ਜਾਂਦਾ ਵੇਖ ਕੇ ਆਪਣਾ ਹੱਕ ਜਤਲਾਣ ਲੱਗੀ। ਉਸ ਬਾਪੂ ਨੂੰ ਕਿਹਾ, "ਬਿੱਟੂ ਮੇਰਾ ਪੁੱਤਰ ਹੈ, ਏਸ ਕਰ ਕੇ ਤੁਹਾਡੇ ਕੋਲ ਨਹੀਂ ਜਾਂਦਾ।" ਬਾਪੂ ਨੇ ਆਪਣਾ ਪੁੱਤਰ ਜਤਲਾਣ ਲਈ ਮੈਨੂੰ ਮਾਂ ਦੇ ਹੱਥਾਂ ਵਿਚੋਂ ਖੋਹਣਾ ਸ਼ੁਰੂ ਕੀਤਾ। ਮੈਨੂੰ ਬੋਲਣਾ ਜੋ ਨਹੀਂ ਸੀ ਆਉਂਦਾ। ਜੇ ਮੈਨੂੰ ਗੱਲਾਂ ਕਰਨੀਆਂ ਆਉਂਦੀਆ ਹੁੰਦੀਆਂ ਤਾਂ ਕਹਿੰਦਾ, "ਲੜਨਾ ਹੈ ਤਾਂ ਤੁਸੀਂ ਦੋਵੇਂ ਲੜੋ, ਆਪਣੀ ਲੜਾਈ 'ਚ ਮੈਨੂੰ ਕਾਹਤੋਂ ਘਸੀਟਦੇ ਪਏ ਹੋ।" ਏਸ ਪਕੜ-ਧਕੜ ਵਿਚ ਮੇਰੀ ਬਾਂਹ ਨੂੰ ਮਾਸਾ ਜਿੰਨੀ ਖਿੱਚ ਆ ਗਈ, ਸੋ ਮੈਂ ਵਿਰੋਧ ਵਿਚ ਜ਼ਰਾ ਜਿੰਨਾ ਚੀਕਿਆ। ਮਾਂ ਨੇ ਖਿਡੌਣੇ ਮੇਰੇ ਅੱਗੇ ਰੱਖ ਕੇ ਮੈਨੂੰ ਭੁੰਜੇ ਬਿਠਾਇਆ ਤਾਂ ਮੈਂ ਹੱਥ ਮਾਰ ਕੇ ਦੁੱਧ ਡੋਲ੍ਹ ਦੇਣ ਦੀ ਸਲਾਹ ਬਣਾਈ, ਪਰ ਖਿਆਲ ਆਇਆ ਕਿ ਲੜਾਈ ਕਰਨ ਤੋਂ ਪਹਿਲਾਂ ਦੁੱਧ ਪੀ ਲੈਣਾ ਚੰਗਾ ਰਹੇਗਾ। ਸਰੀਰ 'ਚ ਚੁਸਤੀ ਆ ਜਾਏਗੀ। ਸੋ ਮੈਂ ਦੁੱਧ ਪੀ ਲਿਆ। ਜਿਹੜਾ ਬਿਸਕੁਟ ਥੋੜ੍ਹੀ ਦੇਰ ਮੈਂ ਪਹਿਲਾਂ ਮੈਂ ਭੁੰਜੇ ਸੁੱਟਿਆ ਸੀ, ਉਸ ਨੂੰ ਚੁੱਕ ਕੇ ਥੋੜ੍ਹਾ ਜਿਹਾ ਖਾ ਲਿਆ ਤੇ ਬਾਕੀ ਦਾ ਫੜ ਲਿਆ ਹੱਥ ਵਿਚ ਤਾਂ ਕਿ ਲੜਾਈ ਵਿਚ ਕਿਸੇ ਵੇਲੇ ਭੁੱਖ ਲੱਗੇ ਤਾਂ ਵਕਤ-ਜ਼ਰੂਰਤ ਕੰਮ ਆ ਸਕੇ।

ਤੱਦੇ ਬਾਪੂ ਨੇ ਮੈਨੂੰ ਚੁੱਕ ਲਿਆ ਤੇ ਬਾਹਰ ਬਗੀਚੇ ਵਿਚ ਲੈ ਗਿਆ। ਉਥੇ ਬਾਪੂ ਨੇ ਮੈਨੂੰ ਦੋ ਫੁੱਲ ਤੋੜ ਕੇ ਦਿੱਤੇ ਪਰ ਮੈਂ ਉਹਦੇ ਨਾਲ ਉਦਾਸੀਨਤਾ ਦਾ ਵਿਉਹਾਰ ਹੀ ਬਣਾਈ ਰੱਖਿਆ। ਫੇਰ ਮੈਂ ਵੇਖਿਆ ਬਾਪੂ ਨਾਲ ਦੇ ਘਰ ਦੀ ਜ਼ਨਾਨੀ ਨਾਲ ਹੱਸ ਹੱਸ ਕੇ ਗੱਲਾਂ ਕਰਨ ਲੱਗ ਪਿਆ। ਮੈਨੂੰ ਸੁੱਝ ਗਈ ਕਿ ਇਸ ਬਗੀਚੇ ਵਿਚ ਮੈਨੂੰ ਲਿਆਉਣਾ ਤਾਂ ਇਕ ਬਹਾਨਾ ਹੀ ਸੀ। ਦਰਅਸਲ ਬਾਪੂ ਮਾਂ ਤੋਂ ਚੋਰੀ ਏਸ ਜ਼ਨਾਨੀ ਨਾਲ ਗੱਲਾਂ ਕਰਨੀਆਂ ਚਾਹੁੰਦਾ ਸੀ। ਪਰ ਇਹ ਗੱਲ ਕਿਸੇ ਤਰ੍ਹਾਂ ਮੈਂ ਮਾਂ ਨੂੰ ਦੱਸ ਨਹੀਂ ਸਾਂ ਸਕਦਾ। ਮੈਨੂੰ ਅਜੇ ਬੋਲਣਾ ਜੁ ਨਹੀਂ ਸੀ ਆਉਂਦਾ। ਕਮਰੇ 'ਚ ਜਾ ਕੇ ਮੈਂ ਮਾਂ ਅੱਗੇ ਬਥੇਰਾ ਰੌਲਾ ਪਾਇਆ ਪਰ ਮੇਰੀ ਮਾਂ ਕੁਝ ਨਾ ਸਮਝੀ ਤੇ ਮੇਰਾ ਇਹ ਵਾਰ ਖਾਲੀ ਚਲਾ ਗਿਆ। ਲੜਾਈ ਵਿਚ ਕਈ ਵਾਰ ਖਾਲੀ ਵੀ ਤਾਂ ਜਾਂਦੇ ਹੀ ਨੇ ਨਾ। ਸੋ ਮੈਂ ਹੌਸਲਾ ਨਾ ਹਾਰਿਆ।

ਮੈਂ ਵੇਖਿਆ ਮਾਂ ਨੇ ਨਵੇਂ ਕਪੜੇ ਪਾ ਲਏ ਸਨ। ਸਿਰ ਵੀ ਵਾਹ ਲਿਆ ਸੀ। ਬਾਪੂ ਵੀ ਮੈਨੂੰ ਮਾਂ ਨੂੰ ਫੜਾ ਕੇ ਆਪਣੇ ਕਪੜੇ ਬਦਲਣ ਲੱਗ ਪਿਆ। ਮੈਂ ਸਮਝ ਗਿਆ ਕਿ ਕਿਤੇ ਜਾਣ ਦੀ ਤਿਆਰੀ ਹੋ ਰਹੀ ਏ। ਦੋਨਾਂ ਦੇ ਹਾਵਾਂ-ਭਾਵਾਂ ਨੇ ਬਲਦੀ 'ਤੇ ਤੇਲ ਪਾ ਦਿੱਤਾ। ਮੈਂ ਗੁੱਸੇ ਵਿਚ ਮਾਂ ਦੇ ਸਿਰ 'ਤੇ ਹੱਥ ਮਾਰ-ਮਾਰ ਕੇ ਉਹਦੇ ਵਾਲ ਏਨੇ ਖਿਲਾਰ ਦਿੱਤੇ ਕਿ ਉਸ ਨੂੰ ਇਕ

ਵਾਰ ਫੇਰ ਸ਼ੀਸ਼ੇ ਕੋਲ ਜਾ ਕੇ ਵਾਲ ਸਵਾਰਨੇ ਪਏ। ਮੈਂ ਆਪਣੀ ਸਫਲਤਾ 'ਤੇ ਬੜਾ ਖੁਸ਼ ਸਾਂ। ਮਾਂ ਨੇ ਆਪਣੇ ਵਾਲ ਠੀਕ ਕਰ ਕੇ ਮੇਰਾ ਮੂੰਹ ਧੋਤਾ ਤੇ ਮੈਨੂੰ ਵੀ ਨਵੀਂ ਫਰਾਕ ਤੇ ਨਵਾਂ ਸਵੈਟਰ ਪਾ ਦਿੱਤੇ। ਫੇਰ ਮਾਂ 'ਛੀ ਛੀ' ਕਰ ਕੇ ਮੈਨੂੰ ਪੇਸ਼ਾਬ ਕਰਾਉਣ ਲੱਗੀ। ਪੇਸ਼ਾਬ ਮੈਨੂੰ ਆਇਆ ਤਾਂ ਹੈਸੀ ਪਰ ਮੈਂ ਉਹਦੀ 'ਛੀ ਛੀ' ਤੇ ਪੇਸ਼ਾਬ ਨਾ ਕੀਤਾ। ਫੇਰ ਬਾਪੂ ਵੀ ਮੈਨੂੰ ਕਿੰਨਾਂ ਚਿਰ ਚੁੱਕ ਕੇ 'ਛੀ ਛੀ' ਕਰਦਾ ਰਿਹਾ। ਪਰ ਮੈਂ ਉਹਦੀ ਕੋਈ ਗੱਲ ਨਾ ਗੌਲੀ। ਮੇਰੇ ਕੋਲ ਲੜਨ ਲਈ ਕੋਈ ਬਾਰੂਦ ਗੋਲੀਆਂ ਥੋੜ੍ਹੀਆਂ ਸਨ। ਪੇਸ਼ਾਬ ਵਗੈਰਾ ਹੀ ਤਾਂ ਮੇਰਾ ਸਭ ਤੋਂ ਵਧੀਆ ਅਸਲ੍ਹਾ ਸੀ, ਉਹਨੂੰ ਮੈਂ ਕਿਵੇਂ ਜ਼ਾਇਆ ਕਰ ਦੇਂਦਾ ? ਫੇਰ ਬਾਪੂ ਨੇ ਮੈਨੂੰ ਚੁੱਕ ਲਿਆ। ਮੈਂ ਦਿਲ ਵਿਚ ਸੋਚ ਰਿਹਾ ਸਾਂ ਕਿ ਕਿਤੇ ਇਹ ਫੇਰ ਮੈਨੂੰ ਘਰੇ ਹੀ ਨਾ ਛੱਡ ਜਾਣ। ਏਨੇ ਨੂੰ ਮੇਰੇ ਬਾਪ ਨੇ ਕਿਹਾ, "ਇਹ ਬੜਾ ਬਦਮਾਸ਼ ਹੈ, ਪੇਸ਼ਾਬ ਨਹੀਂ ਕਰਦਾ। ਅੱਗੇ ਮੇਰੀਆਂ ਕਿਤਾਬਾਂ ਸਿਆਹੀ ਨਾਲ ਰੰਗ ਦਿੱਤੀਆਂ ਸੂ।"

ਮੈਂ ਵਿਚੋਂ ਬੜਾ ਖੁਸ਼ ਹੋਇਆ ਅਤੇ ਦਿਲ ਹੀ ਦਿਲ ਵਿਚ ਕਿਹਾ, "ਬਾਪੂ ਅਜੇ ਕੀ ਹੋਇਆ, ਤੂੰ ਅੱਜ ਮੈਨੂੰ ਧੋਖਾ ਦੇ ਕੇ ਚਲਾ ਗਿਆ ਸੈਂ, ਮੈਂ ਵੀ ਅੱਜ ਤੈਨੂੰ ਕਰਾਰੇ ਹੱਥ ਵਿਖਾਊਂ, ਜੋ ਤੈਨੂੰ ਸਾਰੀ ਉਮਰ ਯਾਦ ਰਹੇ ਕਿ ਕੋਈ ਟੱਕਰਿਆ ਸੀ।"

ਮੇਰੇ ਚੰਗੇ ਭਾਗਾਂ ਨੂੰ, ਮਾਂ ਤੇ ਬਾਪੂ ਨੇ ਬਾਹਰ ਜਾਣ ਲੱਗਿਆਂ ਮੈਨੂੰ ਵੀ ਨਾਲ ਲੈ ਲਿਆ। ਮੈਂ ਬੜਾ ਖੁਸ਼ ਸਾਂ, ਤੇ ਸੋਚਦਾ ਸਾਂ ਕਿ ਚੰਗਾ ਮੌਕਾ ਮਿਲਿਆ। ਅੱਜ ਇਨ੍ਹਾਂ ਦੋਨਾਂ ਨੂੰ ਭਰੇ ਬਾਜ਼ਾਰ ਵਿਚ ਭੰਡਾਂਗਾ।

ਬਾਜ਼ਾਰ ਵਿਚ ਇਕ ਜਗ੍ਹਾ ਬਾਪੂ ਕਿਸੇ ਨਾਲ ਗੱਲ ਕਰਨ ਲਈ ਰੁਕ ਗਿਆ। ਮੈਨੂੰ ਮਾਂ ਨੇ ਚੁੱਕਿਆ ਹੋਇਆ ਸੀ। ਇਹ ਵੇਲਾ ਮੈਨੂੰ ਹਮਲਾ ਕਰਨ ਲਈ ਚੰਗਾ ਲੱਗਿਆ। ਮੈਂ ਜ਼ੋਰ ਦੀ ਪੇਸ਼ਾਬ ਦੀ ਧਾਰ ਜੂ ਮਾਰੀ ਤਾਂ ਬਾਪੂ ਦੇ ਗਰਮ ਕੋਟ 'ਤੇ ਇਕ ਲੰਬੀ ਲਕੀਰ ਪੈ ਗਈ। ਬਾਪੂ 'ਤੱਤ ਤੱਤ' ਕਰਦਾ, ਡਰਦਾ ਮਾਰਾ ਇਉਂ ਪਿੱਛੇ ਹਟਿਆ ਜਿਵੇਂ ਦੁਸ਼ਮਣ ਦੇ ਅਚਾਨਕ ਹਮਲਾ ਕਰ ਦੇਣ 'ਤੇ ਫੌਜੀਆਂ 'ਚ ਖਲਬਲੀ ਮੱਚ ਜਾਂਦੀ ਏ। ਮਾਂ ਦੇ ਥੱਲੇ ਉਤਾਰਦਿਆਂ-ਉਤਾਰਦਿਆਂ ਮੈਂ ਮਾਂ ਨੂੰ ਵੀ ਭਿਉਂ ਦਿੱਤਾ। ਮੈਂ ਖੁਸ਼ ਸਾਂ ਕਿ ਇਕੋ ਵਾਰ ਨਾਲ ਦੋਵੇਂ ਦੁਸ਼ਮਣ ਫੱਟੜ ਕੀਤੇ ਨੇ ਤੇ ਆਪ ਸੁੱਕਾ ਈ ਬਚ ਗਿਆ ਹਾਂ। ਮੇਰੀ ਪੈਂਟ ਰਾਹ ਵਾਲੀ ਬਣੀ ਹੋਈ ਸੀ, ਇਸ ਲਈ ਮੈਂ ਸੁੱਕਾ ਹੀ ਬਚ ਗਿਆ ਸਾਂ।

ਅੱਗੇ ਜਾ ਕੇ ਇਕ ਦੁਕਾਨ ਵਿਚ ਮਾਂ ਤੇ ਬਾਪੂ ਕੋਈ ਚੀਜ਼ ਖਰੀਦਣ ਲੱਗੇ। ਪਹਿਲਾਂ ਤਾਂ ਮੇਰਾ ਧਿਆਨ ਦੁਕਾਨ ਵਿਚ ਚਮਕੀਲੀਆਂ ਚੀਜ਼ਾਂ ਨੇ ਖਿੱਚ ਲਿਆ। ਚੀਜ਼ਾਂ ਨੂੰ ਵੇਖਦੇ ਹੀ ਇਕ ਖਿਡੌਣੇ 'ਤੇ ਮੇਰੀ ਨਜ਼ਰ ਟਿਕ ਗਈ ਤੇ

ਉਸ ਵੱਲ ਇਸ਼ਾਰਾ ਕੀਤਾ। ਬਾਪੂ ਸਮਝ ਗਿਆ ਕਿ ਮੈਂ ਹਵਾਈ ਜਹਾਜ਼ ਲੈਣਾਂ ਚਾਹੁੰਦਾ ਹਾਂ। ਉਹਦਾ ਮੁੱਲ ਬਹੁਤਾ ਹੋਵੇਗਾ, ਇਸ ਲਈ ਮਾਂ ਤੇ ਬਾਪੂ ਨੇ ਮੈਨੂੰ ਕਈ ਦੂਸਰੀਆਂ ਚੀਜ਼ਾਂ ਲੈਣ ਲਈ ਪ੍ਰੇਰਿਆ, "ਐਹ ਗੁਡੀਆ ਲੈ ਲੈ, ਐਹ ਗੇਂਦ ਲੈ ਲੈ।" ਪਰ ਮੈਂ ਪਸਰ ਗਿਆ ਤੇ ਜਿੰਨਾ ਚਿਰ ਉਹ ਹਵਾਈ ਜਹਾਜ਼ ਨਾ ਲੈ ਲਿਆ ਉੱਨਾ ਚਿਰ ਰੌਲਾ ਹੀ ਪਾਉਂਦਾ ਰਿਹਾ।

ਦੁਕਾਨੋਂ ਬਾਹਰ ਨਿਕਲਦਾ ਬਾਪੂ ਕਹਿ ਰਿਹਾ ਸੀ, "ਬਿੱਟੂ ਬੜਾ ਬਦਮਾਸ਼ ਹੋ ਗਿਆ ਏ।" ਮੈਂ ਦਿਲ ਹੀ ਦਿਲ 'ਚ ਕਿਹਾ, "ਅਜੇ ਤੂੰ ਮੇਰੀ ਬਦਮਾਸ਼ੀ ਕੀ ਦੇਖੀ ਏ, ਜ਼ਰਾ ਠਹਿਰ ਜਾ ਅਜੇ ਤਾਂ ਮੈਂ ਤੁਹਾਨੂੰ ਮਜ਼ਾ ਚਖਾਣਾ ਏਂ।" ਰਾਹ ਵਿਚ ਮਾਂ ਤੇ ਬਾਪੂ ਮੈਨੂੰ ਵਾਰੀ ਵਾਰੀ ਚੁੱਕਦੇ ਸਨ। ਸੋ ਮੈਂ ਵਾਰੀ-ਵਾਰੀ ਹਵਾਈ ਜਹਾਜ਼ ਮਾਰ ਮਾਰ ਉਹਨਾਂ ਦੇ ਹੱਥਾਂ-ਬਾਹਵਾਂ ਉਤੇ ਕਈ ਸੱਟਾਂ ਲਾਈਆਂ। ਘਰ ਆ ਕੇ ਵੀ ਮਾਂ ਤੇ ਬਾਪੂ ਚਾਹੁੰਦੇ ਸਨ ਕਿ ਮੈਂ ਛੇਤੀ ਸੌਂ ਜਾਵਾਂ। ਏਸ ਲਈ ਜਦ ਤਕ ਮਾਂ ਤੇ ਬਾਪੂ ਰੋਟੀ ਖਾਣ ਮੈਨੂੰ ਭੂਆ ਨੇ ਦੁੱਧ ਪਿਆ ਦਿੱਤਾ।

ਰੋਟੀ ਖਾਣ ਤੋਂ ਬਾਅਦ ਮਾਂ ਮੰਜੇ 'ਤੇ ਲੇਟੀ ਕਾਫੀ ਦੇਰ ਤਕ ਮੈਨੂੰ ਫੜ ਫੜ ਕੇ ਲੰਮੇ ਪਾਉਣ ਦੀ ਕੋਸ਼ਿਸ਼ ਕਰਦੀ ਰਹੀ। ਪਰ ਮੈਂ ਅੱਜ ਦੁਪਹਿਰ ਤੋਂ ਬਾਅਦ ਸਾਰਾ ਦਿਨ ਸੁੱਤਾ ਰਿਹਾ ਸਾਂ। ਸੋ ਮੈਂ ਸੌਣਾ ਨਹੀਂ ਸਾਂ ਚਾਹੁੰਦਾ। ਸਗੋਂ ਸੌਣ ਵਾਲਿਆਂ ਦੀ ਨੀਂਦ ਖਰਾਬ ਕਰਨੀ ਚਾਹੁੰਦਾ ਸਾਂ। ਇਸ ਲਈ ਜਦੋਂ ਵੀ ਮਾਂ ਜ਼ਰਾ ਕੁ ਊਂਘੇ ਮੈਂ ਹਵਾਈ ਜਹਾਜ਼ ਉਹਦੇ ਉਤੇ ਸੁੱਟ ਦਿਆਂ। ਆਖਰ ਮਾਂ ਨੇ ਤੰਗ ਆ ਕੇ ਮੈਨੂੰ ਇਕ ਚਪੇੜ ਵੀ ਮਾਰ ਦਿੱਤੀ। ਮੈਂ ਰੋ ਪਿਆ, ਪਰ ਮਾਰ ਪੈਣ ਦਾ ਅਫਸੋਸ ਨਹੀਂ ਸੀ। ਲੜਨਾ ਹੋਵੇ ਤਾਂ ਮਾਰਨ ਤੋਂ ਪਹਿਲਾਂ ਮਾਰ ਖਾਣ ਲਈ ਵੀ ਤਿਆਰ ਰਹਿਣਾ ਚਾਹੀਦੈ। ਸੋ ਮੈਂ ਤਿਆਰ ਸਾਂ। ਮੈਨੂੰ ਰੋਂਦੇ ਨੂੰ ਵੇਖ ਕੇ ਬਾਪੂ ਨੇ ਮੈਨੂੰ ਆਪਣੇ ਪਲੰਘ 'ਤੇ ਖਿੱਚ ਲਿਆ। ਮੈਂ ਉਹਨੂੰ ਵੀ ਏਸੇ ਤਰ੍ਹਾਂ ਤੰਗ ਕਰਦਾ ਰਿਹਾ। ਅਖੀਰ ਬਾਪੂ ਨੇ ਉਠ ਕੇ ਬੱਤੀ ਬੁਝਾ ਦਿੱਤੀ। ਮੈਂ ਜ਼ੋਰ ਜ਼ੋਰ ਦੀ ਰੋਣਾ ਸ਼ੁਰੂ ਕਰ ਦਿੱਤਾ ਤੇ ਜ਼ਿੱਦ ਕੀਤੀ ਕਿ ਬੱਤੀ ਫੇਰ ਜਗਾਈ ਜਾਵੇ। ਏਸ ਤਰ੍ਹਾਂ ਕਾਫੀ ਦੇਰ ਹੋ ਗਈ।

ਜਦੋਂ ਮੈਂ ਥੱਕ ਗਿਆ ਤਾਂ ਚੁੱਪ ਕਰ ਕੇ ਮਾਂ ਦੀ ਮੰਜੀ 'ਤੇ ਜਾ ਕੇ ਉਹਦੇ ਨਾਲ ਲੰਮਾ ਪੈ ਗਿਆ। ਥੋੜ੍ਹੀ ਦੇਰ ਬਾਅਦ ਬਾਪੂ ਉੱਠਿਆ। ਉਹੀਨੇ ਬੱਤੀ ਬੁਝਾਈ ਤੇ ਮਾਂ ਨੂੰ ਕੁਝ ਆਖਿਆ। ਮਾਂ ਮੰਜੀ ਤੋਂ ਉੱਠਣ ਲੱਗੀ ਤਾਂ ਮੈਂ ਉਹਦੀ ਕਮੀਜ਼ ਘੁੱਟ ਕੇ ਫੜ ਲਈ। ਬਾਪੂ ਮੈਨੂੰ ਜਾਗਦਾ ਵੇਖ ਕੇ ਆਪਣੇ ਪਲੰਘ 'ਤੇ ਚਲਾ ਗਿਆ। "ਏਹ ਕਮਬਖ਼ਤ ਅੱਜ ਸੌਂਦਾ ਹੀ ਨਹੀਂ" ਜਦੋਂ ਉਹ ਬੁੜਬੁੜਾਉਂਦਾ ਹੋਇਆ ਮੁੜ ਆਪਣੇ ਪਲੰਘ 'ਤੇ ਜਾ ਸੁੱਤਾ, ਤੇ ਫੇਰ ਉਹਦੇ

ਘੁਰਾੜਿਆਂ ਦੀ ਆਵਾਜ਼ ਆਉਣੀ ਸ਼ੁਰੂ ਹੋ ਗਈ ਤਾਂ ਮੈਂ ਸਮਝ ਗਿਆ ਕਿ ਬਾਪੂ ਨੇ ਲੜਾਈ ਵਿਚ ਹਾਰ ਮੰਨ ਲਈ ਹੈ।

ਮਨ ਹੀ ਮਨ ਵਿਚ ਏਸ ਜਿੱਤ ਦੀ ਖੁਸ਼ੀ ਮਨਾਉਂਦਾ, ਪਤਾ ਨਹੀਂ ਮੈਂ ਕਦ ਸੌਂ ਗਿਆ। ਸੌਣ ਲੱਗਿਆਂ ਵੀ ਮੈਂ ਆਪਣੀ ਮਾਂ ਦੀ ਕਮੀਜ਼ ਘੁੱਟ ਕੇ ਫੜੀ ਹੋਈ ਸੀ ਤਾਂਕਿ ਉਹ ਮੈਨੂੰ ਸੁੱਤੇ ਪਏ ਨੂੰ ਛੱਡ ਕੇ ਨਾ ਜਾ ਸਕੇ।

# ਪਹਿਲੀ ਸ਼ਰਤ

ਬੀ.ਏ., ਬੀ.ਟੀ. ਕਰਨ ਤੋਂ ਬਾਅਦ ਨੌਕਰੀ ਮਿਲਣ 'ਤੇ ਪਹਿਲੀ ਤਨਖਾਹ ਦੀ ਖੁਸ਼ੀ ਮਹਿਸੂਸ ਕਰਨ ਦੀ ਗੱਲ ਰਮੇਸ਼ ਦੇ ਦਿਲ ਵਿਚ ਸੱਧਰ ਹੀ ਬਣ ਕੇ ਰਹਿ ਗਈ ਸੀ। ਡੂਢ ਸਾਲ ਤੋਂ ਸਕੂਲ ਦੇ ਮੈਨੇਜਰਾਂ ਦੇ ਦਫਤਰਾਂ ਤੇ ਘਰਾਂ ਦੇ ਚੱਕਰ ਕੱਟ ਕੱਟ ਕੇ ਉਹ ਥੱਕ ਚੁੱਕਾ ਸੀ।

ਉਸ ਦਿਨ ਮਹੀਨੇ ਦੀ ਪਹਿਲੀ ਤਾਰੀਖ ਨੂੰ ਤਨਖਾਹ ਲੈ ਕੇ ਮੈਂ ਖਜ਼ਾਨਚੀ ਦੇ ਦਫਤਰੋਂ ਨਿਕਲਿਆ ਹੀ ਸਾਂ ਕਿ ਰਮੇਸ਼ ਆ ਗਿਆ, ਸ਼ਾਇਦ ਸਰਟੀਫੀਕੇਟ ਆਦਿ ਟਾਈਪ ਕਰਵਾਣੇ ਹੋਣ। ਮੇਰੇ ਹੱਥ ਵਿਚ ਨੋਟਾਂ ਦੀ ਦੱਥੀ ਵੇਖ ਕੇ ਕਹਿਣ ਲੱਗਾ :

"ਲਿਆ ! ਲਿਆ ਯਾਰਾ, ਤਨਖਾਹ ਆਪਣੀ। ਇਕ ਵਾਰੀ ਜੇਬ ਵਿਚ ਰੱਖ ਕੇ ਤਾਂ ਵੇਖਾਂ ਕਿ ਕਿੱਦਾਂ ਅਨੁਭਵ ਹੁੰਦਾ ਹੈ।" ਇਹ ਕਹਿੰਦੇ ਹੋਏ ਉਸ ਨੇ ਪੈਸੇ ਫੜ ਕੇ ਜੇਬ ਵਿਚ ਰੱਖ ਲਏ। ਕਮੀਜ਼ ਪਤਲੀ ਸੀ। ਪਾਪਲੀਨ ਦੀ। ਇਸ ਲਈ ਨੋਟਾਂ ਦੀ ਦੱਥੀ ਸਾਫ ਨਜ਼ਰ ਆ ਰਹੀ ਸੀ। ਉਸ ਨੇ ਇਕ ਵਾਰੀ ਫੇਰ ਨੋਟਾਂ ਵੱਲ ਵੇਖਿਆ ਅਤੇ ਇਕ ਹੱਥ ਨਾਲ ਜੇਬ ਨੂੰ ਟੋਲਦਿਆਂ ਹੋਇਆਂ ਕਹਿਣ ਲੱਗਾ।

"ਕਿੰਨੇ ਨੇ ?"

"ਇਕ ਸੌ ਤੀਹ।"

"ਇਕ ਸੌ ਤੀਹ ? ਇਹਦੇ ਵਿਚ ਗੁਜ਼ਾਰਾ ਕਿਵੇਂ ਕਰਦਾ ਹੋਵੇਂਗਾ ?"

"ਹੁਣ ਕੀ ਕੀਤਾ ਜਾਵੇ ਯਾਰ ! ਏਸੇ ਲਈ ਮੈਂ ਪਹਿਲੀ ਤਾਰੀਖ ਨੂੰ ਹੋਰ ਵੀ ਉਦਾਸ ਹੋ ਜਾਂਦਾ ਹਾਂ। ਦਿਮਾਗ ਸੋਚ ਸੋਚ ਕੇ ਚਕਰਾ ਜਾਂਦਾ ਏ ਕਿ ਗੁਜ਼ਾਰਾ ਕਿਸ ਤਰ੍ਹਾਂ ਚੱਲੇਗਾ।"

"ਅਜੀਬ ਗੱਲ ਏ। ਤੂੰ ਨੌਕਰ ਹੋ ਕੇ ਪਰੇਸ਼ਾਨ ਹੈਂ ਅਤੇ ਮੈਂ...ਨੌਕਰ ਨਾ ਹੋ ਕੇ। ਫੇਰ ਕੁਝ ਦੇਰ ਬਾਅਦ ਕਹਿਣ ਲੱਗਾ, "ਛੱਡ ਯਾਰ ਇਨ੍ਹਾਂ ਗੱਲਾਂ ਨੂੰ। ਦੁਨੀਆਂ ਦੀਆਂ ਪਰੇਸ਼ਾਨੀਆਂ ਤਾਂ ਸਾਰੀ ਉਮਰ ਘੱਟ ਨਹੀਂ ਹੋਣੀਆਂ। ਅੱਜ ਤੂੰ ਮੈਨੂੰ ਖੁਸ਼ ਹੋ ਲੈਣ ਦੇ। ਫਰਜ਼ ਕਰਨ ਦੇ ਕਿ ਅੱਜ ਮੈਨੂੰ ਪਹਿਲੀ ਤਨਖਾਹ ਮਿਲੀ ਹੈ ਅਤੇ ਜੇਬ ਵਿਚ ਪਏ ਹੋਏ ਇਕ ਸੌ ਤੀਹ ਰੁਪਏ ਮੇਰੇ

ਆਪਣੇ ਨੇ...ਅਤੇ ਜੇ ਮੈਂ ਇਹ ਰਕਮ ਲਿਜਾ ਕੇ ਆਪਣੇ ਬਾਬੇ ਦੀ ਝੋਲੀ ਵਿਚ ਪਾ ਦਿਆਂ ਤਾਂ ਸ਼ਾਇਦ ਉਹ ਸੌਖ ਨਾਲ ਮਰ ਸਕੇ। ਉਹਨੂੰ ਵਿਸ਼ਵਾਸ ਹੋ ਜਾਵੇ ਕਿ ਮੇਰਾ ਪੋਤਰਾ ਮੇਰੇ ਪਿੱਛੋਂ ਘਰ ਦਾ ਭਾਰ ਝੱਲਣ ਜੋਗਾ ਹੋ ਗਿਆ ਏ।...ਪਰ ਉਹ ਦਿਨ ਯਾਰ ਪਤਾ ਨਹੀਂ ਕਦੋਂ ਆਵੇਗਾ ?"

ਗੱਲਾਂ ਕਰਦੇ ਕਰਦੇ ਅਸੀਂ ਕਾਫੀ ਹਾਊਸ ਪੁੱਜ ਗਏ ਸਾਂ। ਮੈਂ ਉਦਾਸ ਸਾਂ। ਇਨ੍ਹਾਂ ਇਕ ਸੌ ਤੀਹਾਂ ਰੁਪਿਆਂ ਵਿਚ ਮੈਂ ਘਰ ਦਾ ਕਿਰਾਇਆ ਨਹੀਂ ਸਾਂ ਦੇ ਸਕਦਾ। ਡਾਕਟਰ ਦਾ ਬਿੱਲ ਦੇਣ ਦੀ ਵੀ ਗੁੰਜਾਇਸ਼ ਨਜ਼ਰ ਨਹੀਂ ਸੀ ਆਉਂਦੀ। ਦੋ-ਇਕ ਦੋਸਤਾਂ ਕੋਲੋਂ ਰੁਪਏ ਉਧਾਰ ਲਏ ਹੋਏ ਸਨ। ਉਹ ਵੀ ਵਾਪਸ ਨਹੀਂ ਸਾਂ ਦੇ ਸਕਦਾ। ਮੈਂ ਇਨ੍ਹਾਂ ਸੋਚਾਂ ਵਿਚ ਹੀ ਡੁੱਬਾ ਹੋਇਆ ਸਾਂ ਕਿ ਰਮੇਸ਼ ਨੇ ਸਲਾਈਸ, ਆਂਡੇ ਤੇ ਕਾਫੀ ਦਾ ਆਰਡਰ ਦੇ ਦਿੱਤਾ। ਉਹਨੂੰ ਪਤਾ ਏ ਕਿ ਮੈਂ ਹਰ ਪਹਿਲੀ ਤਾਰੀਖ ਨੂੰ ਏਹੋ ਕੁਝ ਮੰਗਵਾਂਦਾ ਹਾਂ। ਏਨੇ ਵਿਚ ਕਰਤਾਰ ਤੇ ਮਿਸ਼ਰਾ ਵੀ ਆ ਗਏ। ਮਿਸ਼ਰਾ ਤੇ ਵਿਚਾਰਾ ਇਕ ਮਾਮੂਲੀ ਕਲਰਕ ਹੀ ਏ। ਪਰ ਕਰਤਾਰ ਸਿੰਘ ਅਮੀਰ ਆਦਮੀ ਦਾ ਪੁੱਤਰ ਏ ਤੇ ਹਰ ਸ਼ਾਮ ਨੂੰ ਉਹ ਕਿਸੇ ਸ਼ਰਾਬਖਾਨੇ ਵਿਚ, ਤੇ ਹੋ ਸਕਦਾ ਏ ਪਰ ਅੱਜ ਕਾਫੀ ਹਾਊਸ ਵਿਚ ਦੇਖ ਕੇ ਹੈਰਾਨੀ ਹੋਈ। ਹੋਇਆ ਇੰਝ ਏ ਕਿ ਅੱਜਕਲ੍ਹ ਉਹਦੀ ਆਪਣੇ ਪਿਉ ਨਾਲ ਲੜਾਈ ਏ। ਨਹੀਂ ਤਾਂ ਹਰ ਸਮੇਂ ਉਸ ਦੀਆਂ ਜੇਬਾਂ ਵਿਚ ਨੋਟਾਂ ਦੀਆਂ ਦੱਥੀਆਂ ਰਹਿੰਦੀਆਂ ਸਨ, ਅੱਜਕਲ੍ਹ ਖੀਸਾ ਖਾਲੀ ਹੁੰਦਾ ਏ। ਰਮੇਸ਼ ਨੇ ਉਹਨਾਂ ਦੋਹਾਂ ਦੇ ਬੈਠਦਿਆਂ ਸਾਰ ਪੁੱਛਿਆ :

"ਕੀ ਮੰਗਵਾਵਾਂ ?"

"ਉਹੋ ਕਾਫੀ। ਹੋਰ ਤੂੰ ਕੀ ਮੰਗਵਾ ਸਕਦਾ ਏਂ ?" ਕਰਤਾਰ ਨੇ ਕਿਹਾ।

"ਐਸੀ ਗੱਲ ਨਹੀਂ ਯਾਰ !" ਰਮੇਸ਼ ਨੇ ਜੇਬ ਦੇ ਨੋਟ ਦਿਖਾਂਦਿਆਂ ਹੋਇਆਂ ਕਿਹਾ, "ਅੱਜ ਮੈਨੂੰ ਪਹਿਲੀ ਤਨਖਾਹ ਮਿਲੀ ਏ।"

"ਤੇ ਚਲ ਫੇਰ ? ਨੌਕਰ ਕਦ ਹੋਇਆ ਏਂ ?"

"ਬੈਠ ਬੈਠ। ਅੱਜ ਕਾਫੀ ਹੀ ਮਿਲੇਗੀ। ਤੇਰਾ ਕੰਮ ਕਿਸੇ ਦਿਨ ਹੋਰ।" ਰਮੇਸ਼ ਨੇ ਕਰਤਾਰ ਨੂੰ ਜ਼ਬਰਦਸਤੀ ਬਿਠਾਂਦੇ ਹੋਏ ਕਿਹਾ।

ਕਾਫੀ ਪੀਤੀ ਗਈ। ਇਕ-ਦੋ ਦੋਸਤ ਹੋਰ ਵੀ ਦੂਸਰੀਆਂ ਮੇਜ਼ਾਂ ਤੋਂ ਉੱਠ ਕੇ ਆ ਗਏ। ਰਮੇਸ਼ ਨੇ ਉਹਨਾਂ ਵਾਸਤੇ ਵੀ ਕਾਫੀ ਮੰਗਵਾਈ। ਰਮੇਸ਼ ਅੱਜ ਬਹੁਤ ਖੁਸ਼ ਸੀ। ਬਿੱਲ ਜਿੰਨਾਂ ਵਧਦਾ ਜਾ ਰਿਹਾ ਸੀ, ਮੈਂ ਉੱਨਾਂ ਹੀ ਜ਼ਿਆਦਾ ਸੋਚਾਂ ਵਿਚ ਡੁੱਬਦਾ ਜਾ ਰਿਹਾ ਸਾਂ। ਪਰ ਮੈਂ ਰਮੇਸ਼ ਕੋਲੋਂ ਉਹਦੀ ਖੁਸ਼ੀ ਨਹੀਂ ਸੀ ਖੋਹਣਾ ਚਾਹੁੰਦਾ। ਜਿਹੜੇ ਫਰਜ਼ੀ ਪਹਾੜ 'ਤੇ ਉਹ ਉਸ ਵੇਲੇ ਚੜ੍ਹਿਆ ਸੀ, ਮੈਂ ਚਾਹੁੰਦਾ ਸੀ ਕਿ ਉਹ ਉਸ ਦੀ ਖੁੱਲ੍ਹੀ ਹਵਾ ਵਿਚ ਸਾਹ ਲੈ ਸਕੇ। ਮੈਨੂੰ ਕੀ ਹੱਕ ਸੀ ਕਿ ਮੈਂ ਕੁਝ ਰੁਪਿਆਂ ਲਈ ਆਪਣੇ ਦੋਸਤ ਕੋਲੋਂ ਉਸ

ਦੀ ਉਹ ਖੁਸ਼ੀ ਖੋਹ ਲਵਾਂ ਜਿਸ ਨੂੰ ਮਾਣਨ ਲਈ ਉਹ ਕਿੰਨੇ ਚਿਰ ਤੋਂ ਆਸ ਲਾਈ ਬੈਠਾ ਸੀ।

ਬੈਰਾ ਬਿੱਲ ਲੈ ਕੇ ਆ ਗਿਆ। ਤਕਰੀਬਨ ਚਾਰ ਰੁਪਏ ਬਣਦੇ ਸਨ। ਰਮੇਸ਼ ਨੇ ਪੂਰੇ ਨੋਟ ਜੇਬ 'ਚੋਂ ਕੱਢੇ ਅਤੇ ਫੇਰ ਦਸ ਦਾ ਇਕ ਨੋਟ ਵੱਖ ਕਰ ਕੇ ਬੜੀ ਸ਼ਾਨ ਨਾਲ ਟਰੇਅ ਵਿਚ ਟਿਕਾ ਦਿੱਤਾ। ਫੇਰ ਉਹਨੇ ਮੇਰੀ ਵੱਲ ਵੇਖਿਆ ਜਿਵੇਂ ਕਹਿਣਾ ਚਾਹੁੰਦਾ ਹੋਵੇ, 'ਯਾਰ ਮੁਆਫ ਕਰਨਾ ! ਮੇਰੇ ਕਾਰਨ ਬਿੱਲ ਬਹੁਤਾ ਹੋ ਗਿਆ।' ਮੈਂ ਇਸ਼ਾਰਾ ਕਰ ਦਿੱਤਾ, "ਫਿਕਰ ਨਾ ਕਰ, ਕੋਈ ਗੱਲ ਨਹੀਂ।"

ਨੋਟਾਂ ਦੀ ਦੱਥੀ ਉਸੇ ਤਰ੍ਹਾਂ ਰਮੇਸ਼ ਦੇ ਹੱਥ ਵਿਚ ਫੜੀ ਹੋਈ ਸੀ। ਬੈਰਾ ਬਾਕੀ ਨੋਟ ਵਾਪਸ ਲੈ ਕੇ ਆਇਆ ਤਾਂ ਉਹਨੇ ਉਹ ਵੀ ਦੱਥੀ ਵਿਚ ਹੀ ਰੱਖ ਲਏ। ਕਰਤਾਰ ਨੂੰ ਰੁਪਿਆਂ ਵੱਲ ਤੱਕਦੇ ਵੇਖ ਕੇ ਰਮੇਸ਼ ਨੇ ਨੋਟ ਮੇਜ਼ 'ਤੇ ਰੱਖ ਦਿੱਤੇ। ਮੈਂ ਸੋਚਿਆ ਅੱਜ ਰਮੇਸ਼ ਸਾਰਿਆਂ ਦੋਸਤਾਂ ਨੂੰ ਦੱਸਣਾ ਚਾਹੁੰਦਾ ਏ ਕਿ ਮੈਂ ਨੌਕਰ ਹੋ ਗਿਆ ਹਾਂ, ਮੇਰੇ ਕੋਲ ਵੀ ਰੁਪਏ ਹੋ ਸਕਦੇ ਨੇ। ਨੋਟਾਂ ਉਤੇ ਹੱਥ ਰਖਦੇ ਹੋਏ ਰਮੇਸ਼ ਨੇ ਕਰਤਾਰ ਵੱਲ ਵੇਖਿਆ ਤੇ ਕਿਹਾ :

"ਕਰਤਾਰ ਭਰਾ ! ਜੇ ਤੂੰ ਦੱਸ ਦੇਵੇਂ ਕਿ ਕੁਲ ਕਿੰਨੇ ਰੁਪਏ ਨੇ ਤਾਂ ਸਾਰੇ ਦੇ ਸਾਰੇ ਤੇਰੇ।"

"ਸਾਰੇ !" ਕਰਤਾਰ ਦੀਆਂ ਅੱਖਾਂ ਵਿਚ ਚਮਕ ਆ ਗਈ। ਇਕ ਦਿਨ ਲਈ ਉਹਨੇ ਆਪਣੇ ਆਪ ਨੂੰ ਇਕ ਬਾਰ ਵਿਚ ਬੈਠਾ ਮਹਿਸੂਸ ਕੀਤਾ।

ਮੇਰਾ ਦਿਲ ਬੈਠਣ ਲੱਗਾ।

"ਬੋਲੋ," ਰਮੇਸ਼ ਨੇ ਕਿਹਾ।

ਕਰਤਾਰ ਨੇ ਇਕ ਨਜ਼ਰ ਸਾਰਿਆਂ ਵੱਲ ਵੇਖਿਆ ਤੇ ਕਿਹਾ, "ਸਾਰੇ ਗਵਾਹ ਜੇ।"

ਸਾਰਿਆਂ ਨੇ ਹਾਮੀ ਭਰ ਦਿੱਤੀ।

ਮੇਰਾ ਦਿਲ ਚਾਹੁੰਦਾ ਸੀ ਕਿ ਰਮੇਸ਼ ਨੂੰ ਇਸ਼ਾਰਾ ਕਰ ਦਿਆਂ ਕਿ ਉਹ ਇਹ ਸ਼ਰਤ ਨਾ ਲਾਵੇ। ਪਰ ਰਮੇਸ਼ ਮੇਰੇ ਵੱਲ ਵੇਖ ਹੀ ਨਹੀਂ ਸੀ ਰਿਹਾ।

"ਦੱਸ ਕਰਤਾਰ !" ਰਮੇਸ਼ ਨੇ ਕਿਹਾ।

"ਪੱਕੀ ਗੱਲ ਏ ਨਾ, ਜੇ ਮੈਂ ਠੀਕ ਦੱਸ ਦਿੱਤਾ ਤਾਂ ਮੈਂ ਰੁਪਏ ਲੈ ਲੈਣੇ ਨੇ, ਹਾਂ।"

"ਹਾਂ, ਪੱਕੀ, ਪੱਕੀ, ਪੱਕੀ।"

"ਹੱਛਾ, ਇਕ ਵਾਰ ਨੋਟਾਂ ਨੂੰ ਹੱਥ ਵਿਚ ਪਕੜ ਕੇ ਵੇਖਣ ਦਏਂਗਾ ?"

"ਹਾਂ ਹਾਂ, ਲੈ।"

ਕਰਤਾਰ ਨੇ ਇਕ ਵਾਰੀ ਦੱਥੀ ਨੂੰ ਟੋਹਿਆ, ਫੇਰ ਉਲਟਾ-ਪਲਟਾ ਕੇ

ਵੇਖਿਆ ਅਤੇ ਨੋਟ ਵਾਪਸ ਕਰਦੇ ਹੋਏ ਸੋਚਣ ਲੱਗ ਪਿਆ।

"ਜਲਦੀ ਕਰ ਭਈ !"

ਕਰਤਾਰ ਹੋਰ ਸੋਚ ਵਿਚ ਪੈ ਗਿਆ। ਅਸੀਂ ਸਾਰੇ ਚੁੱਪਚਾਪ ਬੈਠੇ ਸਾਂ ਅਤੇ ਕਰਤਾਰ ਦੇ ਜਵਾਬ ਦੀ ਉਡੀਕ ਕਰ ਰਹੇ ਸਾਂ। ਉਹ ਅਚਾਨਕ ਬੋਲਿਆ।

"ਤਿੰਨ ਸੌ।"

ਮੇਰੇ ਦਿਲ ਨੂੰ ਧੀਰਜ ਹੋਈ। ਚਲੋ ਤਨਖਾਹ ਬਚ ਗਈ। ਪਰ ਰਮੇਸ਼ ਤਾਂ ਸ਼ਾਇਦ ਅੱਜ ਤੁਲਿਆ ਹੋਇਆ ਸੀ ਕਿ ਰੁਪਏ ਕਰਤਾਰ ਨੂੰ ਦੇ ਕੇ ਹੀ ਘਰ ਨੂੰ ਜਾਣੈਂ। ਕਹਿਣ ਲੱਗਾ, "ਦੱਸ, ਚਲ ਵੀਹਾਂ ਰੁਪਿਆਂ ਦੀ ਛੋਟ। ਯਾਨੀ ਵੀਹ ਘੱਟ ਜਾਂ ਵੀਹ ਵੱਧ ਵੀ ਦੱਸ ਦੇਵੇਂ ਤਾਂ ਪੂਰੀ ਰਕਮ ਤੇਰੀ।"

"ਮੈਂ ਦੱਸਾਂ ?" ਮਿਸ਼ਰੇ ਨੇ ਕਿਹਾ। ਉਹ ਆਪਣੀ ਜਗ੍ਹਾ ਸੋਚ ਰਿਹਾ ਸੀ। ਜੇ ਰਮੇਸ਼ ਮੇਰੇ ਨਾਲ ਇਹ ਸ਼ਰਤ ਲਾਵੇ ਤਾਂ ਮੇਰੇ ਦਲਿੱਦਰ ਦੂਰ ਹੋ ਜਾਣ। ਏਸੇ ਲਈ ਉਹਨੇ ਜ਼ੋਰ ਦੇ ਕੇ ਕਿਹਾ। "ਮੈਂ ਦੱਸਾਂ ਰਮੇਸ਼ ?"

"ਨਹੀਂ ਭਰਾ ! ਤੂੰ ਤੇ ਬੈਂਕ ਵਿਚ ਕਲਰਕ ਏਂ। ਦੱਸ ਹੀ ਦਏਂਗਾ। ਮੈਂ ਤੇ ਕਰਤਾਰ ਨਾਲ ਗੱਲ ਕਰ ਰਿਹਾ ਹਾਂ।"

ਕਰਤਾਰ ਦੀਆਂ ਅੱਖਾਂ ਇਕ ਵਾਰ ਫੇਰ ਚਮਕ ਰਹੀਆਂ ਸਨ। ਅਤੇ ਉਹ ਸੋਚਣ ਲੱਗ ਪਿਆ। ਮੇਰਾ ਦਿਲ ਧੱਕ ਧੱਕ ਕਰ ਰਿਹਾ ਸੀ। ਜੇ ਰਮੇਸ਼ ਹਾਰ ਗਿਆ ਤਾਂ ਮਹੀਨਾ ਕਿਸ ਤਰ੍ਹਾਂ ਲੰਘੇਗਾ ? ਕੋਈ ਵਸੀਲਾ ਨਜ਼ਰ ਨਹੀਂ ਸੀ ਆਉਂਦਾ। ਉਹਦੇ ਮੱਥੇ ਉਤੇ ਮੁੜ੍ਹਕੇ ਦੇ ਛੋਟੇ ਛੋਟੇ ਤੁਪਕੇ ਚਮਕਣ ਲੱਗ ਪਏ ਸਨ। ਉਹ ਸੋਚ ਰਿਹਾ ਸੀ, ਜੇ ਕਰਤਾਰ ਇਹ ਰਕਮ ਜਿੱਤ ਗਿਆ ਤਾਂ ਏਹ ਕਰਜ਼ ਕਿੱਦਾਂ ਉਤਾਰਾਂਗਾ ? ਪਰ ਉਹ ਮੂੰਹੋਂ ਇਕ ਵਾਰ ਗੱਲ ਕਰ ਬੈਠਾ ਸੀ ਏਸ ਲਈ ਪਿੱਛੇ ਨਹੀਂ ਸੀ ਹਟਣਾ ਚਾਹੀਦਾ।

"ਜਲਦੀ ਕਰ ਕਰਤਾਰ !" ਰਮੇਸ਼ ਨੇ ਕਿਹਾ।

ਕਰਤਾਰ ਨੇ ਕੁਝ ਰੁਕ ਕੇ ਕਿਹਾ, "ਦੋ ਸੌ।"

ਰਮੇਸ਼ ਨੇ ਛੇਤੀ ਨਾਲ ਰੁਪਏ ਆਪਣੀ ਜੇਬ ਵਿਚ ਰੱਖ ਲਏ। ਜਿਵੇਂ ਕੋਈ ਗਵਾਚੀ ਹੋਈ ਚੀਜ਼ ਵਾਪਸ ਮਿਲ ਗਈ ਹੋਵੇ।

ਮੈਂ ਵੀ ਸੁਖ ਦਾ ਸਾਹ ਲਿਆ।

ਕਰਤਾਰ ਸਿੰਘ ਜੇਹੜਾ ਸੋਚਾਂ ਹੀ ਸੋਚਾਂ ਵਿਚ ਬਾਰ ਵਿਚ ਪਹੁੰਚ ਗਿਆ ਸੀ, ਵਾਪਸ ਕਾਫੀ ਹਾਊਸ ਆ ਗਿਆ ਅਤੇ ਠੰਡੀ ਕਾਫੀ ਦਾ ਘੁੱਟ ਭਰਨ ਲੱਗਿਆ।

ਮਿਸ਼ਰੇ ਨੇ ਸੋਚਿਆ, ਕਾਸ਼ ਇਹ ਸ਼ਰਤ ਮੇਰੇ ਨਾਲ ਲੱਗੀ ਹੁੰਦੀ।

ਕਾਫੀ ਹਾਊਸ 'ਚੋਂ ਬਾਹਰ ਆ ਕੇ ਰਮੇਸ਼ ਨੇ ਸਭ ਤੋਂ ਪਹਿਲਾਂ ਮੇਰੇ

ਹੱਥ ਵਿਚ ਬਾਕੀ ਦੇ ਨੋਟ ਦਿੱਤੇ ਅਤੇ ਕਹਿਣ ਲੱਗਾ :

"ਬੜਾ ਖਰਚ ਹੋ ਗਿਆ ਏ ਯਾਰ ! ਮੁਆਫ ਕਰੀਂ। ਪਰ ਮੈਂ ਖੁਸ਼ ਹਾਂ ਕਿ ਤੇਰੀ ਤਨਖਾਹ ਬਚ ਗਈ। ਪਤਾ ਨਹੀਂ ਅੱਜ ਮੈਨੂੰ ਕੀ ਹੋ ਗਿਆ ਸੀ ? ਤੂੰ ਸੋਚਦਾ ਹੋਵੇਂਗਾ ਕਿ ਸ਼ਾਇਦ ਮੈਨੂੰ ਜੂਆ ਖੇਡਣ ਦੀ ਆਦਤ ਏ। ਏਸੇ ਲਈ ਸਾਰੀ ਰਕਮ ਇਕੋ ਵਾਰੀ ਦਾਅ 'ਤੇ ਲਾ ਦਿੱਤੀ। ਪਰ ਮੈਂ ਸੱਚ ਕਹਿ ਰਿਹਾ ਹਾਂ ਦੋਸਤ ! ਇਹ ਮੇਰੀ ਜ਼ਿੰਦਗੀ ਦਾ ਪਹਿਲਾ ਦਾਅ ਸੀ। ਨਾਲੇ ਹਾਂ ਯਾਰ, ਦਸ ਪੈਸੇ ਹੋਰ ਦੇ ਦੇ, ਬਸ ਦੀ ਟਿਕਟ ਲਈ।"

# ਸੰਦੇਸ਼ ਵਾਹਕ

"ਤੁਹਾਡੀ ਉਮਰ ਰਾਹਵਾਂ ਤੇ ਧੱਕੇ ਖਾਣ ਵਾਲੀ ਨਹੀਂ" ਉਹ ਸਾਹੋਸਾਹ ਹੋਈ ਨੱਠੀ ਨੱਠੀ ਮੇਰੇ ਪਿੱਛੇ ਆਈ ਸੀ ਤੇ ਉਹਦੇ ਚੇਹਰੇ 'ਤੇ ਛਲਕਦਾ ਅਪਣਾਪਨ ਡੁੱਲ੍ਹ ਡੁੱਲ੍ਹ ਪੈ ਰਿਹਾ ਸੀ।

ਮੈਨੂੰ ਰੁਕਣ ਦਾ ਇਸ਼ਾਰਾ ਕਰ ਕੇ, ਉਹ ਆਪਣੀ ਕਾਰ ਲੈ ਆਈ।

ਉਹਦੇ ਨਾਲ ਸੀਟ ਤੇ ਬੈਠ ਕੇ ਮੈਂ ਉਸ ਕੁੜੀ ਵਲ ਵੇਖਿਆ। ਲੱਗਦਾ ਸੀ ਜਿਵੇਂ ਮੈਂ ਪਹਿਲਾਂ ਵੀ ਮਿਲ ਚੁੱਕਾ ਹਾਂ ਉਸ ਨੂੰ। ਐਵੇਂ ਭੁਲੇਖਾ ਜਿਹਾ ਪਿਆ ਸੀ। ਕੁਝ ਯਾਦ ਨਾ ਆਇਆ ਤਾਂ ਉਹਨੂੰ ਪਛਾਨਣ ਦੀ ਕੋਸ਼ਿਸ਼ ਕਰਨ ਲਈ ਕਿਹਾ :

"ਤੁਸੀਂ ਆਪਣਾ ਨਾਂਅ ਨਹੀਂ ਦੱਸਿਆ।"

"ਪਿਆਰ ਨਾਲ ਤੁਸੀਂ ਜਿਸ ਵੀ ਨਾਂਅ ਨਾਲ ਸੱਦੋਗੇ, ਉਹੋ ਮੇਰਾ ਨਾਂਅ ਹੋਵੇਗਾ।"

ਮੈਂ ਵੇਖਿਆ, ਉਹਦੇ ਅਪਣੱਤ ਭਰੇ ਸ਼ਬਦਾਂ 'ਚੋਂ ਛਲਕਦਾ ਸਨੇਹ, ਉਹਨਾਂ ਰਾਹਾਂ ਤੇ ਫੁੱਲ ਬਣ ਕੇ ਵਿਛੀ ਜਾ ਰਿਹਾ ਸੀ, ਜਿਨ੍ਹਾਂ ਉਤੇ ਉਹਦੀ ਕਾਰ ਦੌੜ ਰਹੀ ਸੀ।

ਫੁੱਲਾਂ-ਲੱਦੀ ਸੜਕ ਵਲੋਂ ਨਜ਼ਰਾਂ ਹਟਾ ਕੇ ਮੈਂ ਕਾਰ ਦੇ ਸ਼ੀਸ਼ੇ 'ਚੋਂ ਦਿਸਹੱਦੇ ਵਲ ਵੇਖਿਆ। ਪੂਰਾ ਦਿਸਹੱਦਾ, ਇਕ ਖ਼ੂਬਸੂਰਤ ਚੇਹਰੇ ਵਿਚ ਢਲ ਕੇ, ਮੇਹਰਬਾਨ ਨਜ਼ਰਾਂ ਨਾਲ ਮੇਰੇ ਵਲ ਵੇਖ ਰਿਹਾ ਸੀ।

ਮੈਂ ਆਪਣੇ-ਆਪ ਵਿਚ ਹੈਰਾਨ। ਜ਼ਿੰਦਗੀ ਵਿਚ ਅਜੇਹੇ ਖੁਸ਼ਨੁਮਾ ਪੜਾਅ ਘੱਟ ਹੀ ਆਉਂਦੇ ਨੇ। ਮੈਨੂੰ ਲਗਦਾ ਸੀ ਜਿਵੇਂ ਉਸ ਕੁੜੀ ਦੇ ਮਿੱਠੇ ਵਿਉਹਾਰ ਨੇ ਦਿਸਹੱਦੇ ਨੂੰ ਵੀ ਖ਼ੂਬਸੂਰਤ ਬਣਾ ਦਿੱਤਾ ਸੀ ਤੇ ਉਹਦੀ ਸ਼ਖਸੀਅਤ ਦੀ ਖ਼ੂਬਸੂਰਤੀ ਵਾਤਾਵਰਣ ਵਿਚ ਚਾਰੇ ਪਾਸੇ ਖਿੰਡ ਰਹੀ ਸੀ।

ਤੱਦੇ ਮੈਂ ਆਪਣੇ ਸਾਹਾਂ ਵਿਚ ਖੁਸ਼ਬੋ ਜਹੀ ਮਹਿਸੂਸ ਕੀਤੀ। ਮੈਂ ਖਿੜਕੀ 'ਚੋਂ ਬਾਹਰ ਵਲ ਵੇਖਿਆ। ਦੂਰ ਦੂਰ ਜਿਥੋਂ ਤਕ ਨਜ਼ਰ ਜਾਂਦੀ ਸੀ, ਧਰਤੀ ਬਨਾਸਪਿਤ ਨਾਲ ਢੱਕੀ ਪਈ ਸੀ। ਇਹ ਕਹਿ ਲੌ ਕਿ ਸਵਾਨੀ ਪੂਰੀ ਤਰ੍ਹਾਂ ਸਜੀ ਪਈ ਸੀ।

ਚੁਫੇਰੇ ਖਿੰਡੀ ਖੂਬਸੂਰਤੀ ਦਾ ਆਨੰਦ ਮਾਣਦੇ ਹੋਏ ਮੇਰਾ ਧਿਆਨ ਫੇਰ ਏਸ ਪਾਸੇ ਚਲਾ ਗਿਆ ਕਿ ਮੈਂ ਇਸ ਕੁੜੀ ਨੂੰ ਪਹਿਲਾਂ ਕਦ ਮਿਲਿਆ ਸਾਂ ?

ਸੋਚਦੇ ਸੋਚਦੇ ਧਿਆਨ ਆਇਆ ਕਿ ਬਾਰ੍ਹਾਂ ਤੇਰ੍ਹਾਂ ਸਾਲ ਦੀ ਉਮਰ ਵਿਚ ਆਪਣੀ ਗਲੀ ਦੀ ਇਕ ਨਵ-ਵਿਆਹੀ ਕੁੜੀ ਦਾ ਲੈਂਕੜਾ ਬਣਿਆ ਉਹਦੇ ਸੌਹਰੇ ਜਾ ਰਿਹਾ ਸਾਂ, ਤਾਂ ਉਹਦੀ ਡੋਲੀ ਵਿਚ ਬੈਠੇ ਬੈਠੇ ਏਹੋ ਜਹੀ ਖੁਸ਼ਬੂ ਆਈ ਸੀ, ਜਿਹੋ ਜਿਹੀ ਏਸ ਕੁੜੀ ਨਾਲ ਬੈਠੇ ਆ ਰਹੀ ਏ।

ਮਹਿੰਦੀ ਦੀ ਖੁਸ਼ਬੋ
ਜਵਾਨੀ ਦੀ ਖੁਸ਼ਬ
ਦੁਲਹਨ ਦੀ ਖੁਸ਼ਬੋ

ਏਨ੍ਹਾਂ ਸਾਰੀਆਂ ਖੁਸ਼ਬੋਆਂ ਦਾ ਆਨੰਦ ਮਾਣ ਕੇ ਮੇਂ ਉਸ ਵਹੁਟੀ ਦ ਭਖ ਭਖ ਕਰਦੇ ਚੇਹਰੇ ਵਲ ਵੇਖਿਆ ਤਾਂ ਮੈਨੂੰ ਲੱਗਾ ਸੀ, ਜਿਵੇਂ ਉਹਦੇ ਸਾਹਾਂ ਦੇ ਸੇਕ ਨਾਲ ਮੇਰਾ ਤਨ-ਬਦਨ ਝੁਲਸ ਜਾਵੇਗਾ। ਏਸ ਸੇਕ ਤੋਂ ਬਚਣ ਲਈ ਮੈਂ ਛਾਲ ਮਾਰ ਕੇ ਡੋਲੀ 'ਚੋਂ ਬਾਹਰ ਆਇਆ ਤਾਂ ਤਾਜ਼ਾ ਹਵਾ ਵਿਚ ਸਾਹ ਲੈਣਾ ਬੜਾ ਚੰਗਾ ਲੱਗਾ — ਪਰ ਥੋੜ੍ਹੀ ਦੇਰ ਬਾਅਦ ਦਿਲ ਕੀਤਾ ਕਿ ਉਹਦੇ ਸਾਹਾਂ ਦੇ ਸੇਕ ਨੂੰ ਮਾਣਾਂ — ਇਸ ਲਈ ਮੈਂ ਫੇਰ ਡੋਲੀ ਵਿਚ ਆਣ ਬੈਠਾ ਤੇ ਉਸ ਕੁੜੀ ਦੇ ਗੋਡੇ ਤੇ ਸਿਰ ਰੱਖ ਕੇ, ਘੁੰਡ ਵਿਚ ਉਹਦੇ ਮੁਖ ਨੂੰ ਵੇਖ ਕੇ, ਪਤਾ ਨਹੀਂ ਕਦ ਮੇਰੀ ਅੱਖ ਲੱਗ ਗਈ। ਸੁਫਨੇ ਵਿਚ ਮੈਂ ਪਰੀਆਂ ਦੇ ਦੇਸ਼ ਪਹੁੰਚ ਗਿਆ, ਪਰ...

ਪਰ ਮੈਨੂੰ ਏਹ ਵੇਖ ਕੇ ਬੜੀ ਹੈਰਾਨੀ ਹੋਈ ਕਿ ਕੋਈ ਵੀ ਪਰੀ ਏਨੀ ਸੋਹਣੀ ਨਹੀਂ ਸੀ, ਜਿੰਨੀ ਸੋਹਣੀ ਡੋਲੀ ਵਾਲੀ ਵਹੁਟੀ।

ਸੋ ਮੈਂ ਪਰੀਆਂ ਦੇ ਦੇਸ਼ ਨੂੰ ਛੱਡ ਕੇ ਮੁੜ ਡੋਲੀ ਵਿਚ ਆ ਬੈਠਾ ਸਾਂ।

ਇਕ ਵਾਰ ਮੈਂ ਪਰੀਆਂ ਨਾਲੋਂ ਸੋਹਣੀ ਉਸ ਵਹੁਟੀ ਦੇ ਰੂਪ ਨੂੰ ਯਾਦ ਕੀਤਾ ਤੇ ਫੇਰ ਆਪਣੇ ਨਾਲ ਬੈਠੀ ਉਸ ਕੁੜੀ ਵਲ ਵੇਖਿਆ, ਜੇਹੜੀ ਆਪਣੀ ਕਾਰ ਵਿਚ ਬਿਠਾ ਕੇ ਮੈਨੂੰ ਘਰ ਛੱਡਣ ਜਾ ਰਹੀ ਸੀ।

ਮੈਨੂੰ ਲੱਗਾ ਸੀ — ਏਹ ਕੁੜੀ ਉਸ ਦੁਲਹਨ ਨਾਲੋਂ ਵੀ ਵੱਧ ਸੋਹਣੀ ਏ।

ਏਸ ਕੁੜੀ ਨੂੰ ਨਿਹਾਰਦੇ ਨਿਹਾਰਦੇ ਮੇਰੀ ਨਜ਼ਰ ਬਾਹਰ ਦੇ ਦ੍ਰਿਸ਼ ਵਲ ਗਈ। ਕੁੜੀ ਦਾ ਹੁਸਨ ਦੂਰ ਦੂਰ ਤਕ ਪੱਸਰੀ ਬਨਸਪਤਿ 'ਤੇ ਵਿਛਦਾ ਜਾ ਰਿਹਾ ਸੀ। ਉਹ ਹੋਰ ਰੌਸ਼ਨ ਹੋ ਗਈ ਸੀ। ਫਸਲਾਂ ਨੂੰ ਸਿੱਟੇ ਲੱਗ ਗਏ, ਰੁੱਖਾਂ ਤੇ ਬੂਰ ਪੈ ਗਿਆ ਤੇ ਬੂਟਿਆਂ 'ਤੇ ਕਲੀਆਂ ਲੱਗ ਗਈਆਂ।

ਮੈਨੂੰ ਫੇਰ ਖਿਆਲ ਆਇਆ ਕਿ ਏਸ ਕੁੜੀ ਨੂੰ ਮੈਂ ਕਿਧਰੇ ਮਿਲ ਚੁੱਕਾ ਹਾਂ। ਪਰ ਕਿੱਥੇ ? ਏਹ ਚੇਤੇ ਨਹੀਂ ਸੀ ਆ ਰਿਹਾ।

ਮੈਂ ਗਹੁ ਨਾਲ ਕੁੜੀ ਵੱਲ ਵੇਖਿਆ। ਬਾਹਰ ਦੀ ਸੁੰਦਰਤਾ ਦਾ ਝਲਕਾਰਾ

ਉਹਦੇ ਚੇਹਰੇ ਤੇ ਪੈਣ ਕਰ ਕੇ ਉਹ ਹੋਰ ਦੀ ਹੋਰ ਹੋ ਗਈ ਸੀ।

ਮੈਨੂੰ ਕੁਝ ਚੇਤੇ ਨਾ ਆਇਆ ਤਾਂ ਮੈਂ ਆਪਣੀ ਸੋਚ ਦੇ ਘੋੜੇ ਦੌੜਾਏ। ਤਿੱਖੇ ਤਿੱਖੇ।

ਇਕ ਓਭੜ ਥਾਂ ਵਿਚ
ਮੇਰੀ ਛਾਤੀ ਵਿਚ ਉਬਾਲ ਜਿਹਾ ਉਠਿਆ।
ਸਰੀਰ ਵਿਚ ਸਾਹ-ਸਤ ਨਾ ਰਿਹਾ।
ਸਾਹ ਉਖੜਿਆ ਉਖੜਿਆ ਆ ਰਿਹਾ ਸੀ।

ਤੇ ਮੈਂ ਬੇ-ਦਮ ਜਿਹਾ ਹੋ ਕੇ ਲੰਮਾ ਪੈ ਗਿਆ ਸਾਂ। ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਰਿਹਾ ਸੀ।

ਹਾਂ ! ਤੱਦੇ, ਇਕ ਚੇਹਰਾ ਮੇਰੇ ਚਿਹਰੇ 'ਤੇ ਝੁਕਿਆ ਤੇ ਕੁਝ ਰਾਹਗੀਰਾਂ ਦੀ ਮਦਦ ਨਾਲ, ਮੈਨੂੰ ਆਪਣੇ ਕਲਾਵੇ ਵਿਚ ਭਰ ਕੇ ਮੇਰਾ ਸਿਰ ਆਪਣੇ ਗੋਡੇ 'ਤੇ ਰੱਖਿਆ ਸੀ ਤਾਂ ਮੈਂ ਆਪਣੀਆਂ ਬੰਦ ਹੁੰਦੀਆਂ ਅੱਖਾਂ ਨਾਲ ਵੇਖਿਆ ਸੀ ਕਿ ਕੋਈ ਮੈਨੂੰ ਹਨੇਰਿਆਂ 'ਚੋਂ ਕੱਢ ਕੇ ਰੌਸ਼ਨੀ ਵਲ ਲੈ ਜਾ ਰਿਹਾ ਏ।

ਮੌਤ ਦੇ ਹਨੇਰਿਆਂ 'ਚੋਂ - ਜ਼ਿੰਦਗੀ ਦੇ ਚਾਨਣ ਵੱਲ।

ਮੈਨੂੰ ਯਾਦ ਆਇਆ। ਉਹ ਮੈਨੂੰ ਉਦੋਂ ਹਸਪਤਾਲ ਲੈ ਗਈ ਸੀ, ਜਿਥੋਂ ਤਿੰਨ ਕੁ ਹਫ਼ਤੇ ਬਾਅਦ, ਮੈਂ ਨੌਂ-ਬਰ-ਨੌਂ ਜ਼ਿੰਦਗੀ ਦੇ ਘਰ ਵਾਪਿਸ ਆ ਗਿਆ ਸਾਂ।

ਏਥੋਂ ਤਕ ਸੋਚ ਕੇ ਮੈਂ ਇਕ ਵਾਰ ਫੇਰ, ਉਹਨੂੰ ਸਿਆਨਣ ਲਈ ਉਸ ਵਲ ਵੇਖਿਆ।

ਮੁਸਕਰਾ ਕੇ ਮੇਰੀ ਵਲ ਵੇਖਦੀ ਹੋਈ ਉਹ ਕਹਿ ਰਹੀ ਸੀ।

"ਲਉ ਜੀ ! ਤੁਹਾਡਾ ਘਰ ਆ ਗਿਆ।"

"ਆਉ - ਇਕ ਪਲ ਲਈ..."

ਮੇਰੀ ਗੱਲ ਨੂੰ ਟੋਕਦੀ ਹੋਈ ਉਸ ਕਿਹਾ :

"ਕਿਸੇ ਹੋਰ ਵੇਲੇ। ਹਾਲੀਂ ਮੈਨੂੰ ਕਿਧਰੇ ਹੋਰ ਅੱਪੜਨ ਦੀ ਕਾਹਲ ਏ..."

ਜਿਸ ਵੇਲੇ ਉਹ ਗੱਡੀ ਘੁਮਾ ਰਹੀ ਸੀ। ਮੈਂ ਇਕ ਵਾਰੀ ਫੇਰ ਪੁੱਛਿਆ, "ਕੀ ਮੈਂ ਆਪਣੀ ਮੁਹਸਿਨ ਦਾ ਨਾਂਅ ਜਾਣ ਸਕਦਾ ਹਾਂ ?"

"ਮੈਂ ਕਿਹਾ ਸੀ ਨਾ ਕਿ ਤੁਸੀਂ ਪਿਆਰ ਨਾਲ ਜਿਸ ਨਾਂਅ ਨਾਲ ਵੀ ਬੁਲਾਉਗੇ, ਉਹੋ ਮੇਰਾ ਨਾਂਅ ਏ।"

"ਫੇਰ ਵੀ ?"

"ਚਲੋ ਤੁਸੀਂ ਮੈਨੂੰ ਜ਼ਿੰਦਗੀ ਕਹਿ ਕੇ ਵਾਜ ਮਾਰ ਸਕਦੇ ਹੋ।"

ਉਹਦੇ ਲਫ਼ਜ਼ਾਂ ਦੇ ਪਿੱਛੇ ਛੁਪੇ ਆਪਣੇਪਨ ਨੂੰ ਦਿਲ ਵਿਚ ਸਮੋਂਦੇ ਹੋਏ,

ਮੈਂ ਆਪਣੇ ਦਰਵਾਜ਼ੇ 'ਤੇ ਦਸਤਕ ਦੇ ਰਿਹਾ ਸਾਂ ਤਾਂ ਮੇਰੇ ਕੰਨਾਂ ਵਿਚ ਇਕ ਹੋਰ ਦਸਤਕ ਦੀ ਖਟਖਟ ਵੀ ਸੁਣਾਈ ਦੇ ਰਹੀ ਸੀ।

ਉਹ ਕੁੜੀ ਪਿਆਰ ਤੇ ਜਿੰਦਗੀ ਦੀ ਸੰਦੇਸ਼ਵਾਹਕ ਬਣ ਕੇ ਕਿਸੇ ਹੋਰ ਲੋੜਵੰਦ ਦੇ ਦਰਵਾਜ਼ੇ 'ਤੇ ਦਸਤਕ ਦੇ ਰਹੀ ਸੀ। ਤੇ ਮੈਨੂੰ ਇੰਝ ਲੱਗਾ ਕਿ, ਜਿਵੇਂ...

ਜਿਵੇਂ ਉਹਦੀ ਗੂੰਜ ਧਰਤੀ ਦੇ ਹਰ ਲੋੜਵੰਦ ਕੋਲ ਪੁੱਜ ਰਹੀ ਹੋਵੇ।

ਜੇ ਤੁਸੀਂ ਹਾਲੀਂ ਵੀ ਉਸ ਕੁੜੀ ਦਾ ਨਾਂਅ ਜਾਨਣ ਦੀ ਲੋੜ ਮਹਿਸੂਸ ਕਰਦੇ ਹੋਵੋ ਤਾਂ ਜ਼ਿੰਦਗੀ ਵਿਚ ਜਦ ਵੀ ਕਦੇ ਕੋਈ ਬਗੈਰ ਕਿਸੇ ਲਾਲਚ ਦੇ ਤੁਹਾਡੀ ਮਦਦ ਕਰੇ ਤਾਂ ਮੇਰੀ ਕਹਾਣੀ ਦੇ ਏਸ ਪਾਤਰ ਦਾ ਉਹੋ ਨਾਂਅ ਰੱਖ ਲੈਣਾ, ਜੋ ਉਸ ਦਾ ਹੋਵੇ।

# ਇਕ ਕਾਲਾ ਪਲ

ਕਾਫੀ ਵਿੱਥ 'ਤੇ ਹਵਾ ਵਿਚ ਤੈਰਦੇ ਹੋਏ ਪਹਿਲਾਂ ਇਕ ਧੱਬਾ ਦਿਖਾਈ ਦਿੱਤਾ, ਫੇਰ ਦੂਜਾ। ਤੜਕਸਾਰ ਛੱਤ 'ਤੇ ਤਾਜ਼ਾ ਹਵਾ ਵਿਚ ਸਾਹ ਲੈਣ ਲਈ ਗਿਆ ਤਾਂ ਦਿਸਹੱਦੇ ਵਲ ਨਜ਼ਰ ਜਾਂਦੇ ਹੀ ਏਹ ਧੱਬੇ ਦਿਖਾਈ ਦਿੱਤੇ ਤਾਂ ਮੈਂ ਸੋਚਿਆ "ਇੱਲਾਂ ਹੋਣਗੀਆਂ"। ਫੇਰ ਖਿਆਲ ਆਇਆ, ਏਨੀ ਸਵੇਰੇ ਇੱਲਾ ਕਿਵੇਂ ਹੋ ਸਕਦੀਆਂ ਨੇ ?

ਮੈਂ ਇਕ ਵਾਰੀ ਫੇਰ ਗਹੁ ਨਾਲ ਵੇਖਿਆ। ਉਹ ਧੱਬੇ ਕੁਝ ਨੇੜੇ ਆਏ ਤਾਂ ਪਤਾ ਲੱਗਾ ਕਿ ਧੱਬੇ ਹੀ ਸਨ, ਇੱਲਾਂ ਨਹੀਂ।

"ਏਹ ਕਾਹਦੇ ਧੱਬੇ ਹੋ ਸਕਦੇ ਨੇ ?" ਮੈਂ ਸੋਚਣ ਲੱਗਾ। ਤਦੇ ਠੰਡੀ ਮਿੱਠੀ ਹਵਾ ਦੀ ਮਾਸਾ ਜ਼ਿੰਨੀ ਛੋਹ ਨਾਲ ਮੇਰਾ ਧਿਆਨ ਉਧਰੋਂ ਹਟ ਗਿਆ। ਹਵਾ ਸੀ ਹੀ ਬੜੀ ਮਿੱਠੀ। ਮਨ ਨੂੰ ਹੌਲਾ ਫੁੱਲ ਕਰਨ ਵਾਲੀ। ਉਹਦੇ ਵਿਚ ਅਜੇ ਹੀ ਮਿਠਾਸ ਭਰੀ ਸੀ ਜਿਵੇਂ ਵਗਦੀਆਂ ਦੁੱਧ ਦੀਆਂ ਲਹਿਰਾਂ ਦੀ ਮਿਠਾਸ ਨੂੰ ਆਪਣੇ ਅੰਦਰ ਭਰ ਲਿਆਈ ਹੋਵੇ।

ਉਸ ਹਵਾ ਵਿਚ ਅਜੇਹੀ ਖੁਸ਼ਬੋ ਸਮਾਈ ਸੀ ਜਿਵੇਂ ਇੰਦਰ ਦੇ ਦਰਬਾਰ ਵਿਚ ਲੱਗੇ ਫੁੱਲਾਂ ਦੀ ਖੁਸ਼ਬੋ ਨਾਲ ਲੱਦੀ ਹੋਵੇ।

ਉਹਦੀਆਂ ਲਹਿਰਾਂ ਦੀ ਛੋਹ ਅਜੇਹੀ ਜਿਵੇਂ ਕੋਈ ਨਾਜ਼ੁਕ ਅਪਸਰਾ ਤਨ ਨੂੰ ਛੋਹ ਕੇ ਨਿਕਲ ਜਾਵੇ।

ਏਸੇ ਲਈ ਹਵਾ ਦੇ ਨਰਮ ਝੋਂਕੇ ਮੈਨੂੰ ਨਵੀਂ ਜ਼ਿੰਦਗੀ ਦੇ ਰਹੇ ਸਨ। ਮੈਂ ਤਾਜ਼ਗੀ ਵਿਚ ਨਹਾ ਰਿਹਾ ਸਾਂ।

ਏਨੇ ਵਿਚ ਮੇਰਾ ਧਿਆਨ ਫੇਰ ਉਹਨਾਂ ਧੱਬਿਆਂ ਵਲ ਗਿਆ ਤਾਂ ਮੈਨੂੰ ਇੰਝ ਲੱਗਾ ਜਿਵੇਂ ਉਹ ਪਹਿਲਾਂ ਨਾਲੋਂ ਵੱਡੇ ਹੋ ਗਏ ਹੋਣ। ਏਹ ਕਿਹੋ ਜਹੇ ਧੱਬੇ ਨੇ ? ਮੈਂ ਸੋਚਣ ਲੱਗਾ, ਮੈਂ ਠੰਡੀ ਮਿੱਠੀ ਹਵਾ ਤੋਂ ਮਿਲਣ ਵਾਲੇ ਆਨੰਦ ਤੋਂ ਮਨ ਹਟਾਣਾ ਨਹੀਂ ਸਾਂ ਚਾਹੁੰਦਾ, ਪਰ ਫੇਰ ਵੀ ਨਜ਼ਰ ਘੜੀ-ਮੁੜੀ ਉਧਰ ਚਲੀ ਜਾਂਦੀ ਸੀ। "ਹੋਵੇਗਾ ਕੁਝ ?" ਕਹਿ ਕੇ ਮੈਂ ਲੰਮੇ ਲੰਮੇ ਸਾਹ ਲੈਣੇ ਸ਼ੁਰੂ ਕੀਤੇ।

"ਵਾਹ ਮਜ਼ਾ ਆ ਗਿਆ !" ਏਹ ਮੇਰਾ ਢਾਈ-ਤਿੰਨ ਸਾਲ ਦਾ ਪੜਪੋਤਾ

ਸੀ, ਜਿਹੜਾ ਆਪਣੀਆਂ ਏ, ਬੀ, ਸੀ ਦੀਆਂ ਪਤਲੀਆਂ ਪਤਲੀਆਂ ਗੋਟੀਆਂ ਨੂੰ ਹਵਾ ਵਿਚ ਉਛਾਲ ਕੇ, ਉਹਨਾਂ ਨੂੰ ਤਿਤਲੀਆਂ ਵਾਂਗ ਫੜਨ ਦੀ ਕੋਸ਼ਿਸ਼ ਕਰ ਰਿਹਾ ਸੀ। ਕੋਈ ਗੋਟੀ ਉਹਨੇ ਬੋਚ ਲਈ ਹੋਣੀ ਏ, ਉਸੇ ਖੁਸ਼ੀ ਵਿਚ ਨਾਅਰਾ ਮਾਰਿਆ ਸੀ ਉਸ ਨੇ।

ਮੇਰਾ ਧਿਆਨ ਦਿਸਹੱਦੇ ਵੱਲ ਗਿਆ। ਦੋਵੇਂ ਧੱਬੇ ਹਵਾ ਵਿਚ ਲਟਕ ਰਹੇ ਸਨ। ਮੇਰੇ ਵਲ ਵੇਖਦੇ ਹੀ ਵੇਖਦੇ ਉਹਨਾਂ ਦਾ ਰੰਗ ਬਦਲਣ ਲੱਗਾ ਜਿਵੇਂ ਲਹੂ ਜੰਮ ਕੇ ਕਾਲਾ ਹੋ ਜਾਂਦੈ। ਉਹਨਾਂ ਧੱਬਿਆਂ ਦੀ ਕਾਲਖ ਦੇ ਪਿੱਛੇ ਕੁਝ ਲਾਲੀ ਝਲਕ ਰਹੀ ਸੀ। ਲੱਗਦਾ ਸੀ ਜਿਵੇਂ ਉਹ ਧੱਬੇ ਕਹਿ ਰਹੇ ਹੋਣ, "ਸਾਡਾ ਅਸਲੀ ਰੰਗ ਤਾਂ ਲਾਲ ਹੈ, ਲਹੂ ਵਰਗਾ ਲਾਲ।"

"ਇਹ ਧੱਬੇ ਹਵਾ ਵਿਚ ਕਿਵੇਂ ਆ ਗਏ ?"

ਅਜੇ ਮੈਂ ਏਹੋ ਸੋਚ ਰਿਹਾ ਸਾਂ ਕਿ ਉਹਨਾਂ 'ਚੋਂ ਲੰਮੀਆਂ ਲੰਮੀਆਂ ਲਕੀਰਾਂ ਨਿਕਲੀਆਂ ਅਤੇ ਵੱਡੀਆਂ ਹੁੰਦੀਆਂ ਹੁੰਦੀਆਂ ਦਿਸਹੱਦੇ ਤਕ ਪੁੱਜ ਗਈਆਂ।

ਮੈਂ ਹੱਕਾ-ਬੱਕਾ ਵੇਖ ਰਿਹਾ ਸਾਂ। "ਏਹ ਕੀ ਕੌਤਕ ਏ ?" ਮੈਂ ਜਿਵੇਂ ਹਵਾ ਤੋਂ ਪੁੱਛਿਆ। "ਤੇਰੇ ਸਾਫ ਵਜੂਦ ਵਿਚ ਏਹ ਕਾਲੇ ਧੱਬੇ ਕਿੱਥੋਂ ਆ ਗਏ ਜਿਨ੍ਹਾਂ ਦੀ ਕਾਲਖ ਦਿਸਹੱਦੇ ਤਕ ਪੁੱਜ ਰਹੀ ਏ ?"

ਹਵਾ ਮੇਰੇ ਕੰਨਾਂ ਵਿਚ ਸਰ ਸਰ ਕਰਦੀ ਪਤਾ ਨਹੀਂ ਫੁਸਫੁਸਾਂਦੀ ਹੋਈ ਕੀ ਕਹਿ ਰਹੀ ਸੀ। ਹਵਾ ਦੀ ਗੱਲ ਜਦ ਮੇਰੀ ਸਮਝ ਵਿਚ ਨਾ ਆਈ, ਤਾਂ ਮੈਂ ਸਵਾਲੀਆ ਨਜ਼ਰਾਂ ਨਾਲ ਸੂਰਜ ਵੱਲ ਵੇਖਿਆ ਅਤੇ ਉਸ ਤੋਂ ਪੁੱਛਿਆ, ਕਿ ਏਹ ਕੀ ਏ ?

ਤੱਦੇ ਮੈਨੂੰ ਲੱਗਾ ਕਿ ਸੂਰਜ ਦੀ ਚਮਕ ਵੀ ਕੁਝ ਫਿੱਕੀ ਪੈ ਰਹੀ ਏ। ਉਹਦੀਆਂ ਸ਼ੁਆਵਾਂ 'ਤੇ ਵੀ ਇਨ੍ਹਾਂ ਧੱਬਿਆਂ 'ਚੋਂ ਨਿਕਲਣ ਵਾਲੀਆਂ ਕਾਲੀਆਂ ਲਕੀਰਾਂ ਦਾ ਪਰਛਾਵਾਂ ਪੈ ਰਿਹਾ ਸੀ, ਤੇ ਉਹਨਾਂ ਦੀ ਚਮਕ ਵੀ ਕੁਝ ਫਿੱਕੀ ਪੈ ਰਹੀ ਸੀ।

ਏਨੇ ਵਿਚ ਮੇਰੇ ਚੇਹਰੇ 'ਤੇ ਇਕ ਬੂੰਦ ਡਿੱਗੀ। ਨਹੀਂ ! ਉਹ ਸ਼ਬਨਮ ਨਹੀਂ ਸੀ। ਨਹੀਂ, ਉਹ ਮੀਂਹ ਦੀ ਬੂੰਦ ਵੀ ਨਹੀਂ ਸੀ। ਇਹ ਬੂੰਦ ਤਾਂ ਗਰਮ ਸੀ। ਖੌਲਦੇ ਹੋਏ ਪਾਣੀ ਦੇ ਤੁਪਕੇ ਵਰਗੀ। ਜਿਵੇਂ ਕਿਸੇ ਦੁਖਿਆਰੀ ਦੇ ਅੱਥਰੂ।

ਤੱਦੇ ਹਵਾ ਦਾ ਇਕ ਝੋਂਕਾ ਜਿਹਾ ਆਇਆ। ਸਿੱਲ੍ਹਾ ਸਿੱਲ੍ਹਾ। ਅੱਥਰੂ ਵਾਂਗ ਤੱਤਾ।

ਅਰੇ ! ਏਹ ਤਾਂ ਹਵਾ ਰੋ ਰਹੀ ਏ। ਪਰ ਕਿਉਂ ? ਮੈਨੂੰ ਇੰਝ ਲੱਗ ਰਿਹਾ ਸੀ ਜਿਵੇਂ ਹਵਾ ਰੋ ਵੀ ਰਹੀ ਸੀ ਤੇ ਸਰ ਸਰ ਕਰਦੀ ਵੈਣ ਵੀ ਪਾ ਰਹੀ ਸੀ। ਏਨੇ ਵਿਚ ਹਵਾ ਦਾ ਇਕ ਹੋਰ ਅੱਥਰੂ ਮੇਰੇ ਮੂੰਹ 'ਤੇ ਡਿੱਗਾ।

ਫੇਰ ਕਿੰਨੇ ਹੀ ਅੱਥਰੂ। ਮੇਰਾ ਮੂੰਹ ਭਿੱਜ ਗਿਆ।

ਏਹ ਕੇਹੜੀ ਦਰਦ-ਕਹਾਣੀ ਏ, ਜਿਹਨੂੰ ਯਾਦ ਕਰ ਕੇ ਹਵਾ ਦੀ ਅੱਖ 'ਚੋਂ ਟੱਪ ਟੱਪ ਅੱਥਰੂ ਡਿੱਗ ਰਹੇ ਨੇ ਅਤੇ ਏਨ੍ਹਾਂ ਅੱਥਰੂਆਂ ਨੂੰ ਵੇਖ ਕੇ ਅਸਮਾਨ ਦੇ ਚੇਹਰੇ 'ਤੇ ਵੀ ਮੁਰਦਨੀ ਪੱਸਰ ਰਹੀ ਏ। ਮੈਂ ਕੁਝ ਸਮਝ ਨਹੀਂ ਪਾ ਰਿਹਾ ਸੀ। ਹਵਾ ਦੀ ਭਾਸ਼ਾ ਮੈਨੂੰ ਸਮਝ ਨਹੀਂ ਪੈ ਰਹੀ ਸੀ। ਏਸੇ ਲਈ ਸਮੇਂ ਦੇ ਉਹ ਪਲ ਮੇਰੇ ਲਈ ਬੜੇ ਭਾਰੀ ਹੋ ਰਹੇ ਸਨ।

ਜ਼ਿੰਦਗੀ ਦੀ ਸਾਰੀ ਕੋਮਲ ਸੁੰਦਰਤਾ, ਜੇਹੜੀ ਥੋੜ੍ਹਾ ਚਿਰ ਪਹਿਲਾਂ ਮੈਂ ਹਵਾ ਵਿਚ ਮਹਿਸੂਸ ਕੀਤੀ ਸੀ, ਉਹ ਕਾਫ਼ੂਰ ਹੋ ਗਈ ਸੀ। ਏਸ ਲਈ ਮੇਰੀ ਘਬਰਾਹਟ ਕੁਝ ਵਧਣ ਲੱਗੀ। ਮੈਨੂੰ ਇੰਝ ਲੱਗ ਰਿਹਾ ਸੀ ਜਿਵੇਂ ਮੇਰੇ ਤਨ 'ਤੇ ਤਿੱਖੀਆਂ ਸੂਲਾਂ ਚੁਭ ਰਹੀਆਂ ਹੋਣ।

ਏਹ ਕੇਹੀਆਂ ਸੂਈਆਂ ਨੇ ? ਤੱਦੇ ਮੈਨੂੰ ਅਹਿਸਾਸ ਹੋਇਆ ਕਿ ਹਵਾ ਦੇ ਥਪੇੜੇ ਹੋਰ ਤੇਜ਼ ਹੋ ਗਏ ਨੇ। ਦਿਸਹੱਦੇ ਵੱਲ ਆਉਂਦੀ ਹੋਈ ਲਾਲ ਹਨੇਰੀ ਤੇਜ਼ੀ ਨਾਲ ਆ ਰਹੀ ਏ। ਰੁੱਖਾਂ ਦੀਆ ਟਹਿਣੀਆਂ ਸਾਂਅ ਸਾਂਅ ਕਰਦੀਆਂ ਕਰਾਹ ਰਹੀਆਂ ਸਨ। ਰੁੱਖ ਹਵਾ ਦੇ ਜ਼ੋਰ ਨਾਲ ਦੂਹਰੇ ਹੋ ਰਹੇ ਸਨ। ਰੁੱਖਾਂ ਦੇ ਪੱਤੇ ਟੁੱਟ ਟੁੱਟ ਕੇ ਹਵਾ ਵਿਚ ਉੱਡਣ ਲੱਗੇ ਤਾਂ ਇੰਝ ਮਹਿਸੂਸ ਹੋਇਆ ਜਿਵੇਂ ਸਾਰੇ ਪਾਸੇ ਹਨੇਰਾ ਪੱਸਰਦਾ ਜਾ ਰਿਹਾ ਏ। ਜਿਵੇਂ ਸਵੇਰ ਦੇ ਵੇਲੇ ਰਾਤ ਉਤਰਦੀ ਤੁਰੀ ਆ ਰਹੀ ਸੀ।

ਸੂਰਜ ਡੁੱਬ ਰਿਹਾ ਸੀ
ਸਮਾਂ ਕਰਾਹ ਰਿਹਾ ਸੀ
ਧਰਤੀ ਰੁਦਨ ਕਰ ਰਹੀ ਸੀ।

ਏਨੇ ਵਿਚ ਮੇਰਾ ਪੜਪੋਤਾ ਡਰ ਕੇ ਮੇਰੀਆਂ ਟੰਗਾਂ ਨਾਲ ਚਿੰਬੜ ਗਿਆ। ਉਹਦੇ ਸਿਰ ਤੇ ਹੱਥ ਰੱਖ ਕੇ ਮੈਂ ਉਸ ਲਾਲ ਹਨੇਰੀ ਵੱਲ ਵਧਿਆ ਤਾਂ ਇੰਝ ਲੱਗਾ ਜਿਵੇਂ ਏਸ ਹਨੇਰੀ ਦੇ ਆਉਣ ਨਾਲ ਸ੍ਰਿਸ਼ਟੀ ਦੇ ਸਾਰੇ ਅੰਸ ਤੇ ਡਰੇ ਹੋਏ ਹੈਨ ਈ, ਧਰਤੀ ਦੀ ਨਵੀਂ ਨਸਲ ਦੇ ਵਿਚ ਵੀ ਏਹਦਾ ਡਰ ਬੈਠ ਗਿਆ ਏ।

ਕੁਝ ਦੇਰ ਬਾਅਦ ਹਨੇਰੀ ਦਾ ਜ਼ੋਰ ਘਟਣ ਲੱਗਾ
ਵਾਤਾਵਰਣ ਵਿਚ ਪਸਰੀ ਲਾਲੀ ਘਟ ਗਈ
ਹੌਲੀ ਹੌਲੀ ਜ਼ਿੰਦਗੀ ਫੇਰ ਆਪਣੀ ਤੋਰੇ ਤੁਰ ਪਈ।

ਹਵਾ ਪਹਿਲਾਂ ਵਾਂਗ ਹੀ ਮਿੱਠੀ ਤੇ ਸੁਹਾਵਣੀ ਹੋਈ ਤਾਂ ਮੇਰੇ ਪੜਪੋਤੇ ਨੇ ਛੱਤ ਤੇ ਖਿੱਲਰੀਆਂ ਹੋਈਆਂ ਆਪਣੀਆਂ ਹਰਫ਼ਾਂ ਵਾਲੀਆਂ ਗੋਟੀਆਂ ਇਕੱਠੀਆਂ ਕੀਤੀਆਂ। ਸਾਰੀਆਂ ਗੋਟੀਆਂ ਇਕੱਠੀਆਂ ਕਰ ਕੇ ਉਹਨੇ ਗਿਣੀਆਂ ਤੇ ਕਿਹਾ :

"ਦਾਦਾ ਜੀ ! ਇਹਦੇ 'ਚੋਂ ਦੋ ਸੋਟੀਆਂ ਘੱਟ ਨੇ। ਲਗਦੈ ਹਵਾ ਉਡਾ ਕੇ ਲੈ ਗਈ।"

"ਕਿਤੇ ਨੁੱਕਰੇ ਪਈਆਂ ਹੋਣਗੀਆਂ" ਮੈਂ ਕਿਹਾ।

"ਮੈਂ ਸਾਰੀਆਂ ਚੁੱਕ ਲਈਆਂ ਨੇ" ਉਹਦਾ ਉੱਤਰ ਸੀ।

ਮੈਂ ਪਹਿਲਾਂ ਛੱਤ 'ਤੇ ਵੇਖਿਆ, ਫੇਰ ਉਹਦੀਆਂ ਗੋਟੀਆਂ ਨੂੰ ਵੇਖਿਆ ਤਾਂ ਪਤਾ ਲੱਗਾ ਕਿ ਦੋ ਨਹੀਂ ਚਾਰ ਸੋਟੀਆਂ ਘੱਟ ਨੇ।

ਅੰਗਰੇਜ਼ੀ ਦੇ ਹਰਫ਼ ਏ ਤੇ ਬੀ ਦੀਆਂ ਗੋਟੀਆਂ ਤੇ ਐਚ ਤੇ ਐਨ ਦੀਆਂ ਗੋਟੀਆਂ।

ਜਦ ਮੈਂ ਏਨ੍ਹਾਂ ਗੋਟੀਆਂ ਨੂੰ ਵੇਖ ਰਿਹਾ ਸਾਂ ਤਾਂ ਹਵਾ ਦੀਆਂ ਕਿੰਨੀਆਂ ਹੀ ਲਹਿਰਾਂ ਮੇਰੇ ਕੰਨਾਂ ਕੋਲੋਂ ਦੀ ਸਰ ਸਰ ਕਰਦੀਆਂ ਨਿਕਲ ਗਈਆਂ। ਉਹ ਮੇਰੇ ਕੰਨਾਂ ਨੂੰ ਇੰਝ ਛੂਹ ਰਹੀਆਂ ਸਨ ਜਿਵੇਂ ਕੁਝ ਕਹਿ ਰਹੀਆਂ ਹੋਣ। ਏਸ ਵਾਰ ਉਹਨਾਂ ਦੇ ਲਫ਼ਜ਼, ਅਰਥਾਂ ਵਿਚ ਢਲ ਕੇ, ਮੇਰੇ ਤਕ ਪੁੱਜ ਰਹੇ ਸਨ। ਉਹ ਕਹਿ ਰਹੇ ਸਨ :

"ਕਈ ਸਾਲ ਪਹਿਲਾਂ ਅੱਜ ਦੇ ਦਿਨ ਐਟਮ ਬੰਬਾਂ ਨੇ ਦੋ ਸ਼ਹਿਰਾਂ ਵਿਚ ਵਸਦੀ-ਰਸਦੀ ਜ਼ਿੰਦਗੀ ਨੂੰ ਤਹਿਸ-ਨਹਿਸ ਕਰ ਦਿੱਤਾ ਸੀ। ਪਲਾਂ ਵਿਚ ਹੀ ਸਾਰੀ ਵਸੋਂ ਜ਼ਿੰਦਗੀ ਦੇ ਹੱਥਾਂ 'ਚੋਂ ਤਿਲਕ ਕੇ ਮੌਤ ਦੀ ਗੋਦ ਵਿਚ ਜਾ ਸੁੱਤੀ ਸੀ। ਏਸ ਲਈ ਜਦ ਵੀ ਏਹ ਦਿਨ ਆਉਂਦਾ ਏ ਤਾਂ ਉਸ ਦਿਨ ਦੀ, ਹਾਂ ਉਸੇ ਦਿਨ ਵਾਲੀ ਲਹੂ ਦੀ ਲਾਲੀ ਮੇਰੇ ਅੰਦਰ ਉਤਰ ਆਉਂਦੀ ਏ। ਮੇਰੇ ਸਾਹ ਤੇਜ਼ ਤੇਜ਼ ਚਲਣ ਲਗਦੇ ਨੇ ਤੇ ਹਨੇਰੀ ਬਣ ਜਾਂਦੇ ਨੇ। ਆਪਣੀ ਏਸ ਹਾਲਤ ਨੂੰ ਵੇਖ ਕੇ ਮੈਂ ਆਪਣੇ ਅੱਥਰੂਆਂ ਨਾਲ ਭਿੱਜ ਜਾਂਦੀ ਹਾਂ।"

ਹਵਾ ਦੀਆਂ ਲਹਿਰਾਂ ਸਰ ਸਰ ਕਰਦੀਆਂ ਮੇਰੇ ਕੋਲੋਂ ਲੰਘ ਰਹੀਆਂ ਨੇ ਤੇ ਇੰਝ ਲੱਗਦਾ ਏ ਕਿ ਸਾਰੀ ਸ੍ਰਿਸ਼ਟੀ ਨੂੰ ਜ਼ਿੰਦਗੀ ਦੇਣ ਵਾਲੀ ਹਵਾ ਦਾ ਆਪਣਾ ਸਾਹ ਉੱਖੜ ਰਿਹਾ ਹੋਵੇ।

ਹਵਾ ਦੀ ਇਹ ਗੱਲ ਸੁਣ ਕੇ ਮੈਂ ਗੁੰਮ-ਸੁੰਮ ਬੈਠਾ ਸਾਂ ਕਿ ਮੇਰੇ ਪੜਪੋਤੇ ਨੇ ਮੈਨੂੰ ਝੰਜੋੜਿਆ। ਉਹ ਪੁੱਛ ਰਿਹਾ ਸੀ :

"ਦਾਦਾ ਜੀ ! ਹਵਾ ਮੇਰੀਆਂ ਗੋਟੀਆਂ ਕਿਉਂ ਉਡਾ ਕੇ ਲੈ ਗਈ ?"

"ਕੋਈ ਗੱਲ ਨਹੀਂ ! ਹੋਰ ਲੈ ਦੇਵਾਂਗੇ।" ਮੈਂ ਉਸ ਨੂੰ ਦਿਲਾਸਾ ਦੇ ਰਿਹਾ ਸਾਂ।

ਪਰ ਮੈਨੂੰ ਲੱਗਦਾ ਏ ਕਿ ਉਹ ਡਰਿਆ ਹੋਇਆ ਏ। ਉਹਨੇ ਆਪਣੇ ਗੋਟੀਆਂ ਵਾਲੇ ਬਕਸੇ ਨੂੰ ਘੁੱਟ ਕੇ ਸੀਨੇ ਨਾਲ ਲਾ ਲਿਆ ਸੀ, ਤਾਂ ਕਿ ਹਵਾ ਉਹਦੀਆਂ ਬਾਕੀ ਬਚੀਆਂ ਗੋਟੀਆਂ ਨੂੰ ਫੇਰ ਉਡਾ ਕੇ ਨਾ ਲੈ ਜਾਏ।

ਤੱਦੇ ਮੈਨੂੰ ਖਿਆਲ ਆਇਆ ਕਿ ਅੱਜ ਦੇ ਦਿਨ ਹੀਰੋਸ਼ੀਮਾ ਤੇ

ਨਾਗਾਸਾਕੀ ਵਿਚ ਮਰਨ ਵਾਲੀਆਂ ਲੱਖਾਂ ਜ਼ਿੰਦਗੀਆਂ ਦੀ ਯਾਦ ਵਿਚ ਕੁਝ ਦੇਰ ਖਾਮੋਸ਼ ਰਹਿਣਾ ਚਾਹੀਦੈ।

ਏਹੋ ਸੋਚ ਕੇ ਮੈਂ ਸਿਰ ਝੁਕਾ ਕੇ ਖਲੋ ਗਿਆ।

ਮੈਂ ਏਹ ਵੇਖ ਕੇ ਹੈਰਾਨ ਰਹਿ ਗਿਆ ਮੇਰਾ ਪੜਪੋਤਾ ਵੀ ਕਿਸੇ ਅਨਜਾਣੇ ਖ਼ੌਫ਼ ਤੋਂ ਡਰ ਕੇ ਖਾਮੋਸ਼ ਖਲੋਤਾ ਸੀ।

ਹੋਰ ਤੇ ਹੋਰ, ਜਿੰਨੀ ਦੇਰ ਅਸੀਂ ਦੋਵੇਂ ਖਾਮੋਸ਼ ਰਹੇ, ਓਨੀ ਦੇਰ ਹਵਾ ਵੀ ਵਗਣੋਂ ਠਹਿਰ ਗਈ ਸੀ।

ਕੁਝ ਪਲਾਂ ਦੀ ਖਾਮੋਸ਼ੀ ਦੇ ਬਾਅਦ ਮੈਂ ਸਿਰ ਚੁੱਕਿਆ ਤਾਂ ਹਵਾ ਹੌਲੀ-ਹੌਲੀ ਸਰਸਰਾਣ ਲੱਗ ਪਈ।

ਜ਼ਿੰਦਗੀ ਨੇ ਆਪਣਾ ਸਫ਼ਰ ਫੇਰ ਛੋਹ ਦਿੱਤਾ ਸੀ।

# ਅੱਖੀਂ ਵੇਖੀ

ਸਮੇਂ ਦੇ ਵਹਿਣ ਵਿਚ ਵਹਿੰਦਾ ਹਾਂ
ਤੇ ਅੱਖੀਂ ਦੇਖੀ ਕਹਿੰਦਾ ਹਾਂ
ਜ਼ਮਾਨਾ ਏ ਤਿੰਨ ਸੌ ਵੀਹ ਈਸਵੀ ਦਾ

ਯੂਨਾਨ ਤੇ ਮਕਦੂਨੀਆਂ ਦੇ ਦਰਬਾਰ ਵਿਚ ਇਕ ਨਵਾਂ ਮੁਲਕ ਫਤਹਿ ਕਰਨ ਦਾ ਜਸ਼ਨ ਮਨਾਇਆ ਜਾ ਰਿਹਾ ਏ। ਤੱਦੇ ਇਕ ਨੌਜਵਾਨ ਖੜਾ ਹੁੰਦਾ ਏ ਅਤੇ ਤਖਤ 'ਤੇ ਬੈਠੇ ਉਹਦੇ ਪਿਉ ਤੇ ਸਾਰੇ ਦਰਬਾਰੀਆਂ ਦਾ ਧਿਆਨ ਉਹਦੇ ਵੱਲ ਜਾਂਦਾ ਏ।

ਮੈਂ ਵੇਖਿਆ।

ਸਿਕੰਦਰ ਨੇ ਨਹੀਂ, ਉਹਦੇ ਜਵਾਨ ਜਿਸਮ ਵਿਚ ਦੌੜਦੇ ਲਹੂ ਨੇ ਬੋਲਣਾ ਸ਼ੁਰੂ ਕੀਤਾ, ਤੇ ਉਹਦੇ ਦਿਲ ਵਿਚ ਮਚਲਦਾ, ਤੂਫ਼ਾਨ ਲਫ਼ਜ਼ਾਂ ਵਿਚ ਢਲ ਗਿਆ ਏ।

ਦੁਨੀਆਂ ਫਤਹਿ ਕਰਨ ਦੀ ਖਾਹਿਸ਼ ਨੇ ਉਹਦੇ ਸ਼ਬਦਾਂ ਵਿਚ ਜ਼ੋਸ਼ ਭਰ ਦਿੱਤਾ।

ਦਰਅਸਲ ਕੁਝ ਦਿਨ ਪਹਿਲਾਂ ਉਹਨੇ ਇਕ ਸੁਫਨਾ ਵੇਖਿਆ ਸੀ ਕਿ ਉਹ ਛਿਤਜ 'ਤੇ ਚਮਕਦੇ ਤਖਤ 'ਤੇ ਬੈਠਾ ਹੈ। ਤੱਦੇ ਰੌਸ਼ਨੀ ਦੇ ਕਪੜੇ ਪਾਈ ਇਕ ਨੌਕਰ ਨੇ ਬੜੀ ਨਿਮਰਤਾ ਨਾਲ ਪੁੱਛਿਆ :

"ਹਜ਼ੂਰ ! ਸੂਰਜ ਅਸਮਾਨ ਤੇ ਆ ਕੇ ਦਿਨ ਸ਼ੁਰੂ ਕਰਨ ਦੀ ਇਜਾਜ਼ਤ ਮੰਗ ਰਿਹਾ ਏ।"

"ਇਜਾਜ਼ਤ ਏ", ਸਿਕੰਦਰ ਨੇ ਬੜੀ ਰੋਅਬਦਾਰ ਆਵਾਜ਼ ਵਿਚ ਜਵਾਬ ਦਿੱਤਾ। ਨਾਲ ਹੀ ਉਹਦੀ ਨੀਂਦ ਖੁੱਲ੍ਹ ਗਈ। ਸੁਫਨਾ ਟੁੱਟ ਗਿਆ।

ਉਸ ਵੇਲੇ ਜਿਹੜਾ ਸੁਫਨਾ ਟੁੱਟ ਗਿਆ ਸੀ ਉਸ ਦੇ ਅਸਰ ਹੇਠ ਸਿਕੰਦਰ ਸਮੇਂ ਦੇ ਬਾਦਸ਼ਾਹ ਨੂੰ ਕਹਿ ਰਿਹਾ ਸੀ ਕਿ ਜੇ ਤੁਸੀਂ ਏਦਾਂ ਹੀ ਮੁਲਕ ਤੇ ਮੁਲਕ ਫਤਹਿ ਕਰਦੇ ਗਏ ਤਾਂ ਫੇਰ ਮੇਰੇ ਲਈ ਕੀ ਬਚੇਗਾ ?

ਪੁੱਤਰ ਦੇ ਮੂੰਹੋਂ ਦੁਨੀਆਂ ਫਤਹਿ ਕਰਨ ਦੀ ਖਾਹਿਸ਼ ਦੀ ਗੱਲ ਸੁਣ ਕੇ ਪਿਉ ਦਾ ਸੀਨਾ ਖੁਸ਼ੀ ਨਾਲ ਚੌੜਾ ਹੋ ਗਿਆ ਅਤੇ ਬਹੁਤ ਦੇਰ ਤਕ ਸਾਰਾ

ਦਰਬਾਰ ਤਾਲੀਆਂ ਦੀ ਆਵਾਜ਼ ਨਾਲ ਗੂੰਜਦਾ ਰਿਹਾ।

ਅਤੇ ਫੇਰ ਏਹ ਹੋਇਆ ਕਿ ਸਿਕੰਦਰ ਸਿਰ ਤੇ ਕਫਨ ਬੰਨ੍ਹ ਕੇ ਹਜ਼ਾਰਾਂ ਨੌਜਵਾਨਾਂ ਦੀ ਫੌਜ ਨਾਲ ਦੁਨੀਆਂ ਫਤਹਿ ਕਰਨ ਲਈ ਨਿਕਲਿਆ ਤਾਂ ਮਕਦੂਨੀਆਂ ਦੇ ਦਰਬਾਰ ਦੀ ਗੂੰਜ ਉਹਦੇ ਘੋੜਿਆਂ ਦੀਆਂ ਟਾਪਾਂ ਦੀ ਗੂੰਜ ਬਣ ਗਈ ਅਤੇ ਸਿਕੰਦਰ ਤੂਫ਼ਾਨ ਵਾਂਗ ਜਿਸ ਪਾਸੇ ਵਧਿਆ, ਹਰ ਪਾਸੇ ਫਤਹਿ ਹੀ ਫਤਹਿ ਮਿਲਦੀ ਗਈ।

ਵੱਡੀਆਂ ਵੱਡੀਆਂ ਹਕੂਮਤਾਂ ਨੇ ਉਹਦੇ ਨੇਜ਼ੇ ਤੇ ਭਾਲਿਆਂ ਦੇ ਸਾਹਮਣੇ ਸਿਰ ਝੁਕਾ ਦਿੱਤੇ।

ਏਹ ਉਸ ਜ਼ਮਾਨੇ ਦੀ ਗੱਲ ਹੈ, ਜਦੋਂ ਯੂਨਾਨ ਵਿਚ ਏਹ ਸਮਝਿਆ ਜਾਂਦਾ ਸੀ ਕਿ ਏਸ਼ੀਆ ਦੇ ਦੱਖਣ ਵਿਚ ਜਿੱਥੇ ਹਿੰਦੋਸਤਾਨ ਦੀ ਧਰਤੀ ਨੂੰ ਸਮੁੰਦਰ ਦੀਆਂ ਲਹਿਰਾਂ ਭਿਉਂਦੀਆਂ ਨੇ, ਉਹ ਦੁਨੀਆਂ ਦਾ ਆਖਰੀ ਸਿਰਾ ਏ। ਏਸ ਲਈ ਦੁਨੀਆਂ ਫਤਹਿ ਕਰਨ ਦੇ ਜਨੂੰਨ ਵਿਚ ਸਿਕੰਦਰ ਪਰਸ਼ੀਆ ਤੇ ਬੈਬਲੂਨ ਨੂੰ ਜਿੱਤ ਕੇ ਏਸ਼ੀਆ ਵਿਚ ਆ ਵੜਿਆ। ਈਰਾਨ ਨੂੰ ਉਸ ਨੇ ਆਪਣੀ ਗੁਲਾਮੀ ਵਿਚ ਲਿਆ ਤੇ ਫੇਰ ਪੂਰੀ ਤਿਆਰੀ ਨਾਲ ਸਿਕੰਦਰ ਦੀਆਂ ਫੌਜਾਂ ਹੜ੍ਹ ਦੇ ਪਾਣੀ ਵਾਂਗ ਹਿੰਦੋਸਤਾਨ ਪੁੱਜ ਗਈਆਂ। ਸਰਹੱਦ ਦੇ ਰਾਜੇ ਅੰਬੀ ਨੇ ਉਹਦੀ ਈਨ ਮੰਨ ਲਈ।

ਸਿਕੰਦਰ ਅੱਗੇ ਵਧਿਆ ਤਾਂ ਕਬੀਲਿਆਂ ਨਾਲ ਮਿਲ ਕੇ ਪੌਰਸ ਨੇ ਉਸ ਦਾ ਮੁਕਾਬਲਾ ਕੀਤਾ। ਕਾਫੀ ਖ਼ੂਨ-ਖਰਾਬੇ ਬਾਅਦ ਪੌਰਸ ਹਾਰ ਗਿਆ। ਇਕ ਤਰ੍ਹਾਂ ਨਾਲ ਵੇਖਿਆ ਜਾਵੇ ਤਾਂ ਤਲਵਾਰ ਦੇ ਜ਼ੋਰ ਨਾਲ ਹੁਣ ਤਕ ਸਿਕੰਦਰ, ਅੱਧੀ ਦੁਨੀਆਂ 'ਤੇ ਕਬਜ਼ਾ ਕਰ ਚੁੱਕਾ ਸੀ।

ਜ਼ੰਜੀਰਾਂ ਵਿਚ ਜਕੜ ਕੇ ਪੌਰਸ ਨੂੰ ਜਦੋਂ ਸਿਕੰਦਰ ਦੇ ਸਾਹਮਣੇ ਪੇਸ਼ ਕੀਤਾ ਤਾਂ ਮੈਂ ਵੇਖਿਆ,

ਕਿ ਫਤਹਿ ਦੇ ਜੋਸ਼ ਵਿਚ ਸਿਕੰਦਰ ਦਾ ਸੀਨਾ ਚਾਰ ਗੁਣਾਂ ਚੌੜਾ ਹੋ ਗਿਆ ਸੀ।

ਉਹਨੂੰ ਆਪਣਾ ਸੁਫਨਾ ਪੂਰਾ ਹੁੰਦਾ ਨਜ਼ਰ ਆਇਆ ਕਿ ਜਦ ਸੂਰਜ ਅਸਮਾਨ 'ਤੇ ਚੜ੍ਹਨ ਲਈ ਉਹਦੀ ਇਜਾਜ਼ਤ ਮੰਗੇਗਾ।

ਫਤਹਿ ਦੇ ਉਸ ਪਲ ਵਿਚ ਧੌਣ ਅਕੜਾ ਕੇ, ਹੱਥ ਵਿਚ ਨੇਜ਼ਾ ਫੜ ਕੇ ਸਿਕੰਦਰ ਨੇ ਅਸਮਾਨ ਵੱਲ ਇੰਝ ਵੇਖਿਆ ਸੀ, ਕਿ ਹਾਂ ਜੇ ਉਹ ਅਸਮਾਨ ਵੱਲ ਆਪਣਾ ਨੇਜ਼ਾ ਉਛਾਲ ਦੇਵੇ ਤਾਂ ਅਸਮਾਨ ਦਾ ਸੂਰਜ ਧਰਤੀ 'ਤੇ ਉਤਰ ਆਵੇਗਾ।

ਸਮੇਂ ਦੇ ਵਹਿਣ ਵਿਚ ਵਹਿੰਦਾ ਹਾਂ
ਤੇ ਅੱਖੀਂ ਦੇਖੀ ਕਹਿੰਦਾ ਹਾਂ

ਸਿਕੰਦਰ ਦੇ ਏਸ ਜੋਸ਼ ਨੂੰ ਵੇਖ ਕੇ ਮੈਨੂੰ ਸਿਕੰਦਰ ਤੋਂ ਬਹੁਤ ਪਹਿਲਾਂ ਹੋਈ ਘਟਨਾ ਯਾਦ ਆ ਗਈ।

ਤਦ, ਇਕ ਦਿਨ ਮੈਂ ਕੀ ਵੇਖਿਆ ਕਿ ਇਕ ਬੜੇ ਬੁੱਢੇ, ਬਹੁਤ ਉੱਚੇ, ਬੋੜ੍ਹ ਦੇ ਰੁੱਖ ਦੇ ਥੱਲੇ, ਅਜੇਹੀ ਰੌਸ਼ਨੀ ਜ਼ਾਹਿਰ ਹੋਈ ਕਿ ਮੇਰੀਆਂ ਅੱਖਾਂ ਚੁੰਧਿਆ ਗਈਆਂ। ਮੈਨੂੰ ਏਦਾਂ ਲੱਗਾ ਜਿਵੇਂ ਬੋਹੜ ਦੀ ਸੰਘਣੀ ਛਾਂ ਥੱਲੇ ਕੋਈ ਸੂਰਜ ਚੜ੍ਹ ਰਿਹਾ ਹੋਵੇ।

ਨਹੀਂ, ਉਹ ਸੂਰਜ ਚੜ੍ਹਿਆ ਤਾਂ ਮੇਰੇ ਵੇਖਦੇ ਹੀ ਵੇਖਦੇ ਉਹਦੀ ਲੋਅ ਦਾ ਹੜ੍ਹ ਜਿਹਾ ਆ ਗਿਆ।

ਸਮੇਂ ਦੇ ਵਹਿਣ ਵਿਚ ਵਹਿੰਦਾ ਹਾਂ
ਤੇ ਅੱਖੀਂ ਦੇਖੀ ਕਹਿੰਦਾ ਹਾਂ
ਤੱਦੇ ਇਕ ਕੌਤਕ ਹੋਇਆ।

ਮੇਰੇ ਵੇਖਦੇ ਹੀ ਵੇਖਦੇ ਉਹ ਰੌਸ਼ਨੀ, ਸੰਗੀਤ ਦੀ ਰਸੀਲੀ ਆਵਾਜ਼ ਵਿਚ ਢਲੀ ਤਾਂ ਮੈਂ ਆਪਣੇ ਕੰਨਾਂ ਨਾਲ ਸੁਣਿਆ। ਉਹ ਆਵਾਜ਼ ਕਹਿ ਰਾਹੀ ਸੀ,

"ਅਮਨ ਹੀ ਜ਼ਿੰਦਗੀ ਏ।"

ਏਹ ਲਫ਼ਜ਼ ਸੰਗੀਤ ਦੀ ਸਵਰ ਲਹਿਰੀ ਵਾਂਗ ਵਾਤਾਵਰਣ ਵਿਚ ਖਿੱਲਰੇ ਤਾਂ ਛਿਤਜ ਤੋਂ ਛਿਤਜ ਤਕ ਵਾਤਾਵਰਣ ਵਿਚ ਭਰੀਆਂ ਹਵਾਵਾਂ ਵਿਚ ਸਮਾਅ ਕੇ ਸਾਰੀ ਧਰਤੀ 'ਤੇ ਫੈਲੇ ਤਾਂ ਇਕ ਹੋਰ ਕੌਤਕ ਹੋਇਆ।

ਬੋਹੜ ਦੇ ਥੱਲੇ ਚੜ੍ਹਨ ਵਾਲੇ ਸੂਰਜ ਦੀ ਰੌਸ਼ਨੀ ਜ਼ਿੰਦਗੀ ਦੇ ਘਰ ਵਿਚ ਹਰ ਪਾਸੇ ਪੱਸਰ ਗਈ :

ਵਕਤ ਦੇ ਵਹਿਣ ਵਿਚ ਵਹਿੰਦਾ ਹਾਂ
ਤੇ ਅੱਖੀਂ ਦੇਖੀ ਕਹਿੰਦਾ ਹਾਂ
ਮੈਂ ਵੇਖਿਆ :

ਜਿਵੇਂ ਦਰਿਆ ਵਿਚ ਹੜ੍ਹ ਆਉਣ 'ਤੇ ਉਹਦਾ ਪਾਣੀ ਦੋਵੇਂ ਪਾਸੇ ਫੈਲ ਜਾਂਦਾ ਏ, ਪਰ ਹੜ੍ਹ ਉਤਰਨ ਦੇ ਬਾਅਦ, ਦਰਿਆ ਫੇਰ ਆਪਣੇ ਪਾਟ ਵਿਚ ਸਿਮਟ ਜਾਂਦਾ ਏ। ਏਸੇ ਤਰ੍ਹਾਂ ਤਲਵਾਰ ਦੇ ਜ਼ੋਰ 'ਤੇ ਹੜ੍ਹ ਵਾਂਗ ਫੈਲੀ ਸਿਕੰਦਰ ਦੀ ਸਲਤਨਤ, ਆਖਿਰ ਯੂਨਾਨ ਦੀਆਂ ਹੱਦਾਂ ਵਿਚ ਸਿਮਟ ਗਈ।

ਸਿਮਟ ਗਈ ਅਤੇ ਆਪਣੇ ਪਿੱਛ ਛੱਡ ਗਈ
ਲਹੂ ਦੀ ਲਕੀਰ।

ਲਹੂ ਦੀ ਲਕੀਰ, ਜੇਹੜੀ ਆਉਣ ਵਾਲੀਆਂ ਨਸਲਾਂ ਨੂੰ ਇਤਿਹਾਸ ਦੇ ਪੰਨਿਆਂ ਤੇ ਅੱਜ ਵੀ ਵਿਖਾਈ ਦੇਂਦੀ ਏ।

ਅਤੇ ਏਸ ਦੇ ਉਲਟ, ਬੋਹੜ ਦੇ ਥੱਲੇ, ਜੇਹੜਾ ਸੂਰਜ ਚੜ੍ਹਿਆ ਸੀ, ਉਹਦੀ ਰੌਸ਼ਨੀ ਦਾ ਜੇਹੜਾ ਹੜ੍ਹ ਆਇਆ ਸੀ, ਉਹਦੀਆਂ ਅਮਨ ਤੇ ਪਿਆਰ

ਦੇ ਸੰਦੇਸ਼ ਦੀਆਂ ਲਹਿਰਾਂ ਅੱਜ ਵੀ ਧਰਤੀ ਨੂੰ ਰੁਸ਼ਨਾ ਰਹੀਆਂ ਹਨ।

ਸਮੇਂ ਦੇ ਵਹਿਣ ਵਿਚ ਵਹਿੰਦਾ ਹਾਂ
ਤੇ ਅੱਖੀਂ ਦੇਖੀ ਕਹਿੰਦਾ ਹਾਂ
ਸਮੇਂ ਦੀ ਨਦੀ ਵਗ ਰਹੀ ਏ
ਮੈਂ ਅੱਖੀਂ ਵੇਖੀ ਕਹੀ ਏ
ਜੋ ਕੁਝ ਵੀ ਮੈਂ ਆਖਿਐ
ਉਹ ਹਰਫ਼ ਹਰਫ਼ ਸਹੀ ਏ।

# ਤਲੀ 'ਤੇ ਧਰਿਆ ਦੀਵਾ

ਡਿਓੜੀ ਦੀ ਦਹਿਲੀਜ਼ ਦੇ ਆਰ-ਪਾਰ ਖਲੋਤੇ, ਅੱਖਾਂ ਵਿਚ ਅੱਥਰੂ ਭਰੀ, ਮੈਂ ਚਾਹੁੰਦਾ ਸਾਂ ਕਿ ਜਿਸ ਘਰ ਵਿਚ ਮੈਂ ਇਕ ਉਮਰ ਗੁਜ਼ਾਰੀ ਏ, ਉਥੇ ਥੋੜ੍ਹੇ ਸਮੇਂ ਲਈ ਹੋਰ ਰਹਾਂ, ਪਰ...

ਪਰ ਇੰਝ ਲੱਗਦਾ ਸੀ ਜਿਵੇਂ ਘਰ ਦਾ ਦਰਵਾਜ਼ਾ ਹੌਲੀ ਹੌਲੀ ਬੰਦ ਹੋ ਰਿਹਾ ਏ।

ਮੇਰਾ ਇਕ ਪੈਰ ਡਿਓੜੀ ਦੇ ਅੰਦਰ ਸੀ ਤੇ ਦੂਜਾ ਬਾਹਰ ਦਹਿਲੀਜ਼ ਦੇ ਦੂਸਰੇ ਪਾਸੇ। ਮੈਂ ਉਸੇ ਤਰ੍ਹਾਂ ਖਲੋਤੇ ਖਲੋਤੇ, ਡਿਓੜੀ ਦੀਆਂ ਚਾਰੇ ਕੰਧਾਂ ਵੱਲ ਵੇਖਿਆ ਤੇ ਮੇਰੀ ਨਜ਼ਰ ਉੱਖਲੀ ਵੱਲ ਗਈ, ਜਿਹਦੇ ਵਿਚ ਮੇਰੀ ਦਾਦੀ ਅਨਾਜ ਕੁੱਟਦੀ ਹੁੰਦੀ ਸੀ।

ਧੰਮ-ਧੰਮ ਕਰਦੀ ਉਹਦੀ ਮੂੰਗਲੀ ਅਨਾਜ ਤੇ ਪੈਂਦੀ ਤੇ ਉਹਦੇ ਛਿਲਕੇ ਹਵਾ ਵਿਚ ਉੱਡਣ ਲੱਗਦੇ। ਮੈਂ ਆਪਣੇ ਛੋਟੇ ਛੋਟੇ ਹੱਥਾਂ ਵਿਚ ਉਹਨਾਂ ਨੂੰ ਫੜਨ ਦੀ ਇੰਝ ਕੋਸ਼ਿਸ਼ ਕਰਦਾ, ਜਿਵੇਂ ਉਸ ਉਮਰੇ ਤਿਤਲੀਆਂ ਫੜਦਾ ਹੁੰਦਾ ਸਾਂ।

ਉਹ ਤਿਤਲੀਆਂ ਇਕ ਵਾਰ ਫੇਰ ਮੇਰੀ ਕਲਪਨਾ ਅੱਖਾਂ ਦੇ ਸਾਮ੍ਹਣੇ ਉੱਡਣ ਲੱਗੀਆਂ ਅਤੇ ਉਹਨਾਂ ਦੇ ਚਮਕਦੇ ਰੰਗ, ਮੇਰੇ ਆਲੇ-ਦੁਆਲੇ ਖਿੱਲਰਨ ਲੱਗੇ ਤਾਂ ਦਿਲ ਦੇ ਪੰਛੀ ਦੀ ਇਸ ਖਾਹਿਸ਼ ਨੂੰ ਬਲ ਮਿਲ ਗਿਆ ਕਿ ਮੈਨੂੰ ਏਥੇ ਹੋਰ ਰਹਿਣਾ ਚਾਹੀਦੈ।

ਫੇਰ ਮੈਂ ਡਿਓੜੀ ਦੇ ਪਿੱਛੇ ਲੰਮੇ ਸਾਰੇ ਵੇਹੜੇ ਵੱਲ ਵੇਖਿਆ ਤਾਂ ਵੇਹੜੇ ਦੇ ਅਖੀਰ ਤੇ ਪਸਾਰ ਵਾਲੇ ਕਮਰੇ ਦੀ ਚੌਖਟ ਦੇ ਵੇਲ-ਬੂਟਿਆਂ ਤੇ ਮੇਰੀਆਂ ਨਜ਼ਰਾਂ ਜੰਮ ਕੇ ਰਹਿ ਗਈਆਂ। ਮੈਨੂੰ ਇੰਝ ਲੱਗਾ ਜਿਵੇਂ ਮੇਰੇ ਜਾਣ ਦੇ ਗ਼ਮ ਵਿਚ ਉਹਨਾਂ ਵੇਲ-ਬੂਟਿਆਂ ਦੀ ਸੁੰਦਰਤਾ ਕੁਝ ਫਿੱਕੀ ਪੈ ਗਈ ਹੋਵੇ।

ਏਸ ਦਰਵਾਜ਼ੇ ਦੀ ਚੌਖਟ ਨਾਲ ਮੇਰੀਆਂ ਬੜੀਆਂ ਯਾਦਾਂ ਜੁੜੀਆਂ ਹੋਈਆਂ ਨੇ। ਇਕ ਵਾਰ ਸਵੇਰੇ ਹੀ ਸਵੇਰੇ ਕੁਝ ਇੰਝ ਹੋਇਆ ਕਿ ਦਾਦੀ ਨਾਲ ਰੁੱਸ ਕੇ ਮੈਂ ਏਹਦੀ ਦਹਿਲੀਜ਼ 'ਤੇ ਇੰਝ ਲੇਟ ਗਿਆ ਕਿ ਦਾਦੀ ਪਸਾਰ ਵਾਲੇ ਕਮਰੇ ਵਿਚ ਜਾਣਾ ਚਾਹਵੇ ਤਾਂ ਮੈਂ ਉਹਦਾ ਰਾਹ ਰੋਕ ਸਕਾਂ। ਤੱਦੇ ਦਾਦੀ ਆਈ

ਤੇ ਗੁੱਸੇ ਨਾਲ ਭਰੀ-ਪੀਤੀ ਨੇ ਮੇਰੇ ਪੈਰ ਚੁੱਕ ਕੇ ਅੰਦਰ ਜਾਣਾ ਚਾਹਿਆ ਤਾਂ ਮੈਂ ਪੂਰਾ ਤਾਣ ਲਾ ਕੇ, ਆਪਣੇ ਪੈਰ ਚੌਖਟ 'ਤੇ ਜਮਾ ਦਿੱਤੇ।

ਦਾਦੀ ਬੁੜ ਬੁੜ ਕਰਦੀ ਵਾਪਸ ਪਰਤ ਗਈ।

ਅਜੇ ਮੈਂ ਆਪਣੀ ਸਫ਼ਲਤਾ ਤੇ ਖੁਸ਼ ਹੋ ਰਿਹਾ ਸਾਂ ਕਿ ਕੀ ਵੇਖਿਆ ਕਿ ਦਾਦੀ ਕਪੜੇ ਧੋਣ ਵਾਲੀ ਥਾਪੀ ਚੁੱਕ ਲਿਆਈ ਤੇ ਦੂਰੋਂ ਹੀ ਮੇਰੀ ਲੱਤ ਵੱਲ ਵਗਾਹ ਮਾਰੀ। ਥਾਪੀ ਨੂੰ ਆਪਣੇ ਵੱਲ ਆਉਂਦਾ ਵੇਖ ਕੇ ਮੈਂ ਲੱਤਾਂ ਥੱਲੇ ਕੀਤੀਆਂ ਤਾਂ ਦਾਦੀ ਦੀ ਥਾਪੀ ਪਸਾਰ ਵਿਚ ਰੱਖੀ ਦਾਦੀ ਦੀ ਲੱਕ-ਪੀੜ ਵੇਲੇ ਮਾਲਿਸ਼ ਕਰਨ ਵਾਲੀ ਤੇਲ ਦੀ ਸ਼ੀਸ਼ੀ 'ਤੇ ਜਾ ਵੱਜੀ।

ਸ਼ੀਸ਼ੀ 'ਠੱਕ' ਕਰਦੀ ਟੁੱਟੀ ਤਾਂ ਮੈਂ ਸਮਝ ਗਿਆ ਕਿ ਹੁਣ ਮੇਰੀ ਸ਼ਾਮਤ ਆਈ ਕਿ ਆਈ ! ਦਾਦੀ ਨੇ ਮੈਨੂੰ ਫੜਨਾ ਚਾਹਿਆ। ਪਰ ਮੈਂ ਦਾਅ ਲਾ ਕੇ ਬਾਹਰ ਨੱਠ ਗਿਆ।

ਕਾਫੀ ਦੇਰ ਬਾਅਦ ਮੈਂ ਵਾਪਿਸ ਨਾ ਆਇਆ, ਤਾਂ ਦਾਦੀ ਮੈਨੂੰ ਲੱਭਣ ਲਈ ਨਿਕਲੀ। ਏਧਰ ਮੇਰੀ ਹਾਲਤ ਏਹ ਕਿ ਦਾਦੀ ਦੀ ਮਾਰ ਤੋਂ ਡਰਦੇ ਮੈਨੂੰ ਤੇਜ਼ ਬੁਖਾਰ ਆ ਗਿਆ ਅਤੇ ਮੈਂ ਆਪਣੇ ਵੱਡੇ ਖੂਹ ਦੀ ਇਕ ਆੜ ਵਿਚ ਨੀਮ-ਬੇਹੋਸ਼ ਹੋ ਗਿਆ।

ਉਸ ਦਿਨ ਦਾਦੀ ਆਪਣੇ ਬੁੱਢੇ ਲੱਕ 'ਤੇ ਚੁੱਕ ਕੇ ਮੈਨੂੰ ਘਰ ਲਿਆਈ ਤਾਂ ਠੀਕ ਹੋਣ ਦੇ ਬਾਅਦ, ਮੈਂ ਦਾਦੀ ਤੋਂ ਏਨਾ ਸ਼ਰਮਿੰਦਾ ਸਾਂ ਕਿ ਜਦ ਕਦੀ ਉਸ ਚੌਖਟ ਦੀ ਦਹਿਲੀਜ਼ 'ਤੇ ਲੇਟਿਆ ਹੁੰਦਾ ਤਾਂ ਦਾਦੀ ਨੂੰ ਆਉਂਦਿਆਂ ਵੇਖ ਕੇ ਮੈਂ ਪਹਿਲਾਂ ਹੀ ਉਠ ਖਲੋਂਦਾ।

ਮੈਨੂੰ ਏਦਾਂ ਕਰਦਿਆਂ ਵੇਖ ਕੇ ਦਾਦੀ ਦੀ ਖੁਸ਼ੀ ਉਹਦੀਆਂ ਝੁਰੜੀਆਂ 'ਚੋਂ ਛਲਕ ਛਲਕ ਪੈਂਦੀ।

ਦਾਦੀ ਦੇ ਚੇਹਰੇ ਦੀ ਉਸ ਮੁਸਕਾਨ ਵਿਚ ਪਤਾ ਨਹੀਂ ਕੀ ਜਾਦੂ ਸੀ ਕਿ ਮੇਰਾ ਬਚਪਨ, ਸਾਲਾਂ ਦਾ ਫ਼ਾਸਲਾ, ਪਲਾਂ ਵਿਚ ਤਹਿ ਕਰ ਕੇ ਜਵਾਨੀ ਦੀਆਂ ਹੱਦਾਂ ਵਿਚ ਪੁਚਾ ਦਿੱਤਾ ਅਤੇ ਜਵਾਨ ਹੋ ਕੇ ਮੈਂ ਆਪਣੇ ਵੇਹੜੇ ਦੇ ਉਪਰ ਬਣੇ ਲਕੜੀ ਦੇ ਉਸ ਪੁਲ 'ਤੇ ਜਾ ਬੈਠਾ, ਜੇਹੜਾ ਪਹਿਲੀ ਮੰਜ਼ਿਲ ਦੇ ਵੇਹੜੇ ਨੂੰ ਰਸੋਈ ਨਾਲ ਜੋੜਦਾ ਸੀ।

ਘਰ ਦੀ ਬਾਹਰੀ ਦਹਿਲੀਜ਼ ਤੇ ਖਲੋਤੇ ਖਲੋਤੇ ਮੈਂ ਉਸ ਪੁਲ ਵੱਲ ਵੇਖਿਆ, ਪਰ ਉਹ ਪੁਲ ਮੇਰੀਆਂ ਨਜ਼ਰਾਂ ਤੋਂ ਇੰਝ ਓਹਲੇ ਸੀ ਜਿਵੇਂ ਜਵਾਨੀ, ਕਿੰਨਾ ਸਮਾਂ ਪਹਿਲਾਂ, ਮੈਨੂੰ ਖੁਸ਼ ਰਹਿਣ ਦੀਆਂ ਦੁਆਵਾਂ ਦੇ ਕੇ ਅਤੀਤ ਵੱਲ ਜਾ ਚੁੱਕੀ ਸੀ।

ਹੁਣ ਉਸ ਪੁਲ ਦਾ ਸਿਰਫ਼ ਇਕ ਸ਼ਤੀਰ ਵਿਖਾਈ ਦੇ ਰਿਹਾ ਸੀ, ਜਿਸ 'ਤੇ ਬੈਠ ਕੇ ਮੈਂ ਤੇ ਮੇਰੀ ਬੀਵੀ ਉਸ ਚਿੜੀ ਦਾ ਇੰਤਜ਼ਾਰ ਕਰਦੇ ਹੁੰਦੇ ਸਾਂ

ਜੇਹੜੀ ਆਮ ਤੌਰ ਤੇ ਸਾਡੀਆਂ ਪੌੜੀਆਂ ਦੀ ਮਮਟੀ ਤੇ ਆ ਕੇ ਬੈਠਦੀ ਸੀ।

ਉਹ ਚਿੜੀ ਦੈਰੇ ਦੇ ਬੋਹੜ ਤੋਂ ਜਾਂ ਮਿਸ਼ਰਾਂ ਦੇ ਪਿੱਪਲ ਤੋਂ ਉੱਡ ਕੇ ਸਾਡੀ ਮਮਟੀ ਤੇ ਆ ਬਹਿੰਦੀ, ਪਹਿਲਾਂ ਏਧਰ-ਓਧਰ ਵੇਖਦੀ, ਫੇਰ ਚਹਿਚਹਾਣ ਲੱਗ ਪੈਂਦੀ।

ਪਤਾ ਨਹੀਂ ਜ਼ਿੰਦਗੀ ਦਾ ਕੇਹੜਾ ਗੀਤ ਗਾਉਂਦੀ ਸੀ ?

ਸਾਨੂੰ ਸਮਝ ਤਾਂ ਕੁਝ ਨਹੀਂ ਸੀ ਆਉਂਦੀ।

ਪਰ ਉਹਨੂੰ ਵੇਖ ਕੇ ਮੇਰੇ ਤੇ ਮੇਰੀ ਬੀਵੀ 'ਤੇ ਨਸ਼ਾ ਜਿਹਾ ਚੜ੍ਹ ਜਾਂਦਾ। ਗੀਤ ਦੇ ਬੋਲ ਕੀ ਸਨ ?

ਬਸ ਏਦਾਂ ਕਹਿ ਲਉ ਬਸ ਚੂੰ-ਚਾਂ-ਚੀਂ-ਚੀਂ ਸਨ। ਪਰ ਏਨ੍ਹਾਂ ਬੋਲਾਂ ਵਿਚ ਸਾਰੀ ਸ੍ਰਿਸ਼ਟੀ ਦੇ ਭੇਤ ਲੁਕੇ ਹੋਏ ਸਨ। ਪਤਾ ਨਹੀਂ, ਕਿਨ੍ਹਾਂ ਜੰਗਲਾਂ, ਵਾਦੀਆਂ ਤੇ ਕਿਨ੍ਹਾਂ ਪਾਸਿਆਂ ਤੋਂ ਘੁੰਮ-ਘੁਮਾ ਕੇ ਉਹ ਸਾਨੂੰ ਉਥੋਂ ਦੀਆਂ ਕਹਾਣੀਆਂ ਸੁਣਾਂਦੀ ਸੀ।

ਤੇ ਏਸ ਤਰ੍ਹਾਂ ਸਾਡੇ ਘਰ ਵਿਚ ਇਕ ਦੁਨੀਆਂ ਆਬਾਦ ਹੋ ਜਾਂਦੀ ਸੀ।

ਉਸ ਛੋਟੀ ਜਹੀ ਚਿੜੀ ਦਾ ਗੀਤ ਸੁਣਦੇ ਸੁਣਦੇ ਸਾਡੀ ਨਵੀਂ ਨਸਲ ਜਵਾਨ ਹੋ ਗਈ ਅਤੇ ਸਾਡੀ ਦੁਨੀਆਂ ਬੁਢਾਪੇ ਵਿਚ ਬਦਲ ਗਈ।

ਮੈਂ ਡਿਓੜੀ ਦੀ ਦਹਿਲੀਜ਼ ਤੇ ਖਲੋਤੇ ਖਲੋਤੇ ਲਕੜੀ ਦੇ ਉਸ ਪਲ ਵੱਲ, ਨਹੀਂ ਉਸ ਪੁਲ ਤੇ ਸ਼ਤੀਰ ਵੱਲ ਵੇਖਿਆ। ਉਥੇ ਸ਼ਾਮਾਂ ਦੇ ਪਰਛਾਵੇਂ ਢਲ ਆਏ ਸਨ ਅਤੇ ਰਾਤਾਂ ਦੇ ਹਨੇਰੇ ਪੁਲ ਦੇ ਲਾਗੇ ਮੰਡਰਾ ਰਹੇ ਸਨ।

ਤੱਦੇ ਮੇਰੇ ਕੰਨਾਂ ਵਿਚ ਪਹਾੜੀ ਕਾਂ ਦੀ ਭੱਦੀ ਜਹੀ ਕਾਂ ਕਾਂ ਦੀ ਆਵਾਜ਼ ਪਈ ਤਾਂ ਮੈਨੂੰ ਯਾਦ ਆਇਆ ਕਿ ਇਕ ਵਾਰ ਏਦਾਂ ਹੀ ਪਹਾੜੀ ਕਾਂ ਸਾਡੀ ਮਮਟੀ 'ਤੇ ਆ ਕੇ ਬੈਠਾ ਸੀ ਤੇ ਉਸ ਦਿਨ ਮੇਰੀ ਬੁੱਢੀ ਦਾਦੀ, ਦੂਸਰੇ ਜਹਾਨ ਵੱਲ ਚਲੀ ਗਈ ਸੀ।

ਉਸ ਕਾਲੇ ਕਾਂ ਦੀ ਆਵਾਜ਼ ਮੇਰੇ ਕੰਨਾਂ ਵਿਚ ਪਈ ਤਾਂ ਪਤਾ ਨਹੀਂ ਕਿਉਂ ਖਲੋਤੇ ਖਲੋਤੇ ਮੈਂ ਆਪਣੀਆਂ ਲੱਤਾਂ ਵਿਚ ਕਾਂਬਾ ਜਿਹਾ ਮਹਿਸੂਸ ਕੀਤਾ ਤੇ ਮੈਨੂੰ ਲੱਗਾ ਕਿ ਮੇਰੇ ਵਾਸਤੇ ਹੋਰ ਖਲੋਤੇ ਰਹਿਣਾ ਮੁਸ਼ਕਿਲ ਏ।

ਮੇਰੀਆਂ ਅੱਖਾਂ ਅੱਗੇ ਹਨੇਰਾ ਜਿਹਾ ਆ ਗਿਆ।

ਹੁਣ ਉਹ ਡਿਓੜੀ, ਉਹ ਫੁੱਲਾਂ-ਬੂਟਿਆਂ ਵਾਲੀ ਚੌਖਟ ਤੇ, ਘਰ ਦਾ ਵੇ ਹੜਾ, ਵੇਹੜੇ ਤੇ ਬਣੇ ਲਕੜੀ ਦੇ ਪੁਲ ਦਾ ਸ਼ਤੀਰ ਵੀ ਸਾਫ਼ ਦਿਖਾਈ ਨਹੀਂ ਦੇ ਰਹੇ ਸਨ। ਐਵੇਂ ਝਉਲਾ ਜਿਹਾ ਪੈ ਰਿਹਾ ਸੀ।

ਤੱਦੇ ਮੈਨੂੰ ਲੱਗਾ ਕਿ ਦਰਵਾਜ਼ੇ ਦੇ ਪੱਟ ਬੜੀ ਤੇਜ਼ੀ ਨਾਲ ਬੰਦ ਹੋ ਰਹੇ ਸਨ।

ਮੈਨੂੰ ਪਤਾ ਹੀ ਨਾ ਲੱਗਾ ਕਿ ਮੈਂ ਕਦ ਦਹਿਲੀਜ਼ ਦੇ ਅੰਦਰ ਵਾਲਾ ਪੈਰ

ਪੁੱਟ ਬਾਹਰ ਆ ਗਿਆ, ਜਿੱਥੇ ਰਾਤ ਦਾ ਹਨੇਰਾ ਪੱਸਰ ਰਿਹਾ ਸੀ।

ਉਸ ਰਾਤ ਦਾ ਹਨੇਰਾ, ਜਿਸ ਦੇ ਬਾਅਦ ਕੋਈ ਸੂਰਜ ਨਹੀਂ ਚੜ੍ਹਦਾ, ਕੋਈ ਸਵੇਰ ਨਹੀਂ ਆਉਂਦੀ।

ਮੇਰੇ ਬਾਹਰ, ਪੈਰ ਰੱਖਦੇ ਹੀ ਦਰਵਾਜ਼ੇ ਦੇ ਪੱਟ ਇਕ ਵਾਰ ਫੇਰ ਖੁੱਲ੍ਹੇ ਤੇ ਮੈਂ ਮਹਿਸੂਸ ਕੀਤਾ ਕਿ...

ਡਿਓੜੀ, ਚੌਖਟ ਦੇ ਵੇਲ-ਬੂਟੇ, ਵੇਹੜੇ ਦੇ ਉਪਰ ਵਾਲਾ ਪੁਲ, ਉਸੇ ਤਰ੍ਹਾਂ ਲੋਅ ਵਿਚ ਚਮਕਦੇ ਦਿਖਾਈ ਦੇ ਰਹੇ ਸਨ।

ਜਿੰਦਗੀ ਦਾ ਘਰ ਪੂਰੇ ਦਾ ਪੂਰਾ ਵੱਸਿਆ ਸੀ।

ਅਤੀਤ ਦੇ ਹਨੇਰਿਆਂ ਵਿਚ ਸਫਰ ਕਰਦਿਆਂ ਮੈਨੂੰ ਲੱਗਾ, ਜਿਵੇਂ ਏਸ ਘਰ ਦੀਆਂ ਯਾਦਾਂ ਤਲੀ 'ਤੇ ਰੱਖੇ ਦੀਵੇ ਵਾਂਗ ਮੇਰੀਆਂ ਹਨੇਰੀਆਂ ਰਾਹਾਂ ਨੂੰ ਰੁਸ਼ਨਾ ਰਹੀਆਂ ਸਨ।

# ਠੁੰਮ੍ਹਣਾ ਸਾਹਿਬ

ਧਰਮਰਾਜ ਦੁਚਿੱਤੀ ਵਿਚ ਸੀ।

ਤੇਜਾ ਜੱਟ ਮਰ ਕੇ ਉਹਦੇ ਦਰਬਾਰ ਵਿਚ ਪੁੱਜਾ ਤਾਂ ਉਹਦੀ ਜ਼ਿੰਦਗੀ 'ਤੇ ਇਕ ਝਾਤ ਮਾਰਨ ਤੋਂ ਬਾਅਦ ਉਹ ਸੋਚੀਂ ਪੈ ਗਿਆ ਕਿ ਏਸ ਬੰਦੇ ਨੂੰ ਸਵਰਗ ਵਿਚ ਭੇਜਿਆ ਜਾਵੇ ਜਾਂ ਨਰਕ ਵਿਚ ?

ਰੱਬੀ ਨਿਯਮ ਅਨੁਸਾਰ ਸਵਰਗ ਦਾ ਹੱਕਦਾਰ ਤਾਂ ਉਹ ਏਸ ਲਈ ਸੀ ਕਿ ਸਾਰੀ ਉਮਰ ਆਪਣੀਆਂ ਪੈਲੀਆਂ ਵਿਚ ਮਿੱਟੀ ਨਾਲ ਮਿੱਟੀ ਹੋ ਕੇ, ਆਪਣਾ ਮੁੜ੍ਹਕਾ ਚੁਆ ਕੇ ਅੰਨ ਉਗਾਇਆ, ਜਿਸ ਨਾਲ ਰੱਬ ਦੇ ਪੈਦਾ ਕੀਤੇ ਜੀਵਾਂ ਬੰਦੇ, ਪਸ਼ੂ-ਪੰਛੀ, ਕੀੜੇ-ਮਕੌੜਿਆਂ ਦੇ ਢਿੱਡ ਭਰੇ।

ਏਸ ਤੋਂ ਵੱਧ ਪਰਮਾਤਮਾ ਦੀ ਭਗਤੀ ਹੋਰ ਕੀ ਹੋ ਸਕਦੀ ਸੀ ? ਏਹ ਖੇਤੀ ਕਰਮ ਤਾਂ ਹਰ ਤਰ੍ਹਾਂ ਦੀ ਪੂਜਾ-ਪਾਠ, ਨੇਮ ਧਰਮ, ਤੀਰਥ ਯਾਤਰਾ, ਪਵਿੱਤਰ ਅਸ਼ਨਾਨ ਨਾਲੋਂ ਸਭ ਤੋਂ ਉੱਤਮ ਹੈ।

ਏਸ ਤਰ੍ਹਾਂ ਤੇਜਾ, ਹਰ ਤਰ੍ਹਾਂ ਨਾਲ ਸਵਰਗ ਲੋਕ ਦਾ ਭਾਗੀ ਸੀ।

ਪਰ ਏਸ ਦੇ ਨਾਲ ਨਾਲ ਉਹ ਨਰਕ ਦਾ ਭਾਗੀ ਏਸ ਲਈ ਸੀ ਕਿ...

ਠਹਿਰੋ ! ਮੈਂ ਤੁਹਾਨੂੰ ਪੂਰੀ ਗੱਲ ਦੱਸਦਾ ਹਾਂ :

ਜ਼ਿੰਦਗੀ ਦੇ ਆਖਰੀ ਪੜਾਅ 'ਤੇ ਜਦੋਂ ਜੱਟ ਤੇਜੇ ਦੇ ਮਾੜੇ ਦਿਨ ਆਏ ਤਾਂ ਆਪਣੇ ਬੁਢਾਪੇ ਦਾ ਸਿਰ ਢੱਕਣ ਲਣ ਸੁੱਕੇ ਕਿੱਕਰਾਂ ਦੇ ਠੁੰਮ੍ਹਣੇ ਗੱਡ ਕੇ ਕਪਾਹ ਦੀ ਮਨਛਿੱਟੀ 'ਤੇ ਕੱਖ ਪਾ ਕੇ ਢਾਰਾ ਤੇ ਛੱਤ ਲਿਆ, ਪਰ...

...ਪਰ ਢਿੱਡ ਦੀ ਅੱਗ ਕਿੱਦਾਂ ਬੁਝਾਏ ?

ਕਹਿੰਦੇ ਨੇ ਕਿ ਲੋੜ ਬੰਦੇ ਨੂੰ ਸਿਆਣਾ ਬਣਾ ਦੇਂਦੀ ਏ। ਤੇਜਾ ਸੀ ਤੇ ਸਿੱਧੜ ਜੱਟ। ਸਾਰੀ ਉਮਰ ਫਸਲਾਂ ਬੀਜਦਾ ਤੇ ਉਗਾਉਂਦਾ ਰਿਹਾ। ਏਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਉਹਨੇ ਬੰਜਰ ਧਰਤੀ ਨੂੰ ਉਪਜਾਊ ਬਣਾਇਆ ਤੇ ਉਹਦੀ ਜ਼ਿੰਦਗੀ ਸੌਰ ਗਈ।

ਪਰ ਹੁਣ ਬੁੱਢੇ ਵਾਰੇ, ਕੱਖ-ਕਾਨਿਆਂ ਦੀ ਝੌਂਪੜੀ ਨੂੰ ਕਿੱਦਾਂ ਸਵਾਰੇ ਕਿ ਉਹਦੀ ਛੱਤ ਹੇਠਾਂ, ਜ਼ਿੰਦਗੀ ਦੀਆ ਸ਼ਾਮਾਂ ਵਿਚ, ਆਸਾਂ ਦਾ ਦੀਵਾ ਟਿਮਟਿਮਾ ਉੱਠੇ। ਏਹ ਗੱਲ ਉਹਦੀ ਸਮਝ 'ਚ ਨਹੀਂ ਆ ਰਹੀ ਸੀ।

ਹੁਣ ਜਵਾਨੀ ਤੇ ਸੀ ਨਹੀਂ, ਜਿਹਦੇ ਵਿਚ ਉਹ ਔਕੜਾਂ ਦੀਆਂ ਢੇਮਾਂ ਨੂੰ ਮੇਹਨਤ ਦੇ ਸੁਹਾਗੇ ਥੱਲੇ ਫੇਹ ਕੇ, ਮੈਦੇ ਵਾਂਗ ਬਰੀਕ ਕਰ ਸਕੇ, ਤਾਂ ਕਿ ਸੁੱਖਾਂ ਦੀ ਫਸਲ ਉੱਗ ਸਕੇ।

ਐਸੀ ਹਾਲਤ ਵਿਚ ਕੀ ਕਰੇ ? ਏਹੋ ਸੋਚਦੇ ਸੋਚਦੇ। ਢਾਰੇ ਦੇ ਬਾਹਰ, ਕਿੱਕਰਾਂ ਦੇ ਝੁੰਡ ਵਿਚ, ਰੜੀ ਮੰਜੀ 'ਤੇ ਲੰਮੇ ਪਏ ਉਹਦੀ ਅੱਖ ਲੱਗ ਗਈ।

ਉਹਦੀ ਅੱਖ ਲੱਗੀ ਤਾਂ ਕੁਝ ਜਾਗੋ-ਮੀਟੀ, ਕੁਝ ਸੁਪਨ-ਅਵਸਥਾ ਵਿਚ ਵੀ ਉਹਦਾ ਅੰਦਰਲਾ ਜੱਟ ਬੰਜਰ ਪਲਾਂ ਦੀ ਧਰਤੀ ਨੂੰ ਉਪਜਾਊ ਬਣਾਉਣ ਦੀਆਂ ਵਿਉਂਤਾਂ ਸੋਚਦਾ ਰਿਹਾ।

ਤੱਦੇ ਉਸ ਵੇਖਿਆ ਕਿ ਕਿੱਕਰਾਂ ਦੇ ਦੋਵੇਂ ਸੁੱਕੇ ਠੁੰਮ੍ਹਣਿਆਂ ਵਿਚ ਜ਼ਿੰਦਗੀ ਪੁੰਗਰ ਪਈ ਏ ਤੇ ਉਹ ਹਰੀਆਂ ਪੁਸ਼ਾਕਾਂ ਨਾਲ ਸਜ ਗਏ ਨੇ।

ਉਹਨੇ ਹੈਰਾਨ ਹੋ ਕੇ ਵੇਖਿਆ। ਏਹ ਕੀ ਕੌਤਕ ਏ ? ਤੱਦੇ ਉਹਦੀ ਨਜ਼ਰ ਢਾਰੇ ਦੇ ਸੱਜੇ ਖੱਬੇ ਝੁਕੀ ਛੱਤ ਵੱਲ ਗਈ। ਉਹ ਵੀ ਲਿਸ਼-ਲਿਸ਼ ਕਰਦੀ ਹਰੀ ਘਾਹ ਨਾਲ ਸ਼ਿੰਗਾਰੀ ਗਈ ਸੀ।

ਆਪਣੇ ਢਾਰੇ ਦੀ ਕੱਖ-ਕਾਨਿਆਂ ਦੀ ਕੁੱਲੀ ਨੂੰ ਸੱਜ-ਵਿਆਹੀ ਵਹੁਟੀ ਵਾਂਗ ਸਜਿਆ-ਧਜਿਆ ਵੇਖ ਕੇ, ਉਹਦੇ ਦਿਲ ਦਾ ਗੁਲਾਬ ਖਿੜ ਪਿਆ।

ਏਸੇ ਫੁੱਲ ਦੀ ਖੁਸ਼ਬੋ ਦਾ ਆਨੰਦ ਮਾਣਦੇ ਹੋਏ ਉਹਦੀਆਂ ਅੱਖਾਂ ਖੁੱਲ੍ਹੀਆਂ ਤਾਂ ਇਕ ਹੋਰ ਅਚੰਭਾ ਹੋਇਆ। ਉਹਦੇ ਸਰੀਰ ਦੇ ਉਤੇ ਕਿੱਕਰਾਂ ਦੇ ਪੀਲੇ ਪੀਲੇ ਫੁੱਲਾਂ ਦੀ ਚਾਦਰ ਵਿਛੀ ਹੋਈ ਸੀ।

ਆਪਣੇ ਤਨ ਤੋਂ ਏਨ੍ਹਾਂ ਫੁੱਲਾਂ ਨੂੰ ਝਾੜਦੇ ਹੋਏ, ਉਹਨੂੰ ਆਪਣੀ ਜ਼ਿੰਦਗੀ ਦੇ ਹਨੇਰਿਆਂ ਨੂੰ ਰੁਸ਼ਨਾਣ ਦੀ ਰਾਹ ਸੁੱਝ ਗਈ।

ਥੋੜ੍ਹੇ ਦਿਨਾਂ ਵਿਚ ਹੀ ਲੋਕਾਂ ਨੇ ਵੇਖਿਆ ਕਿ ਸੁੱਕੇ ਠੁੰਮ੍ਹਣਿਆਂ ਦੀਆਂ ਜੜ੍ਹਾਂ 'ਚੋਂ ਦੋ-ਤਿੰਨ ਵੇਲਾਂ ਫੁੱਟੀਆਂ ਤੇ ਵੇਖਦੇ ਹੀ ਵੇਖਦੇ ਠੁੰਮ੍ਹਣਿਆਂ ਦੁਆਲੇ ਵਲੇਵੇਂ ਖਾਂਦੀਆਂ ਢਾਰੇ 'ਤੇ ਚੜ੍ਹ ਗਈਆਂ। ਹਰੇ ਕਚਨਾਰ ਪੱਤਿਆਂ ਦੇ ਵਿਚੋਂ ਝਾਕਦੇ ਚਿੱਟੇ ਚਿੱਟੇ ਫੁੱਲ ਏਦਾਂ ਲੱਗਣ ਜਿਵੇਂ ਹਰੇ ਨਗਾਂ ਦੀ ਮਾਲਾ ਵਿਚ ਮੋਤੀ ਚਮਕ ਰਹੇ ਹੋਣ।

ਫੇਰ ਇਕ ਦਿਨ ਕਿਸੇ ਬਾਂਝ ਜ਼ਨਾਨੀ ਦੀ ਨਜ਼ਰ ਹਰੇ-ਭਰੇ ਠੁੰਮ੍ਹਣਿਆਂ ਵੱਲ ਗਈ ਤਾਂ ਲਾਗੇ ਆ ਕੇ ਧਿਆਨ ਨਾਲ ਵੇਖ ਕੇ ਨਿਹਾਲ ਹੁੰਦੀ ਜਾਵੇ ਤੇ ਕਹੇ "ਜੇ ਏਹ ਸੁੱਕੇ ਠੁੰਮ੍ਹਣੇ ਹਰੇ ਹੋ ਸਕਦੇ ਨੇ ਤਾਂ ਮੇਰੀ ਕੁੱਖ ਵੀ ਏਨ੍ਹਾਂ ਵਾਂਗ ਹਰੀ ਹੋ ਸਕਦੀ ਏ।"

ਏਹੋ ਸੋਚਦੇ ਸੋਚਦੇ ਉਹਨੇ ਵੇਲ ਦਾ ਇਕ ਫੁੱਲ ਤੋੜਨ ਲਈ ਹੱਥ ਅੱਗੇ ਵਧਾਇਆ ਤਾਂ ਕਰਨੀ ਰੱਬ ਦੀ ਏਹ ਹੋਈ ਕਿ ਹਵਾ ਦੇ ਹਿਲਕੋਰੇ ਨਾਲ ਇਕ ਫੁੱਲ ਆਪੇ ਟੁੱਟਾ ਤੇ ਉਹਦੀ ਅੱਗੇ ਵਧੀ ਤਲੀ ਤੇ ਸਜ ਗਿਆ।

ਦਸਾਂ ਮਹੀਨਿਆਂ ਬਾਅਦ ਉਹਦੀ ਗੋਦ ਵਿਚ ਉਸੇ ਫੁੱਲ ਵਰਗਾ ਬੱਚਾ ਖੇਡ ਰਿਹਾ ਸੀ।

ਏਸ ਫੁੱਲ ਦੀ ਖੁਸ਼ਬੋ ਚਾਰੇ ਪਾਸੇ ਖਿੜੀ ਤਾਂ ਮੰਨਤਾਂ ਮੰਨਣ ਵਾਲੇ ਵਹੀਰਾਂ ਘੱਤ ਕੇ ਆਉਣ ਲੱਗ ਪਏ।

ਲੋਕਾਂ ਦੀਆਂ ਮੰਨਤਾਂ, ਮੁਰਾਦਾਂ ਪੂਰੀਆਂ ਹੋਈਆਂ ਤਾਂ ਬਾਬੇ ਤੇਜੇ ਦੀ ਮੌਜ ਲੱਗ ਗਈ।

ਹੋਣੀ ਹੀ ਸੀ ! ਸਿੱਖਾਂ ਹਿੰਦੂਆਂ ਨੇ ਬਾਬੇ ਤੇਜੇ ਦੇ ਢਾਰੇ ਨੂੰ 'ਠੁੰਮ੍ਹਣਾ ਸਾਹਿਬ' ਕਹਿ ਕੇ ਵਡਿਆਇਆ ਤਾਂ ਮੁਸਲਮਾਨ ਕਿਵੇਂ ਪਿੱਛੇ ਰਹਿੰਦੇ ? ਉਹਨਾਂ ਨੇ ਏਹਨੂੰ ਅਦਬ ਨਾਲ 'ਠੁੰਮ੍ਹਣਾ ਸ਼ਰੀਫ' ਕਹਿਣਾ ਸ਼ੁਰੂ ਕਰ ਦਿੱਤਾ।

ਤੇਜੇ ਦਾ ਢਾਰਾ ਠੁੰਮ੍ਹਣਾ ਸਾਹਿਬ ਜਾਂ ਠੁੰਮ੍ਹਣਾ ਸ਼ਰੀਫ਼ ਬਣਿਆ ਤਾਂ ਢਾਰੇ ਦੀ ਜੂਨ ਸੌਰ ਗਈ ਤੇ ਨਾਲ ਹੀ ਬਾਬੇ ਤੇਜੇ ਦਾ ਬੁਢਾਪਾ।

ਹੁਣ ਧਰਮਰਾਜ ਦਾ ਮਸਲਾ ਏਹ ਹੈ ਕਿ ਯਮਲਾ ਹੋਇਆ ਜੱਟ ਤੇ ਖੁਦਾ ਨੂੰ ਲੈ ਗਏ ਚੋਰ ਦੀ ਕਹਾਵਤ ਅਨੁਸਾਰ ਬਾਬੇ ਤੇਜੇ ਨੇ ਆਪਣੇ ਢਾਰੇ ਵਿਚ ਸੁੱਖਾਂ ਦਾ ਚਾਨਣ ਮਾਨਣ ਲਈ ਆਪਣੇ ਜੱਟ ਹੋਣ ਦਾ ਪੂਰਾ ਫਾਇਦਾ ਉਠਾਇਆ ਤੇ ਸੁੱਕੇ ਠੁੰਮ੍ਹਣਿਆਂ ਦੀਆਂ ਜੜ੍ਹਾਂ ਵਿਰਲਾਂ ਵਿਚ ਜੰਗਲੀ ਵੇਲਾਂ ਉਗਾ ਕੇ ਹੱਥ ਦੀ ਤਲੀ 'ਤੇ ਸਰ੍ਹੋਂ ਬੀਜਣ ਵਾਲੀ ਗੱਲ ਵਾਂਗ ਸਿੱਧੜ ਲੋਕਾਂ ਵਾਸਤੇ ਆਡੰਬਰ ਖੜ੍ਹਾ ਕਰ ਦਿੱਤਾ।

"ਆਪਣੀ ਗ਼ਰਜ਼ ਪੂਰੀ ਕਰਨ ਲਈ ਲੋਕਾਂ ਨੂੰ ਭੁਲੇਖੇ ਵਿਚ ਪਾਉਣ ਵਾਲੇ ਬੰਦੇ ਨੂੰ ਤਾਂ ਨਰਕਾਂ ਵਿਚ ਹੀ ਭੇਜਣਾ ਚਾਹੀਦੈ" ਦਰਬਾਰ 'ਚ ਬੈਠੇ ਕਿਸੇ ਦਰਬਾਰੀ ਨੇ ਰਾਏ ਦਿੱਤੀ।

"ਤੇ ਜੇ ਏਹਨੇ ਨਰਕ ਨੂੰ ਵੀ ਆਪਣੇ ਢਾਰੇ ਵਾਂਗ ਸਵਰਗ ਬਣਾ ਲਿਆ ਤਾਂ ਫੇਰ ਕੀ ਕਰੋਗੇ ?" ਧਰਮਰਾਜ ਦਾ ਜਵਾਬ ਸੀ।

ਏਸ ਗੱਲ ਨੂੰ ਕਈ ਸਾਲ ਬੀਤ ਗਏ ਨੇ। ਅਜੇ ਤਕ ਕੋਈ ਫੈਸਲਾ ਨਹੀਂ ਹੋਇਆ।

ਬਾਬੇ ਤੇਜੇ ਦੇ ਦਿਨ ਧਰਮਰਾਜ ਦੇ ਦਰਬਾਰ ਵਿਚ ਬੜੇ ਆਰਾਮ ਨਾਲ ਬੀਤ ਰਹੇ ਨੇ।

# ਸੱਚਾ ਪਿਆਰ

ਪੰਜ-ਛੇ ਸਾਲ ਦੇ ਛੋਟੂ ਦੇ ਦਿਲ ਵਿਚ ਪਲਦਾ ਗੁੱਸਾ, ਸਿਖਰ 'ਤੇ ਪਹੁੰਚ ਕੇ ਕਹਿਰ ਬਣ ਗਿਆ। ਫੇਰ ਜਿਵੇਂ ਡਰਾਉਣਾ ਸੁਫ਼ਨਾ ਟੁੱਟਣ ਤੇ ਕਈ ਵਾਰੀ ਬੱਚਾ ਡਰ ਦੇ ਮਾਰੇ ਰੋਣਾ ਸ਼ੁਰੂ ਕਰ ਦੇਂਦਾ ਏ। ਛੋਟੂ ਵੀ ਅਚਾਨਕ ਰੋਣ ਲੱਗ ਪਿਆ।

ਪੂਰੀ ਗੱਲ ਇੰਝ ਹੋਈ।

ਏਸ ਵਾਰ ਵੱਡੇ ਦਿਨਾਂ ਦੀਆਂ ਸੱਤ ਛੁੱਟੀਆਂ ਹੋਈਆਂ ਤਾਂ ਮੈਮ ਨੇ, ਛੋਟੂ ਦੀ ਡਰਾਇੰਗ ਦੀ ਕਾਪੀ ਤੇ ਰੁੱਖ ਦਾ ਇਕ ਤਣਾ ਬਣਾ ਦਿੱਤਾ ਪੈਨਸਲ ਨਾਲ। ਟਹਿਣੀਆਂ ਵੀ ਵਾਹ ਦਿੱਤੀਆਂ ਤੇ ਛੋਟੂ ਨੂੰ ਕਿਹਾ ਕਿ ਛੁੱਟੀਆਂ ਵਿਚ ਏਸ ਰੁੱਖ ਤੇ ਰੰਗ ਭਰੇ, ਟਹਿਣੀਆਂ ਤੇ ਪੱਤੇ ਬਣਾਏ ਅਤੇ ਪੱਤਿਆਂ ਵਿਚ ਕਿਤੇ-ਕਿਤੇ ਪੰਛੀ ਵੀ ਬੈਠੇ ਹੋਨ।

ਛੋਟੂ ਨੇ ਬਾਕੀ ਤਾਂ ਸਾਰਾ ਕੰਮ ਕਰ ਲਿਆ, ਬਸ ਉਸ ਤੋਂ ਪੰਛੀ ਨਹੀਂ ਬਣ ਰਹੇ ਸਨ। ਏਸ ਲਈ ਉਸ ਨੇ ਆਪਣੇ ਨਾਲੋਂ ਦੋ ਸਾਲ ਵੱਡੇ ਬੜਕੂ ਨੂੰ ਕਈ ਵਾਰੀ ਕਿਹਾ : "ਬੜਕੂ ਬਣਾ ਦੇ ਦੋ-ਚਾਰ ਪੰਛੀ ਮੇਰੇ ਰੁੱਖ 'ਤੇ।"

ਬੜਕੂ ਨੇ ਹਾਮੀ ਤਾਂ ਹਰ ਵਾਰ ਭਰੀ, ਪਰ ਪੰਛੀ ਨਾ ਬਣਾਏ। ਛੋਟੂ ਕਈ ਵਾਰੀ ਆਪਣੀ ਕਾਪੀ ਉਹਦੇ ਕੋਲ ਲੈ ਕੇ ਗਿਆ, ਪਰ ਉਹਨੇ ਨਜ਼ਰ ਪੁੱਟ ਕੇ ਵੀ ਉਹਦੇ ਵੱਲ ਨਾ ਵੇਖਿਆ।

ਇਕ ਵਾਰੀ ਛੋਟੂ ਬਹੁਤ ਹੀ ਪਿੱਛੇ ਪਿਆ ਤਾਂ ਉਸ ਨੇ ਕਹਿ ਦਿੱਤਾ :

"ਏਹ ਕੋਈ ਰੁੱਖ ਏ। ਰੁੱਖ ਦੇ ਪੱਤੇ ਵੇਖੇ ਨੇ ਕਦੀ ? ਨਾ ਪੱਤਿਆਂ ਵਾਲੀ ਸ਼ਕਲ, ਨਾ ਰੰਗ। ਏਨ੍ਹਾਂ ਪੱਤਿਆਂ ਵਿਚ ਪੰਛੀ ਕਿੱਦਾਂ ਆ ਕੇ ਬੈਠਣਗੇ ?" ਏਦਾਂ ਕਹਿੰਦਾ ਉਹ ਟਾਲਦਾ ਰਿਹਾ।

'ਹੁਣ ਕੱਲ੍ਹ ਸਕੂਲ ਖੁੱਲ੍ਹਣਾ ਏ। ਮੈਮ ਨਰਾਜ਼ ਹੋਵੇਗੀ। ਕਲਾਸ ਵਿਚ ਖੜ੍ਹਾ ਕਰ ਦੇਵੇਗੀ ਤਾਂ ਬੜੀ ਨਮੋਸ਼ੀ ਹੋਵੇਗੀ।' ਏਹੋ ਸੋਚ ਕੇ ਛੋਟੂ ਨੂੰ ਚਿੰਤਾ ਲੱਗੀ ਹੋਈ ਸੀ।

ਏਸ ਨਮੋਸ਼ੀ ਤੋਂ ਬਚਣ ਲਈ ਉਹਨੇ ਮਾਂ-ਪਿਉ ਦੀ ਸਿਫਾਰਸ਼ ਵੀ ਪਵਾਈ, ਪਰ ਬੜਕੂ ਨੇ ਨਾਂਹ ਫੜ ਲਈ ਤਾਂ ਫੜ ਲਈ।

ਗੁੱਸਾ ਤਾਂ ਛੋਟੂ ਨੂੰ ਆਉਣਾ ਹੀ ਸੀ।

'ਹੁਣ ਕੋਈ ਕੰਮ ਮੈਨੂੰ ਕਹਿ ਕੇ ਵੇਖੇ।'

ਇਕ ਤੇ ਬੜਕੂ ਸਕੂਲ ਜਾਂਦੇ ਹੋਏ, ਇਕ ਗੀਟੇ ਨੂੰ ਠੇਡੇ ਮਾਰ ਮਾਰ ਕੇ ਫੁੱਟਪਾਥ ਦੇ ਅਖੀਰ ਤਕ ਲੈ ਜਾਂਦਾ ਸੀ। ਗੀਟਾ ਫੁੱਟਪਾਥ ਤੋਂ ਥੱਲੇ ਡਿੱਗ ਪਏ ਤਾਂ ਉਹ ਛੋਟੂ ਹੀ ਚੁੱਕਦਾ ਸੀ।

ਦੂਸਰਾ, ਸਕੂਲੋਂ ਵਾਪਸੀ ਤੇ ਮੰਮਾ ਦੀ ਕਾਰ 'ਚੋਂ ਉਤਰਦਾ, ਬੜਕੂ ਆਪਣਾ ਬਸਤਾ ਤੇ ਟਿਫਨ ਕੈਰੀਅਰ ਨਹੀਂ ਸੀ ਚੁੱਕਦਾ। ਏਹ ਦੋਵੇਂ ਚੀਜ਼ਾਂ ਅੰਦਰ ਲਿਆ ਕੇ ਛੋਟੂ ਹੀ ਰੱਖਦਾ ਸੀ ਮੇਜ਼ 'ਤੇ।

'ਏਹ ਦੋਵੇਂ ਕੰਮ ਹੁਣ ਮੈਂ ਨਹੀਂ ਕਰਨੇ ਲਾਟ ਸਾਹਬ ਦੇ।' ਛੋਟੂ ਨੇ ਮਨ ਹੀ ਮਨ ਆਪਣੇ ਆਪ ਨਾਲ ਵਾਅਦਾ ਕੀਤਾ। 'ਕਰੀਂ ਬੱਚੂ ਹੁਣ ਆਪ ਹੀ।' ਛੋਟੂ ਨੇ ਬੜਕੂ ਵੱਲ ਘੂਰ ਕੇ ਵੇਖਦੇ ਹੋਏ, ਮਨ ਹੀ ਮਨ ਕਿਹਾ।

ਪਰ ਏਹਦੇ ਨਾਲ ਵੀ ਉਹਦਾ ਗੁੱਸਾ ਸ਼ਾਂਤ ਨਾ ਹੋਇਆ।

ਗੁੱਸਾ ਸ਼ਾਂਤ ਨਾ ਹੋਣ ਦੀ ਇਕ ਵਜ੍ਹਾ ਏਹ ਵੀ ਸੀ ਕਿ ਪੈਨਸਿਲ ਨਾਲ ਜੇਹੜਾ ਪੰਛੀ ਉਹ ਬਣਾ ਰਿਹਾ ਸੀ, ਉਹ ਬਣ ਨਹੀਂ ਸੀ ਰਿਹਾ। ਏਸ ਲਈ ਉਹ ਖਿਝਿਆ ਹੋਇਆ ਸੀ। ਦੂਜੇ ਏਹ ਕਿ ਲਾਗੇ ਹੀ ਬੈਠਾ ਬੜਕੂ ਇਕੱਲਾ ਹੀ ਕੈਰਮ ਖੇਡ ਰਿਹਾ ਸੀ। ਸਟ੍ਰਾਈਕਰ, ਦੇ ਗੀਟੀ ਨਾਲ ਵੱਜਦੇ ਹੀ 'ਖਟ-ਖਟ' ਦੀ ਆਵਾਜ਼ ਆਉਂਦੀ ਤਾਂ ਛੋਟੂ ਨੂੰ ਹੋਰ ਖਿਝ ਚੜ੍ਹਦੀ। ਜਿਵੇਂ ਖਟ-ਖਟ ਦੀ ਇਹ ਆਵਾਜ਼ ਹੀ ਉਹਦਾ ਪੰਛੀ ਨਹੀਂ ਬਣਨ ਦੇ ਰਹੀ।

'ਐਵੇਂ ਕੈਰਮ ਖੇਡਦਾ ਪਿਆ ਏ - ਏਹ ਨਹੀਂ ਕਿ ਮੇਰਾ ਪੰਛੀ ਬਣਾ ਦੇਵੇ।' ਉਹ ਮਨ ਹੀ ਮਨ ਸੋਚਦਾ ਖਿਝ ਰਿਹਾ ਸੀ।

"ਵੋ ਮਾਰਾ !" ਬੜਕੂ ਨੇ ਗੋਟੀ ਦੇ ਪੁੱਗ ਜਾਣ ਤੇ ਨਾਅਰਾ ਮਾਰਿਆ।

ਏਹ ਨਾਅਰਾ ਸੁਣਦੇ ਹੀ ਛੋਟੂ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਜਾ ਚੜ੍ਹਿਆ। ਉਹ ਗੁੱਸੇ 'ਚ ਭਰਿਆ ਹੋਇਆ ਉੱਠਿਆ - ਉਹਨੂੰ ਪਤਾ ਨਹੀਂ ਸੀ ਕਿ ਉਹਨੇ ਕੀ ਕਰਨਾ ਏ ?

ਪਹਿਲਾਂ ਤਾਂ ਉਹਨੂੰ ਬੜਕੂ ਦਾ ਬਸਤਾ ਦਿਖਾਈ ਦਿੱਤਾ, ਜੇਹੜਾ ਉਹਨੇ ਕੱਲ੍ਹ ਵਾਸਤੇ ਤਿਆਰ ਕਰ ਕੇ ਰੱਖਿਆ ਸੀ, ਉਹਨੂੰ ਕਿਧਰੇ ਛੁਪਾਣ ਲਈ ਚੁੱਕਿਆ। ਡੂੰਘੀ ਨੀਂਦਰੇ ਸੁੱਤੀ ਪਈ ਦਾਦੀ ਦੇ ਬਿਸਤਰੇ ਥੱਲਿਉਂ, ਉਹਦੇ ਟਰੰਕ ਦੀ ਚਾਬੀ ਕੱਢੀ, ਬਸਤਾ ਕੀਤਾ ਉਸ ਵਿਚ ਬੰਦ ਤੇ ਫੇਰ ਤਾਲਾ ਮਾਰ ਕੇ ਚਾਬੀ ਫੇਰ ਟਿਕਾਣੇ ਸਿਰ ਰੱਖੀ ਤੇ ਫੇਰ ਡਰਾਇੰਗ-ਰੂਮ ਵਿਚ ਇੰਝ ਆ ਕੇ ਬਹਿ ਗਿਆ ਜਿਵੇਂ ਉਸ ਨੇ ਕੁਝ ਕੀਤਾ ਹੀ ਨਾ ਹੋਵੇ।

ਆਪਣੀ ਏਸ ਸਫ਼ਲਤਾ ਤੇ ਉਹ ਬੜਾ ਖੁਸ਼ ਸੀ, ਪਰ ਗੁੱਸਾ ਅਜੇ ਠੰਡਾ ਨਹੀਂ ਸੀ ਹੋਇਆ।

ਉਹਨੇ ਵੇਖਿਆ ਕਿ ਬੜਕੂ ਨੇ ਟੀ.ਵੀ. ਤੇ ਆਪਣਾ ਮਨਪਸੰਦ ਕਾਰਟੂਨ ਚੈਨਲ ਲਾਇਆ ਹੋਇਆ ਸੀ। ਕੈਰਮ ਖੇਡਦਾ-ਖੇਡਦਾ ਵਿਚ ਵਿਚ ਉਹ ਕਾਰਟੂਨ ਵੀ ਵੇਖਣ ਲੱਗ ਪੈਂਦਾ ਸੀ।

ਛੋਟੂ ਨੇ ਮੌਕਾ ਤਾੜਿਆ ਤੇ ਚੈਨਲ ਬਦਲ ਦਿੱਤਾ।

ਚੈਨਲ ਬਦਲਿਆ ਵੇਖ ਕੇ ਬੜਕੂ ਨੂੰ ਚੜ੍ਹਿਆ ਗੁੱਸਾ ਤਾਂ ਉਹਨੂੰ ਹੋਰ ਤੇ ਕੁਝ ਨਾ ਸੁੱਝਾ, ਉਹਨੇ ਗੀਟੀਆਂ ਦੀ ਮੁੱਠ ਭਰੀ ਤੇ ਦੇ ਮਾਰੀ ਛੋਟੂ ਦੇ ਮੂੰਹ ਉਤੇ।

ਫੇਰ ਉਠ ਕੇ ਉਹਦੇ ਕੋਲੋਂ ਰੀਮੋਟ ਖੋਹਣ ਲੱਗਾ, ਤਾਂ ਏਸ ਖੋਹਾਖੋਹੀ ਵਿਚ ਰੀਮੋਟ ਦਾ ਇਕ ਹੋਰ ਬਟਨ ਦੱਬ ਗਿਆ ਤਾਂ ਛੋਟੂ ਨੇ ਵੇਖਿਆ ਕਿ ਟੀ.ਵੀ. ਦੀ ਸਕਰੀਨ ਤੇ ਇਕ ਆਤੰਕਵਾਦੀ ਇਕ ਆਦਮੀ ਦੀ ਧੌਣ ਤੇ ਛੁਰੀ ਰੱਖੀ ਖਲੋਤਾ ਸੀ।

ਛੋਟੂ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਸੀ ਹੀ। ਉਹਦੇ ਮਨ 'ਚ ਆਈ ਕਿ ਕਾਸ਼ ਐਸ ਵੇਲੇ ਮੇਰੇ ਹੱਥ ਵਿਚ ਛੁਰੀ ਹੋਵੇ ਤਾਂ ਬੜਕੂ ਦੀ ਧੌਣ 'ਤੇ ਰੱਖ ਦਿਆਂ ਤੇ ਆਖਾਂ, 'ਮੇਰੇ ਰੁੱਖ ਤੇ ਪੰਛੀ ਬਣਾ ਕੇ ਦਿੰਨੈਂ ਕਿ ਚਲਾਵਾਂ ਛੁਰੀ...'

ਉਹਨੇ ਏਧਰ-ਓਧਰ ਵੇਖਿਆ। ਛੁਰੀ ਤੇ ਕਿਧਰੇ ਦਿਖਾਈ ਦਿੱਤੀ ਨਾ। ਏਸ ਲਈ ਉਹ ਜਿੱਥੇ ਖਲੋਤਾ ਸੀ। ਉੱਥੇ ਈ ਫਸਕੜਾ ਮਾਰ ਕੇ ਬਹਿ ਗਿਆ।

ਤੇ ਫੇਰ ਅਚਾਨਕ ਏਹ ਹੋਇਆ ਕਿ ਉਹਨੇ ਭੁੱਬਾਂ ਮਾਰ ਕੇ ਰੋਣਾ ਸ਼ੁਰੂ ਕਰ ਦਿੱਤਾ।

ਉਹਦੇ ਰੋਣ ਦੀ ਆਵਾਜ਼ ਸੁਣ ਕੇ ਮਾਂ-ਪਿਉ ਵੀ ਦੂਜੇ ਕਮਰੇ 'ਚ ਆ ਗਏ।

"ਕੀ ਹੋਇਐ ? ਕੀ ਹੋਇਐ ?"

ਛੋਟੂ ਨੇ ਹੋਰ ਵੀ ਉੱਚੀ ਉੱਚੀ ਰੋਣਾ ਸ਼ੁਰੂ ਕਰ ਦਿੱਤਾ।

"ਤੈਨੂੰ ਬੜਕੂ ਨੇ ਮਾਰਿਆ ?"

ਛੋਟੂ ਨੇ ਨਾਂਹ ਵਿਚ ਸਿਰ ਹਿਲਾ ਦਿੱਤਾ।

ਫੇਰ ਓਹੋ ਹੀ ਭੁੱਬਾਂ। ਅੱਖਾਂ 'ਚੋਂ ਪਰਲ ਪਰਲ ਅੱਥਰੂ।

"ਮੈਂ ਪੰਛੀ ਬਣਾ ਦੇਨਾਂ ਯਾਰ ! ਲਿਆ ਦੇਹ ਆਪਣੀ ਕਾਪੀ।"

"ਮੈਂ ਪੰਛੀ ਨਹੀਂ ਬਣਵਾਉਣੇ" ਛੋਟੂ ਨੇ ਕਿਹਾ ਤੇ ਨਾਲ ਹੀ ਸਿਸਕੀਆਂ ਲੈਣ ਲੱਗ ਪਿਆ।

"ਹੋਇਆ ਕੀ ਐ ? ਕੁਝ ਤੇ ਬੋਲ !"

ਉਹਦਾ ਰੋਣਾ ਬੰਦ ਨਹੀਂ ਸੀ ਹੋ ਰਿਹਾ। ਕਾਫੀ ਦੇਰ ਬਾਅਦ ਜਦ ਮਨ ਕੁਝ ਸ਼ਾਂਤ ਹੋਇਆ ਤਾਂ ਉਹਨੇ ਟੁੱਟੇ-ਫੁੱਟੇ ਲਫਜ਼ਾਂ ਵਿਚ ਦੱਸਣਾ ਸ਼ੁਰੂ ਕੀਤਾ –

"ਮੈਂ...ਮੈਂ ਟੀ.ਵੀ. ਵਿਚ..."

"ਕੀ ਵੇਖਿਐ ਟੀ.ਵੀ. ਵਿਚ ?"

"ਮੇਰੇ ਦਿਲ ਵਿਚ ਆਇਆ ਕਿ ਆਤੰਕਵਾਦੀ ਵਾਂਗ ਮੈਂ ਵੀ ਬੜਕੂ ਦੇ ਗਲ 'ਤੇ ਰੱਖਾਂ ਛੁਰੀ ਤੇ ਆਖਾਂ...

...ਪਰ ਤੱਦੇ ਮੇਰੇ ਦਿਲ ਵਿਚ ਆਇਆ ਕਿ ਮੇਰੇ ਦਿਲ ਵਿਚ ਬੜਕੂ ਵਾਸਤੇ ਏਹ ਭੈੜੀ ਗੱਲ...ਬੜਕੂ ਤੇ ਮੇਰਾ ਭਰਾ ਏ...ਸਕ੍ਹਾ ਵੀਰ ! ਉਹਦੇ ਬਾਰੇ ਏਨੀ ਮਾੜੀ ਗੱਲ...! ਬਸ ਏਹੀ ਸੋਚ ਕੇ ਮੈਨੂੰ ਰੋਣਾ ਆ ਗਿਆ।"

ਉਹ ਫੇਰ ਰੋਣ ਲੱਗ ਪਿਆ। ਉਹਦੇ ਅੱਥਰੂ ਨਹੀਂ ਸਨ ਥੰਮ੍ਹ ਰਹੇ।

ਪਿਉ ਨੇ ਪਲ ਪਲ ਫਿੱਕੇ ਪੈਂਦੇ ਛੋਟੂ ਦੇ ਮੂੰਹ ਤੇ ਆਪਣੇ ਭਰਾ ਲਈ ਸੱਚੇ ਪਿਆਰ ਦੀ ਝਲਕ ਵੇਖੀ ਤਾਂ ਉਹਦੇ ਮੂੰਹੋਂ ਨਿਕਲਿਆ –

"ਸਾਡੇ ਪੁੱਤਰ ਨੂੰ ਤਾਂ ਅਕਲ ਆ ਗਈ ਏ। ਏਨ੍ਹਾਂ ਆਤੰਕਵਾਦੀਆਂ ਨੂੰ ਕਦ ਆਵੇਗੀ ? ਛੋਟੂ ਤਾਂ ਆਤੰਕ ਦਾ ਵਿਚਾਰ ਮਨ ਵਿਚ ਆਉਣ ਤੇ ਹੀ ਸ਼ਰਮਿੰਦਾ ਏ।"

ਪਰ ਆਤੰਕਵਾਦੀ ! ਉਹਨਾਂ ਨੂੰ ਤਾਂ ਖ਼ੂਨ ਦੀ ਹੋਲੀ ਖੇਡਦੇ ਹੋਏ ਵੀ ਸ਼ਰਮ ਨਹੀਂ ਆਉਂਦੀ।

# ਕੋਈ ਹੱਲ ਨਜ਼ਰ ਨਹੀਂ ਆਉਂਦਾ

ਬੁੱਢੇ ਧੜਾਧੜ ਬੀਮਾਰ ਪੈਣ ਲੱਗ ਪਏ।

ਬੀਮਾਰੀ ਇਕੋ ਸੀ। ਪਿਸ਼ੌਰ ਤੋਂ ਲੈ ਕੇ ਵਾਘੇ ਤਕ ਤੇ ਵਾਘੇ ਤੋਂ ਲੈ ਕੇ ਹਿੰਦੋਸਤਾਨ ਦੀਆਂ ਸਾਰੀਆਂ ਹੱਦਾਂ ਤਕ।

ਉਂਜ ਏਸ ਬੀਮਾਰੀ ਦੇ ਜਰਾਸੀਮ ਉਸ ਵਕਤ ਤੋਂ ਪਨਪਣੇ ਸ਼ੁਰੂ ਹੋ ਗਏ ਸਨ ਜਦੋਂ ਮੁਲਕ ਦੀ ਵੰਡ ਦੇ ਵੇਲੇ, ਆਪਣੇ ਘਰ, ਰਿਸ਼ਤੇ-ਨਾਤੇ, ਯਾਰ-ਦੋਸਤ ਬਚਪਨ ਦੀਆਂ ਗਲੀਆਂ ਛੱਡ ਕੇ, ਲੱਖਾਂ ਲੋਕੀਂ ਸਰਹੱਦ ਪਾਰ ਕਰ ਕੇ, ਹਮੇਸ਼ਾਂ ਲਈ ਅਨਜਾਣ ਇਲਾਕਿਆਂ ਤੇ ਅਨਜਾਣ ਲੋਕਾਂ ਵਿਚ ਜਾ ਕੇ ਵੱਸਣ ਲਈ ਮਜਬੂਰ ਹੋ ਗਏ ਸਨ।

ਸਰਹੱਦ ਦੇ ਏਸ ਪਾਰ ਵੀ ਤੇ ਸਰਹੱਦ ਦੇ ਉਸ ਪਾਰ ਵੀ।

ਨਵੀਆਂ ਥਾਵਾਂ 'ਤੇ ਰਹਿੰਦਿਆਂ ਪੁਰਾਣੇ ਦਿਨਾਂ ਦੀਆਂ ਯਾਦਾਂ ਫੁਹਾਰਾਂ ਬਣ ਕੇ ਵਰ੍ਹਦੀਆਂ ਤਾਂ ਉਨ੍ਹਾਂ ਦੇ ਤਨ-ਬਦਨ 'ਚ ਅੱਗ ਲੱਗ ਜਾਂਦੀ। ਅੱਖਾਂ 'ਚੋਂ ਅੱਥਰੂ ਵਗ ਵਗ ਕੇ ਏਸ ਅੱਗ ਨੂੰ ਠੰਡਾ ਕਰਦੇ ਤਾਂ ਜਾ ਕੇ ਕੁਝ ਚੈਨ ਪੈਂਦਾ।

ਨਵੀਆਂ ਜ਼ਮੀਨਾਂ ਤੇ ਪੈਰ ਜਮਾਣ ਦੀ ਭੱਜ-ਨੱਠ ਵਿਚ ਏਹ ਯਾਦਾਂ ਫਿੱਕੀਆਂ ਪੈਣ ਲੱਗੀਆਂ ਤਾਂ ਏਸ ਬੀਮਾਰੀ ਦੇ ਜਰਾਸੀਮ ਕੁਝ ਕਮਜ਼ੋਰ ਪੈ ਗਏ।

ਪਰ ਜ਼ਿੰਦਗੀ ਦੀ ਸ਼ਾਮ ਆਈ, ਜਿਸਮ ਕਮਜ਼ੋਰ ਹੋਏ ਤਾਂ ਏਸ ਬੀਮਾਰੀ ਦੇ ਜਰਾਸੀਮਾਂ ਨੇ ਪਹਿਲਾਂ ਨਾਲੋਂ ਵੀ ਵੱਧ ਤਾਕਤਵਰ ਹੋ ਕੇ ਹਮਲਾ ਕਰ ਦਿੱਤਾ।

ਪੁਰਾਣੀਆਂ ਯਾਦਾਂ ਦੀਆਂ ਚਿੰਗਾਰੀਆਂ ਜਿੰਨੀਆਂ ਚਮਕਦੀਆਂ, ਓਨੀ ਹੀ ਉਹਨਾਂ ਦੇ ਦਿਮਾਗ ਤੇ ਉਦਾਸੀ ਛਾ ਜਾਂਦੀ। ਏਸ ਉਦਾਸੀ ਦੇ ਮਾਯੂਸੀ ਵਿਚ ਬਦਲਦੇ ਹੀ ਬੁੱਢੇ ਮਹਾਂਮਾਰੀ ਦਾ ਸ਼ਿਕਾਰ ਹੋਣ ਲੱਗੇ।

ਸਰਦਾਰ ਹਰਬੰਸ ਸਿੰਘ ਨੂੰ ਕੰਬਣੀ ਛਿੜ ਕੇ ਬੁਖਾਰ ਆਉਂਦਾ ਏ। ਦੋ-ਚਾਰ ਦਿਨ ਬੁਖਾਰ ਉਤਰਦਾ ਏ ਤੇ ਫੇਰ ਆ ਜਾਂਦਾ ਏ। ਦਿਨ-ਬ-ਦਿਨ ਕਮਜ਼ੋਰ ਹੁੰਦੇ ਜਾਂਦੇ ਨੇ।

"ਮਾਰ ਸੁੱਟਿਆ ਓਏ ਇਸ ਬੁਖਾਰ ਨੇ !"

"ਆਪਣੇ ਪਿੱਛੇ ਬੁਖਾਰ ਆਉਂਦਾ ਸੀ ਤਾਂ ਕਾਠੇ ਗੰਨੇ ਛਿੱਲ ਕੇ ਛੱਤ 'ਤੇ

ਸੁੱਟ ਦਈਦੇ ਸੀ। ਰਾਤ ਭਰ ਤ੍ਰੇਲ ਵਿਚ ਭਿੱਜਦੇ। ਸਵੇਰੇ ਉਹਨਾਂ ਗੰਨਿਆਂ ਨੂੰ ਚੂਪਦੇ ਸਾਂ ਤਾਂ ਬੁਖਾਰ ਰਫੂਚੱਕਰ ਹੋ ਜਾਂਦਾ ਸੀ ਜਾਂ ਫਿਰ ਹਕੀਮ ਜੀ ਨਬਜ਼ ਟੋਹ ਕੇ, ਕੋਈ ਸ਼ਰਬਤ ਪਿਆ ਦੇਂਦੇ ਸਨ ਤਾਂ ਮੁਰਦਾ ਵੀ ਜੀ ਉਠਦਾ ਸੀ।"

ਏਹ ਕਹਿੰਦੇ ਹੋਏ ਕਲਪਨਾ ਹੀ ਕਲਪਨਾ ਵਿਚ ਪਾਕਿਸਤਾਨ ਵਿਚ ਛੱਡੇ ਆਪਣੇ ਘਰ ਦੀ ਛੱਤ 'ਤੇ ਖਲੋ ਕੇ ਗੰਨੇ ਚੂਪਣ ਦੀ ਕੋਸ਼ਿਸ਼ ਕਰਦੇ ਤਾਂ ਰੌ ਨਾ ਮਿਲਣ ਦੀ ਵਜ੍ਹਾ ਨਾਲ ਉਹਨਾਂ ਦਾ ਮੂੰਹ ਕੌੜਾ ਹੋ ਜਾਂਦਾ। ਮੂੰਹ ਕੌੜਾ ਨਾ ਹੋਵੇ ਤਾਂ ਕੀ ਹੋਵੇ ? ਕਾਠੇ ਗੰਨਿਆਂ ਦੀ ਸ਼ਕਲ ਵੇਖੇ ਹੀ ਜੁੱਗੜੇ ਬੀਤ ਗਏ ਨੇ।

ਅਤੇ ਇਹ ਕੜਵਾਹਟ ਉਹਨਾਂ ਦੇ ਸਰੀਰ ਦੇ ਅੰਗ ਅੰਗ ਵਿਚ ਪੱਸਰ ਜਾਂਦੀ, ਦਿਲ ਡੁੱਬਣ ਲਗਦਾ ਅਤੇ ਉਹ ਮਹਿਸੂਸ ਕਰਦੇ ਕਿ ਹੁਣ ਉਹ ਨਹੀਂ ਬਚਣਗੇ।

"ਓਏ ਚੈਨ ਸਿਆਂ," ਉਹ ਆਪਣੇ ਪੁੱਤਰ ਨੂੰ ਆਵਾਜ਼ ਦੇਂਦੇ।

"ਜੇ ਮੈਂ ਮਰ ਜਾਵਾਂ ਤਾਂ ਮੇਰੀ ਚਿਤਾ ਦੀ ਸਵਾਹ ਗੰਗਾ ਵਿਚ ਸੁੱਟਣ ਦੀ ਥਾਂ ਕਿਸੇ ਤਰ੍ਹਾਂ ਮੇਰੇ ਪਿੰਡ ਪੁਚਾ ਦੇਵੀਂ।"

ਪੁੱਤਰ ਸਮਝਦਾ ਏ ਕਿ ਬਾਪੂ ਦਾ ਬੁਖਾਰ ਸਿਰ ਨੂੰ ਚੜ੍ਹ ਗਿਆ ਏ। ਏਸੇ ਲਈ ਊਲ-ਜਲੂਲ ਗੱਲਾਂ ਕਰ ਰਹੇ ਨੇ। ਸਿਆਣੇ-ਬਿਆਣੇ ਹੋ ਕੇ ਏਹ ਨਹੀਂ ਸਮਝਦੇ ਕਿ ਸਰਹੱਦ ਪਾਰ ਕੌਣ ਲੈਜਾਣ ਦੇਵੇਗਾ ਉਹਨਾਂ ਦੀ ਸਵਾਹ ਨੂੰ।

ਏਹ ਤਾਂ ਬੇਟੇ ਦੀ ਸੋਚ ਹੈ, ਜੇਹੜਾ ਏਧਰ ਦਾ ਜੰਮਪਲ ਹੈ। ਉਹ ਕੀ ਸਮਝੇਗਾ ਆਪਣੇ ਪਿਉ ਦੀ ਪੀੜ, ਜੇਹੜੇ ਏਸ ਵੇਲੇ ਆਪਣੇ ਲਖਨਊ ਦੇ ਆਲੀਸ਼ਾਨ ਘਰ ਵਿਚ ਬੜੇ ਆਰਾਮਦੇਹ ਕਮਰੇ ਵਿਚ ਰਹਿ ਰਹੇ ਨੇ; ਪਰ ਉਹ ਕਲਪਨਾ ਹੀ ਕਲਪਨਾ ਵਿਚ, ਆਪਣੇ ਉਸ ਘਰ ਦੇ ਵਿਹੜੇ ਵਿਚ ਜਾ ਬੈਠੇ ਨੇ, ਜਿਥੇ ਕੱਚੇ ਵਿਹੜੇ ਵਿਚ ਦਾਦੀ ਪੋਚਾ ਫੇਰਦੀ ਸੀ, ਤਾਂ ਸਾਰਾ ਵਿਹੜਾ ਮਹਿਕ ਉੱਠਦਾ ਸੀ।

ਏਹੋ ਹਾਲ ਮੌਲਾ ਬਖ਼ਸ਼ ਦਾ ਏ। ਉਹ ਗਏ ਤਾਂ ਸਨ, ਉਨਾਓ ਜ਼ਿਲ੍ਹੇ ਦੇ ਛੋਟੇ ਜਿੰਨੇ ਕਸਬੇ ਨਵਾਬ ਗੰਜ ਤੋਂ, ਤੇ ਹੁਣ ਐਬਟਾਬਾਦ ਦੇ ਬਾਹਰੀ ਇਲਾਕੇ ਵਿਚ ਇਕ ਬੜੇ ਵੱਡੇ ਫਾਰਮ ਹਾਊਸ ਵਿਚ ਰਹਿੰਦੇ ਨੇ।

ਉਹ ਏਸ ਮਹਾਂਮਾਰੀ ਦਾ ਸ਼ਿਕਾਰ ਹੋਏ ਤਾਂ ਉਹਨਾਂ ਨੂੰ ਥੋੜ੍ਹੇ ਥੋੜ੍ਹੇ ਵਕਫ਼ੇ ਬਾਅਦ ਆਪਣੀ ਦਾਦੀ ਦੇ ਇਲਾਜ ਦੀਆਂ ਗੱਲਾਂ ਚੇਤੇ ਆਉਂਦੀਆ ਨੇ, ਜਿਨ੍ਹਾਂ ਨੂੰ ਲਾਗੇ-ਚਾਗੇ ਦੇ ਲੋਕ ਬੇਗਮ ਸਾਹਿਬਾ ਕਹਿ ਕੇ ਸੱਦਦੇ ਹੁੰਦੇ ਸਨ।

ਗੱਲ ਮੌਲਾ ਬਖ਼ਸ਼ ਦੀ ਪੈਦਾਇਸ਼ ਤੋਂ ਪਹਿਲਾਂ ਦੀ ਏ। ਪਰ ਏਨਾਂ ਚਿਰ

ਬੀਤ ਜਾਣ ਦੇ ਬਾਅਦ ਵੀ, ਉਹ ਉਹਨਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਚੁੱਕੀ ਏ।

ਹੋਇਆ ਏਹ ਸੀ ਕਿ ਬੇਗਮ ਸਾਹਿਬਾ ਦੇ ਬੀਮਾਰ ਪੈਣ ਤੇ ਡਾਕਟਰਾਂ ਨੇ ਕਹਿ ਦਿੱਤਾ ਕਿ ਹੁਣ ਏਨ੍ਹਾਂ ਨੂੰ ਦਵਾ ਦੀ ਨਹੀਂ, ਦੁਆ ਦੀ ਲੋੜ ਹੈ। ਤੱਦੇ ਬੇਗਮ ਸਾਹਿਬਾ ਦੇ ਸ਼ੌਹਰ ਨੂੰ ਵੈਦ ਫ਼ਕੀਰ ਚੰਦ ਦੀ ਯਾਦ ਆਈ, ਜਿਨ੍ਹਾਂ ਦੇ ਚੇਹਰੇ ਤੇ ਬੁਢਾਪੇ ਵਿਚ ਵੀ ਜਵਾਨੀ ਦਗ ਦਗ ਕਰਦੀ ਚਮਕਦੀ ਪਈ ਸੀ।

ਵੈਦ ਜੀ ਆਏ ਤਾਂ ਬੇਗਮ ਸਾਹਿਬਾ, ਚੂੰਕਿ ਸਾਰੀ ਉਮਰ ਪਰਦੇ ਵਿਚ ਰਹਿੰਦੀ ਆਈ ਸੀ, ਏਸ ਲਈ ਸੋਚਿਆ ਗਿਆ ਕਿ ਹੁਣ ਆਖਰੀ ਵੇਲੇ ਵੀ ਇਹ ਰਸਮ ਕਿਉਂ ਤੋੜੀ ਜਾਏ ?

ਸੋ ਪਰਦੇ ਦੇ ਪਿੱਛੋਂ ਪੰਡਤ ਫ਼ਕੀਰ ਚੰਦ ਨੇ ਧਾਗੇ ਦੇ ਦੂਸਰੇ ਸਿਰੇ ਨੂੰ ਉਹਨਾਂ ਦੀ ਕਲਾਈ ਤੇ ਬੰਨ੍ਹਵਾ ਕੇ ਨਬਜ਼ ਦੀਆਂ ਧੜਕਣਾਂ ਨੂੰ ਸੁਣਿਆ, ਫੇਰ ਥੈਲੇ ਵਿਚੋਂ ਇਕ ਪੁੜੀ ਕੱਢ ਕੇ ਦਿੱਤੀ ਕਿ ਏਹ ਇਕ ਚਮਚ ਸ਼ਹਿਦ 'ਚ ਮਿਲਾ ਕੇ ਖਿਲਾ ਦਿੱਤੀ ਜਾਵੇ।

ਏਧਰ ਚੁਟਕੀ ਭਰ ਦਵਾਈ ਗਲੇ ਤੋਂ ਥੱਲੇ ਉਤਰੀ ਤਾਂ ਬੇਗਮ ਸਾਹਿਬਾ ਨੇ ਅੱਖਾਂ ਖੋਲ੍ਹ ਕੇ ਜ਼ਿੰਦਗੀ ਵੱਲ ਪਰਤਣ ਦਾ ਇਸ਼ਾਰਾ ਕਰ ਦਿੱਤਾ।

ਏਦਾਂ ਹੀ ਦੋ-ਚਾਰ ਪੁੜੀਆਂ ਹੋਰ ਤੇ ਉਸ ਦੇ ਇਕ ਹਫ਼ਤੇ ਬਾਅਦ, ਬੇਗਮ ਸਾਹਿਬਾ ਪਾਲਕੀ ਵਿਚ ਬਹਿ ਕੇ ਵੈਦ ਫ਼ਕੀਰ ਚੰਦ ਦਾ ਸ਼ੁਕਰੀਆ ਅਦਾ ਕਰਨ ਪਹੁੰਚ ਗਈ।

ਹੁਣ ਬਿਸਤਰੇ 'ਤੇ ਪਏ ਮੌਲਾ ਬਖ਼ਸ਼ ਦੇ ਮੂੰਹੋਂ ਇਕੋ ਹੀ ਗੱਲ ਨਿਕਲਦੀ ਏ, "ਬੁਲਾਉ ਪੰਡਤ ਫ਼ਕੀਰ ਚੰਦ ਨੂੰ। ਉਹੋ ਮੇਰਾ ਇਲਾਜ ਕਰ ਸਕਦੈ।"

ਏਸ ਤਰ੍ਹਾਂ ਏਹ ਬੀਮਾਰੀ, ਕਈ ਤਰ੍ਹਾਂ ਬੁੱਢਿਆਂ ਨੂੰ ਨਿਢਾਲ ਕਰ ਰਹੀ ਏ। ਇਕ ਸਾਹਿਬ ਨੂੰ ਮੈਂ ਜਾਣਦਾ ਹਾਂ। ਉਹ ਝਨਾਂ ਦੇ ਕੰਢਿਓਂ, ਕਿਸੇ ਪਿੰਡ 'ਚੋਂ ਉਠ ਕੇ ਏਸ ਪਾਸੇ ਆਏ ਸਨ। ਉਹ ਸਵੇਰੇ ਸੈਰ ਕਰਨ ਲਈ ਏਥੋਂ ਦੀਆਂ ਸੜਕਾਂ 'ਤੇ ਤੁਰਦੇ ਹੋਏ ਝਨਾਂ ਵੱਲ ਜਾਣ ਵਾਲੀ ਪੁਰਾਣੀ ਰਾਹ ਨੂੰ ਨਾਪਦੇ ਰਹਿੰਦੇ ਨੇ। ਤੇ ਜਦ...

ਝਨਾਂ ਵਲੋਂ ਆਉਣ ਵਾਲੀ ਹਵਾ ਦਾ ਕੋਈ ਝੋਂਕਾ, ਹੀਰ ਦੀਆਂ ਬਾਹਵਾਂ ਬਣ ਕੇ ਏਸ ਰਾਂਝੇ ਦੇ ਦੁਆਲੇ ਨਹੀਂ ਲਿਪਟਦਾ ਤਾਂ ਉਹਨਾਂ ਵਾਸਤੇ ਏਥੋਂ ਦੀਆਂ ਸੜਕਾਂ 'ਤੇ ਕੰਡੇ ਵਿਛ ਜਾਂਦੇ ਨੇ। ਏਨ੍ਹਾਂ ਕਾਲਪਨਿਕ ਕੰਡਿਆਂ ਨਾਲ ਲਹੂ-ਲੁਹਾਣ ਹੁੰਦੇ ਹੀ ਅੱਖਾਂ 'ਚੋਂ ਟੱਪ-ਟੱਪ ਅੱਥਰੂ ਕਿਰਨ ਲੱਗ ਪੈਂਦੇ ਨੇ। ਤੇ ਏਨ੍ਹਾਂ ਅੱਥਰੂਆਂ ਨੂੰ ਪੂੰਝਣ ਵਾਲਾ ਕੋਈ ਨਹੀਂ ਹੁੰਦਾ।

ਏਸੇ ਤਰ੍ਹਾਂ ਲਾਹੌਰ ਦੀ ਫੁੱਲਾਂ ਵਾਲੀ ਗਲੀ ਦੇ ਸਿਰੇ ਤੇ ਚੌਗਾਨ ਦੇ ਉਸ

ਪਾਸੇ ਜੇਹੜਾ ਤਿੰਨ ਮੰਜ਼ਿਲਾ ਮਕਾਨ ਹੈ, ਉਹਦੀ ਗੈਲਰੀ 'ਚ ਬੈਠੇ ਬੈਠੇ ਬੁੱਢੇ ਅੱਬੂ ਦੀਆਂ ਅੱਖਾਂ 'ਚੋਂ ਟੱਪ-ਟੱਪ ਅੱਥਰੂ ਵਗਦੇ ਰਹਿੰਦੇ ਨੇ।

ਪੁੱਤਰ, ਨੂੰਹਾਂ ਪੁੱਛਦੇ ਨੇ ਤਾਂ ਪਤਾ ਲੱਗਦਾ ਏ ਕਿ ਉਹਨਾਂ ਦਾ ਦਿਲ ਬੁਲੰਦਸ਼ਹਿਰ ਦੀ ਉਸ ਮਸਜਿਦ ਵਿਚ ਨਮਾਜ਼ ਪੜ੍ਹਨ ਨੂੰ ਕਰਦਾ ਏ ਜਿਸ ਦੇ ਹੌਜ਼ ਵਿਚ ਉਹ ਵੁਜ਼ੂ ਕਰਦੇ ਸਨ ਤਾਂ ਚਿੜੀਆਂ ਵੀ ਚੂੰ ਚੂੰ ਕਰਦੀਆਂ ਪਾਣੀ ਪੀਣ ਆ ਜਾਂਦੀਆਂ ਸਨ।

ਏਹ ਦੱਸਦੇ ਹੋਏ, ਅੱਬੂ ਕਲਪਨਾ ਹੀ ਕਲਪਨਾ ਵਿਚ ਬੁਲੰਦਸ਼ਹਿਰ ਪਹੁੰਚ ਗਏ। ਚਿੜੀਆਂ ਨੂੰ ਉਸੇ ਤਰ੍ਹਾਂ ਪਾਣੀ ਪੀਂਦਿਆਂ ਵੇਖ ਕੇ ਉਹਨਾਂ ਦੀਆਂ ਝੁਰੜੀਆਂ ਵਿਚ ਮੁਸਕਾਨ ਖਿੱਚ ਗਈ ਅਤੇ ਉਹਨਾਂ ਦੱਸਿਆ –

"ਇਕ ਵਾਰ ਇਕ ਨਮਾਜ਼ੀ ਕਹਿਣ ਲੱਗਾ, ਖ਼ੁਦਾ ਦੀ ਕਸਮ, ਜਦ ਮੈਂ ਸਜਦੇ ਵਿਚ ਗਿਆ ਤਾਂ ਨਮਾਜ਼ੀਆਂ ਦੀਆਂ ਕਤਾਰਾਂ ਵਿਚ ਫੁਦਕਦੀ ਇਕ ਚਿੜੀ ਵੀ ਸਜਦਾ ਕਰ ਰਹੀ ਸੀ।"

ਏਹ ਕਹਿੰਦੇ ਹੋਏ ਉਹਨਾਂ ਨੇ ਇਕ ਵਾਰ ਦੂਰ ਅਸਮਾਨ ਵੱਲ ਵੇਖਿਆ। ਪਰ ਉਥੇ ਉੱਚੇ ਉੱਚੇ ਘਰਾਂ ਉਪਰੋਂ ਲੰਘਦੀਆਂ ਬਿਜਲੀ ਦੀਆਂ ਤਾਰਾਂ ਦੇ ਪਿੱਛੇ ਲਾਹੌਰ ਦਾ ਨੀਲਾ ਅਸਮਾਨ ਪੱਸਰਿਆ ਹੋਇਆ ਸੀ।

ਹਜ਼ਾਰਾਂ ਮੀਲ ਦੂਰ ਬੁਲੰਦਸ਼ਹਿਰ ਦੀ ਉਹ ਮਸੀਤ ਕਿਤੇ ਦਿਖਾਈ ਨਾ ਦਿੱਤੀ ਤਾਂ ਉਹਨਾਂ 'ਤੇ ਫੇਰ ਉਦਾਸੀ ਛਾ ਗਈ ਤੇ ਦਿਲ ਦੀ ਪੀੜ, ਅੱਥਰੂ ਬਣ ਕੇ ਪਲਕਾਂ ਵਿਚ ਡਲ੍ਹਕਣ ਲੱਗੀ।

ਬੁੱਢੇ ਦੇ ਚੇਹਰੇ ਤੇ ਛਲਕਦੀਆਂ ਅੱਖਾਂ ਦੇ ਪਿੱਛੇ ਹੋ ਰਹੀ ਪੀੜ ਨੂੰ ਨਹੀਂ ਸਮਝ ਪਾਂਦੇ ਉਹਨਾਂ ਦੇ ਪੁੱਤਰ ਤੇ ਨੂੰਹਾਂ।

ਖਿਚੜੀ ਪੱਕੀ ਹੈ ਜਾਂ ਨਹੀਂ, ਏਸ ਲਈ ਸਿਰਫ ਦੋ ਦਾਣੇ ਹੀ ਦੇਖੇ ਜਾਂਦੇ ਨੇ। ਮੈਂ ਵੀ ਸਿਰਫ ਚਾਰ ਬੀਮਾਰਾਂ ਦਾ ਜ਼ਿਕਰ ਕੀਤਾ ਏ ਜਦਕਿ ਅਸਲੀਅਤ ਇਹ ਹੈ ਕਿ ਸੱਤਰ-ਪਚੱਤਰ ਦੇ ਉਪਰ ਜਿੰਨੇ ਵੀ ਬੁੱਢੇ ਨੇ, ਸਰਹੱਦ ਦੇ ਇਸ ਪਾਰ ਜਾਂ ਉਸ ਪਾਰ, ਸਾਰੇ ਦੇ ਸਾਰੇ ਇਸ ਬੀਮਾਰੀ ਦਾ ਸ਼ਿਕਾਰ ਨੇ।

ਇਹਦਾ ਮਤਲਬ ਇਹ ਕਿ
ਜਿਸਮ ਏਸ ਪਾਸੇ ਤੇ ਦਿਮਾਗ ਉਸ ਪਾਸੇ
ਦੋਵੇਂ ਪਾਸੇ ਅੱਥਰੂ, ਦੋਵੇਂ ਪਾਸੇ ਹਾਵੇ
ਤੇ ਇਲਾਜ ਦੀ ਕੋਈ ਸੂਰਤ ਨਜ਼ਰ ਨਹੀਂ ਆਉਂਦੀ।

ਏਸ ਸਿਲਸਿਲੇ ਵਿਚ ਇਕ ਮਿਥਿਹਾਸਕ ਕਹਾਣੀ ਯਾਦ ਆ ਰਹੀ ਏ। ਸ਼ਿਵ ਜੀ ਕਹਾਣੀ ਸੁਣਾ ਰਹੇ ਸਨ ਤੇ ਪਾਰਵਤੀ ਜੀ ਸੁਣ ਰਹੇ ਸਨ।

ਇਕ ਗਣ ਨੇ ਚੋਰੀ-ਛੁਪੇ ਛੋਟੇ ਜਿੰਨੇ ਕੀੜੇ ਦਾ ਰੂਪ ਧਾਰ ਕੇ ਇਹ ਕਹਾਣੀ ਸੁਣ ਲਈ।

ਸ਼ਿਵ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਉਸ ਗਣ ਨੂੰ ਸਰਾਪ ਦੇ ਦਿੱਤਾ ਤੇ ਕਿਹਾ, "ਹੁਣ ਤੂੰ ਸਵਰਗ ਲੋਕ ਦਾ ਅਧਿਕਾਰੀ ਨਹੀਂ ਰਿਹਾ। ਜਾ ਮਾਤਲੋਕ ਵਿਚ ਜਾ ਕੇ ਰਹੁ।"

"ਮਹਾਰਾਜ ! ਤੁਹਾਡਾ ਹੁਕਮ ਸਿਰ-ਮੱਥੇ 'ਤੇ। ਕੋਈ ਐਸਾ ਉਪਾਅ ਵੀ ਦੱਸ ਦਿਉ ਕਿ ਜਿਸ ਨਾਲ ਮੈਂ ਮੁੜ ਸਵਰਗ ਵਿਚ ਆ ਸਕਾਂ।"

"ਏਹ ਕਹਾਣੀ ਤੂੰ ਜਾ ਕੇ ਦੁਨੀਆਂ ਨੂੰ ਸੁਣਾ ਤਾਂ ਤੂੰ ਦੁਬਾਰਾ ਸਵਰਗ ਵਿਚ ਪਰਤਣ ਦਾ ਹੱਕਦਾਰ ਬਣ ਜਾਵੇਂਗਾ।"

ਕਹਿੰਦੇ ਨੇ ਸ਼ਿਵ ਜੀ ਦਾ ਗਣ ਧਰਤੀ ਤੇ ਆਇਆ
ਸੋਮਦੇਵ ਨਾਂਅ ਧਰਾਇਆ
ਕਥਾ ਸਰਿਤ ਸਾਗਰ ਦੁਨੀਆਂ ਨੂੰ ਸੁਣਾਈ
ਏਸ ਤਰ੍ਹਾਂ ਉਹਨੇ ਮੁਕਤੀ ਪਾਈ
ਤੇ ਸਵਰਗ ਲੋਕ ਫੇਰ ਹੋ ਗਈ ਉਹਦੀ ਰਸਾਈ।

ਏਸ ਮਿਥਹਾਸਕ ਕਥਾ ਨੂੰ ਸਾਮ੍ਹਣੇ ਰੱਖ ਕੇ ਏਨ੍ਹਾਂ ਲੱਖਾਂ ਬੁੱਢਿਆਂ ਬਾਰੇ ਸੋਚਦਾ ਹਾਂ ਤਾਂ ਖਿਆਲ ਆਉਂਦਾ ਏ

ਕਿ ਏਨ੍ਹਾਂ ਤੇ ਮਹਾਂਮਾਰੀ ਕਿਉਂ ਆਈ ਏ
ਏਨ੍ਹਾਂ ਨੇ ਕਿਸ ਜੁਰਮ ਦੀ ਸਜ਼ਾ ਪਾਈ ਏ
ਸ਼ਿਵ ਜੀ ਦੇ ਗਣ ਵਾਂਗ ਏਨ੍ਹਾਂ ਨੇ ਤਾਂ ਕੋਈ ਪਾਪ ਨਹੀਂ ਕੀਤਾ
ਫੇਰ ਏਨ੍ਹਾਂ ਨੂੰ ਏਨ੍ਹਾਂ ਦੇ ਸਵਰਗ 'ਚੋਂ ਕਿਉਂ ਕੱਢਿਆ ਗਿਆ ?
ਮੇਰੀ ਕਹਾਣੀ ਏਸ ਸਵਾਲੀਆ ਨਿਸ਼ਾਨ ਤੇ ਆ ਕੇ ਅਟਕ ਗਈ ਏ
ਕੋਈ ਹੱਲ ਨਜ਼ਰ ਨਹੀਂ ਆਉਂਦਾ
ਏਸੇ ਲਈ ਏਹ ਸਤਰਾਂ ਲਿਖਦੇ ਹੋਏ ਮੇਰਾ ਕਲਮ ਰੋ ਰਿਹਾ ਏ
ਏਹ ਵੀ ਏਸੇ ਬੀਮਾਰੀ ਦਾ ਸ਼ਿਕਾਰ ਹੋ ਗਿਆ ਏ।

# ਬਾਬਾ ਮਾਖੇ ਤੇ ਬਾਬਾ ਨੱਬੋ

ਬਾਬੇ ਨੱਬੋ ਤੇ ਮਾਖੇ ਦੀ ਲੜਾਈ
ਤੇ ਸਾਰਾ ਪਿੰਡ ਪਿੰਡ ਤਮਾਸ਼ਾਈ।
ਜਿੰਨਾ ਚਿਰ ਜੀਉਂਦੇ ਰਹੇ, ਆਪੋ ਵਿਚ ਖਹਿੰਦੇ ਰਹੇ
ਪਰ ਸਾਰੀ ਉਮਰ ਇਕੋ ਘਰ ਵਿਚ ਰਹਿੰਦੇ ਰਹੇ।

ਏਨ੍ਹਾਂ ਦੀਆਂ ਗਾਲ੍ਹੀਆਂ, ਖੁਦਾ ਦੀ ਪਨਾਹ ! ਏਨੀਆਂ ਗੰਦੀਆਂ ਕਿ ਘੁਮਿਆਰਨ ਰਹਿਮਤੇ ਕਹਿੰਦੀ :

"ਵੇ ਟੁੱਟ ਪੈਣਿਓ ! ਤੁਹਾਨੂੰ ਜੇਹੜੀ ਕੱਲ੍ਹ ਆਉਂਦੀ ਏ ਅੱਜ ਹੀ ਆ ਜਾਏ। ਕਬਰਾਂ 'ਚ ਪੈਰ ਲਟਕਾਈ ਬੈਠੇ ਓ। ਜੇ ਤੁਹਾਨੂੰ ਖੁਦਾ ਦਾ ਖ਼ੌਫ਼ ਨਹੀਂ ਤਾਂ ਆਪਣੇ ਬੂਥੇ ਖੋਲ੍ਹਣ ਤੋਂ ਪਹਿਲਾਂ ਏਹ ਤੇ ਦੇਖ ਲਿਆ ਕਰੋ ਕਿ ਕੋਈ ਧੀ-ਭੈਣ ਤਾਂ ਲਾਗੇ ਨਹੀਂ। ਤੁਹਾਡਾ ਕੱਖ ਨਾ ਰਹੇ – ਇਕ ਦੂਜੇ ਨੂੰ ਨੌਲਦੇ ਅੰਨ੍ਹੇ ਹੋ ਜਾਂਦੇ ਓ। ਰੱਬ ਕਰੇ ਬੀਅ ਨਾਸ ਹੋ ਜਾਏ ਤੁਹਾਡਾ। ਕਬਰ ਵਿਚ ਪਵੋਗੇ ਤਾਂ ਤੁਹਾਡੀ ਮਿੱਟੀ ਨਾਲ ਰਲ ਕੇ ਮਿੱਟੀ ਵੀ ਮੈਲੀ ਹੋ ਜਾਵੇਗੀ।"

ਬੀਅ ਨਾਸ ਤਾਂ ਕੁਦਰਤੀ ਹੋਇਆ ਪਿਆ ਸੀ ਉਹਨਾਂ ਦਾ। ਵਿਆਹ ਦਵਾਂ ਨੇ ਨਹੀਂ ਸੀ ਕਰਵਾਇਆ। ਜੱਦੀ ਘਰ ਵਿਚ ਆਪਣੇ ਸਭ ਤੋਂ ਛੋਟੇ ਭਰਾ ਦੀਨ ਮੁਹੰਮਦ ਦੇ ਨਾਲ ਹੀ ਰਹਿੰਦੇ ਸਨ ਕਿ ਜੇ ਇਕ ਜਣਾ ਚੜ੍ਹਦੇ ਪਾਸੇ ਦੀ ਕੰਧ ਵੱਲ ਮੂੰਹ ਕਰ ਕੇ ਸੁੱਤਾ ਏ ਤਾਂ ਦੂਜਾ ਲਹਿੰਦੇ ਵਾਲੀ ਗੁੱਠੇ ਮੂੰਹ ਵੱਟ ਕੇ ਪਿਆ ਏ।

ਪਾਸਾ ਪਰਤਣ ਤੇ ਜੇ ਦੋਵਾਂ ਦੀਆਂ ਨਜ਼ਰਾਂ ਕਦੇ ਟਕਰਾ ਜਾਂਦੀਆਂ ਤਾਂ ਇਕ ਦੂਜੇ ਵੱਲ ਇੰਝ ਝੱਈਆਂ ਲੈ ਕੇ ਪੈਂਦੇ ਕਿ ਬਾਬੇ ਦੀਨ ਮੁਹੰਮਦ ਦੀ ਵਹੁਟੀ ਸੋਟਾ ਲੈ ਕੇ ਵੇਖਣ ਆਉਂਦੀ ਕਿ ਕਿਤੇ ਗਲੀ ਦੇ ਕੁੱਤੇ ਤੇ ਨਹੀਂ ਲੜਦੇ-ਲੜਦੇ ਵੇਹੜੇ 'ਚ ਆ ਵੜੇ।

ਏਨ੍ਹਾਂ ਦੀ ਲੜਾਈ ਦੇ ਮੈਦਾਨ ਦੋ ਸਨ। ਇਕ ਸੀ ਬਰਨਿਆਂ ਥੱਲੇ ਖੇਡੀ ਜਾਣ ਵਾਲੀ ਪਾਸੇ ਦੀ ਖੇਡ। ਕੌਡੀਆਂ ਦੀ ਸਿੱਧ-ਪੁੱਠ ਦੇ ਹਿਸਾਬ ਨਾਲ ਚੌਸਰ ਪੱਟੀ ਤੇ ਨਰਦਾਂ, ਅੱਗੇ ਵਧਦੀਆਂ, ਮਰਦੀਆਂ ਤੇ ਏਨ੍ਹਾਂ ਦੋਵਾਂ ਦੀਆਂ ਝੜਪਾਂ ਵਧਦੀਆਂ।

ਅਤੇ ਦੂਜਾ ਮੈਦਾਨ ਸੀ, ਬਾਬੇ ਦੀਨ ਮੁਹੰਮਦ ਦੇ ਘਰ, ਬੁੱਢੇ ਵਾਰੇ ਜੰਮੀ ਧੀ ਨੂੰ ਗੋਦੀ ਚੁੱਕਣ ਦਾ ਸਵਾਲ।

ਦੋਵੇਂ ਜਾਨ ਦੇਂਦੇ ਸਨ ਪਾਸੇ ਦੀ ਖੇਡ 'ਤੇ ਵੀ ਤੇ ਨਿੱਕੀ ਜਿੰਨੀ ਕੁੜੀ 'ਤੇ ਵੀ।

"ਪਾਸੇ 'ਚ ਜਿੱਤ ਮੇਰੀ ਹੋਵੇਗੀ - ਤੇਰੀ ਨਹੀਂ।"

"ਕੁੜੀ ਨੂੰ ਮੈਂ ਵੱਧ ਪਿਆਰ ਕਰਦਾ ਹਾਂ ਤੂੰ ਨਹੀਂ।"

ਦੋਵਾਂ ਦੀ ਏਸ ਸੋਚ 'ਤੇ ਟਕਰਾ ਤਾਂ ਹੋਣਾ ਈ ਸੀ ਜੋ ਹੁੰਦਾ ਰਿਹਾ।

ਇਕ ਦਿਨ ਬਾਬੇ ਮਾਖੇ ਦੀ ਪੱਕਣ ਵਾਲੀ ਗੋਟ ਨੂੰ ਮਾਰ ਕੇ ਬਾਬੇ ਨੱਥੋ ਨੇ, ਉਹਦੀ ਗੋਟ 'ਤੇ ਏਨੀ ਜ਼ੋਰ ਦੀ ਗੋਟ ਮਾਰੀ, ਜਿਵੇਂ ਬਾਬੇ ਮਾਖੇ ਦਾ ਸਿਰ ਪਾੜ ਕੇ ਰੱਖ ਦੇਵੇਗਾ - ਤੇ ਫੇਰ ਮਰੀ ਹੋਈ ਗੋਟੀ ਚੁੱਕ ਕੇ ਡੱਬੇ 'ਚ ਰੱਖਣ ਦੀ ਥਾਂ ਪੈਰਾਂ ਥੱਲੇ ਦੱਬ ਕੇ ਮਾਖੇ ਦਾ ਮੂੰਹ ਚਿੜਾਣ ਲੱਗਾ।

ਮਾਖੇ ਨੇ, ਹੱਥਲੀਆਂ ਕੌਡੀਆਂ ਦਾ ਦਾਅ ਸੁੱਟਣ ਤੋਂ ਪਹਿਲਾਂ ਆਪਣੀ ਜੁੱਤੀ ਚੁੱਕ ਕੇ ਦੋ ਵਾਰੀ ਜ਼ਮੀਨ 'ਤੇ ਮਾਰੀ ਤੇ ਨੱਥੋ ਵੱਲ ਘੂਰ ਕੇ ਵੇਖਦੇ ਹੋਏ ਕਿਹਾ -

"ਆਹ ਮੇਰਾ ਪਉਲਾ ਵੇਖਿਆ ਈ ਨਾ ! ਮਾਰ ਮਾਰ ਕੇ ਤੇਰਾ ਸਿਰ ਗੰਜਾ ਕਰ ਦਿਆਂਗਾ।" ਤੇ ਨਾਲ ਹੀ ਉੱਚੀ ਉੱਚੀ ਗਾਲ੍ਹੀਆਂ ਦੀ ਬੌਛਾਰ ਕੀਤੀ ਤਾਂ ਲਾਗੇ ਹੀ ਪਾਥੀਆਂ ਪੱਥਦੀ ਰਹਿਮਤੇ ਨੇ ਕਿਹਾ -

"ਸ਼ਰਮ ਕਰ ਵੇ ਮਾਖੇ ! ਮੇਰਾ ਨਹੀਂ ਤੇ ਪਹੇ ਪਹੇ ਜਾਂਦੀ ਚੌਧਰੀ ਖਾਨ ਮੁਹਮੰਦ ਦੀ ਨੂੰਹ ਦਾ ਈ ਖਿਆਲ ਕਰ ਲੈ। ਉਹ ਤੇਰੇ ਕੁਬੋਲ ਸੁਣ ਕੇ ਕੰਨਾਂ 'ਚ ਉਂਗਲਾਂ ਦੇ ਕੇ ਲੰਘੀ ਏ। ਜੇ ਉਹਨੇ ਘਰ ਜਾ ਕੇ ਸਹੁਰੇ ਨਾਲ ਗੱਲ ਕੀਤੀ ਤਾਂ ਤੈਨੂੰ ਚੌਧਰੀ ਦੇ ਗੁੱਸੇ ਦਾ ਪਤਾ ਈ ਏ। ਤੂੰ ਤੇ ਨੱਥੋ ਦਾ ਸਿਰ ਬਾਅਦ ਵਿਚ ਗੰਜਾ ਕਰੇਂਗਾ, ਉਹਨੇ ਤੇਰੀ ਗੰਜੀ ਖੋਪੜੀ ਛਿੱਤਰ ਮਾਰ ਮਾਰ ਕੇ ਲਾਲ ਕਰ ਦੇਣੀ ਏ...

ਉਹਨੇ ਦਸ ਮਾਰ ਕੇ ਕਹਿਣੈਂ - ਇਕ

ਫੇਰ ਦਸ ਮਾਰ ਕੇ ਕਹਿਣੈਂ - ਦੋ

ਏਸ ਲਈ ਮਾਖਿਆ, ਬੰਦਾ ਬਣ ਕੇ ਰਹੁ।"

ਰਹਿਮਤੇ ਦੀ ਸ਼ਹਿ ਲੈ ਕੇ ਨੱਥੋ ਨੂੰ ਵੀ ਮੌਕਾ ਮਿਲ ਗਿਆ। ਤੇ ਉਹਨੇ ਰਹਿਮਤੇ ਵੱਲ ਮੂੰਹ ਫੇਰ ਕੇ ਕਿਹਾ -

"ਬੇਬੇ ਰਹਿਮਤੇ ! ਏਹਨੇ ਨਹੀਂ ਬਣਨਾ ਬੰਦਾ। ਕਦੇ ਕੁੱਤੇ ਦੀ ਪੂਛ ਵੀ ਸਿੱਧੀ ਹੋਈ ਏ ਜੋ ਹੁਣ ਹੋਵੇਗੀ। ਮੇਰਾ ਭਰਾ ਕਾਂ ਏ। ਮੈਲਾ ਖਾ ਖਾ ਕੇ ਜਿਹਦੀ ਚੁੰਝ ਲਿੱਬੜੀ ਹੋਵੇ ਉਹ ਬੋਲੇਗਾ ਤਾਂ ਬਦਬੂ ਹੀ ਆਵੇਗੀ।"

ਏਨਾ ਕਹਿ ਕੇ ਬਾਬੇ ਨੱਥੋ ਨੇ ਮਾਖੇ ਨੂੰ ਕੋਈ ਗਾਲ੍ਹ ਦੇਣ ਲਈ ਮੂੰਹ

ਖੋਲ੍ਹਿਆ ਈ ਸੀ ਕਿ ਰਹਿਮਤੇ ਨੇ ਟੋਕ ਦਿੱਤਾ –

"ਬਸ ਵੇ ਬਹੁਤਿਆ ਭਲਿਆ ਮਾਣਸਾ ! ਜੇ ਤੂੰ ਅਗਲਾ ਤੂਫਾਨ ਬੋਲਣ ਲਈ ਮੂੰਹ ਖੋਲ੍ਹਿਆ ਨਾ, ਤਾਂ ਆਹ ਪਾਥੀਆਂ ਵਾਲਾ ਗੋਹਾ ਮੈਂ ਤੇਰੇ ਮੂੰਹ 'ਚ ਤੁੰਨ ਦੇਣਾ ਏ।

ਅਖੇ ਇਕ ਤੋਂ ਵੱਧ ਇਕ
ਤੂੰ ਵੀ ਐਂ ਪੱਕਾ ਚਾਮਚੜਿੱਕ
ਚੰਬੜ ਜਾਏਂ ਤਾਂ ਗਲੋਂ ਈ ਨਹੀਂ ਲੱਥਦਾ

ਤੂੰ ਕਿਸੇ ਵੈੜ੍ਹੇ ਦੇ ਅੜਿੱਕੇ ਚੜ੍ਹ ਗਿਆ ਨਾ ਤਾਂ ਉਹਨੇ ਤੈਨੂੰ ਚਾਮਚੜਿੱਕ ਵਾਂਗ ਉਲਟਾ ਲਟਕਾ ਕੇ ਤੇਰੀ ਮੁਰੰਮਤ ਕਰ ਦੇਣੀ ਐ, ਫੇਰ ਸੇਕਦਾ ਰਹੀਂ ਆਪਣੀਆਂ ਪਸਲੀਆਂ ਮਹੀਨਾ ਭਰ।"

ਪਾਸੇ ਦੀ ਖੇਡ ਵਿਚ ਜਿਹੜਾ ਹਾਰ ਜਾਂਦਾ, ਉਹ ਘਰ ਪਹੁੰਚ ਕੇ ਕੁੜੀ ਨੂੰ ਪਹਿਲਾਂ ਗੋਦ ਵਿਚ ਲੈ ਕੇ ਆਪਣੀ ਹਾਰ ਨੂੰ ਜਿੱਤ ਵਿਚ ਬਦਲ ਲੈਂਦਾ।

ਏਸ ਗੱਲੇ ਵੀ ਅਜੇਹੇ ਘਮਸਾਨ ਪੈਂਦੇ ਕਿ ਰਹੇ ਰੱਬ ਦਾ ਨਾਂਅ !

ਇਕ ਜਣਾ ਕੁੜੀ ਨੂੰ ਆਪਣੇ ਵੱਲ ਧੂੰਹਦਾ

ਦੂਜਾ ਆਪਣੇ ਵੱਲ...

ਏਸ ਖਿੱਚੋਤਾਣ ਵਿਚ ਕੁੜੀ ਵਿਚਾਰੀ ਦੀਆਂ ਡਰਦੇ ਮਾਰੇ ਲਿਲ੍ਹਕੜੀਆਂ ਨਿਕਲ ਜਾਂਦੀਆਂ, ਤੇ ਉਹਦੀ ਮਾਂ ਹੌਲੀ ਜਹੀ ਬਾਬੇ ਦੀਨ ਮੁਹੰਮਦ ਨੂੰ ਕਹਿੰਦੀ –

"ਜੀ ਤੁਸੀਂ ਜਾ ਕੇ ਕੁੜੀ ਏਨ੍ਹਾਂ ਰਾਕਸ਼ਾਂ ਕੋਲੋਂ ਲੈ ਲਉ। ਏਨ੍ਹਾਂ ਦੀ ਖਿੱਚ-ਧੂਹ ਵਿਚ ਕੁੜੀ ਦੀ ਬਾਂਹ-ਲੱਤ ਈ ਲਟਕ ਜਾਣੀ ਏ ਕਿਸੇ ਦਿਨ।"

ਬਾਬਾ ਦੀਨਾ ਆ ਕੇ ਕੁੜੀ ਨੂੰ ਲੈ ਕੇ ਮਾਂ ਦੀ ਗੋਦ ਵਿਚ ਦੇਂਦਾ ਤਾਂ ਜਾ ਕੇ ਕੁੜੀ ਸੁੱਖ ਦਾ ਸਾਹ ਲੈਂਦੀ – ਹੌਕੇ ਭਰਦੀ ਦੋਨਾਂ ਵੱਲ ਵੇਖਦੀ ਕਿ ਕਿਤੇ ਫੇਰ ਤਾਂ ਨਹੀਂ ਕੋਈ ਆ ਰਿਹਾ ਮੈਨੂੰ ਕੁੱਛੜ ਚੁੱਕਣ। ਉਹ ਡਰਦੀ ਮਾਰੀ ਮਾਂ ਦੀ ਬੁੱਕਲ ਵਿਚ ਲੁਕ ਜਾਂਦੀ। ਤੇ ਏਹ ਦੋਵੇਂ ਏਦਾਂ ਮੂੰਹ ਲਟਕਾ ਕੇ ਬਹਿ ਜਾਂਦੇ ਜਿਵੇਂ ਦੋਵਾਂ ਦੇ ਸਿਰ ਮਣਾਂ-ਮੂੰਹ ਭਾਰ ਹੇਠ ਆ ਗਏ ਹੋਣ।

ਏਨ੍ਹਾਂ ਦੀਆਂ ਏਹੋ ਜਹੀਆਂ ਨਿੱਤ ਦੀਆਂ ਝੜਪਾਂ, ਆਪਣੇ ਜੱਦੀ ਪਿੰਡ ਵਿਚ ਰੋਜ਼ ਹੀ ਵੇਖਦਾ ਸਾਂ ਜਾਂ ਫਿਰ ਬੇਬੇ ਰਹਿਮਤੇ ਵਰਗੀ ਫੰਢੋਰਚੀ ਕੋਲੋਂ ਪਤਾ ਲੱਗ ਜਾਂਦੀਆਂ ਸਨ।

ਮੁਲਕ ਦੀ ਵੰਡ ਦੇ ਵੇਲੇ ਮੈਂ ਏਨ੍ਹਾਂ ਪਾਤਰਾਂ ਕੋਲੋਂ ਵਿਛੜਿਆ ਤਾਂ ਫੇਰ ਮੈਨੂੰ ਪਿੰਡ ਜਾਣ ਦਾ ਅਵਸਰ ਮਿਲਿਆ, ਜਦ ਮੈਂ ਆਪ ਬਾਬੇ ਮਾਖੇ ਤੇ ਬਾਬੇ ਨੱਥੋ ਵਾਂਗ ਬਾਬਾ ਬਣ ਚੁੱਕਾ ਸਾਂ।

ਪਿੰਡ ਵਾਲੇ ਮੈਨੂੰ ਏਨ੍ਹਾਂ ਦੀਆਂ ਨਾਲ ਨਾਲ ਬਣੀਆਂ ਕਬਰਾਂ ਕੋਲ ਲੈ ਕੇ ਗਏ ਤਾਂ ਮੇਰੀ ਨਜ਼ਰ ਦੋਵਾਂ ਦੀਆਂ ਕਬਰਾਂ ਤੇ ਉੱਗੀਆਂ ਘਾਹ ਦੀਆਂ ਤਿੜਾਂ

'ਤੇ ਗਈ।

ਹਵਾ ਚਲਣ ਨਾਲ ਇਕ ਦੀ ਕਬਰ ਦੀ ਇਕ ਤਿੜ ਦੂਜੀ ਦੀ ਤਿੜ ਨਾਲ ਟਕਰਾ ਰਹੀ ਸੀ।

"ਏਨ੍ਹਾਂ ਦੀਆਂ ਕਬਰਾਂ ਤੇ ਉੱਗੀ ਘਾਹ ਦੀਆਂ ਤਿੜਾਂ ਵੀ ਏਨ੍ਹਾਂ ਵਾਂਗ ਇਕ ਦੂਜੀ ਨਾਲ ਗਲਵੱਕੜੀ ਪਾ ਰਹੀਆਂ ਨੇ।"

ਉਹਨਾਂ ਦੱਸਿਆ –

ਹੋਇਆ ਇੰਝ ਕਿ ਰਾਤੀਂ ਨੱਥੋ ਸੁੱਤਾ, ਤੇ ਸੁੱਤਾ ਸੁੱਤਾ ਈ ਸਦਾ ਦੀ ਨੀਂਦਰ ਸੌਂ ਗਿਆ।

ਬਾਬੇ ਮਾਖੇ ਨੇ ਦਿਨ ਚੜ੍ਹੇ ਉਹਨੂੰ ਚਾਦਰ ਤਾਣੀ ਸੁੱਤਾ ਵੇਖਿਆ ਤਾਂ ਕੁੜੀ ਨੂੰ ਗੋਦੀ 'ਚ ਚੁੱਕਣ ਦਾ ਅਵਸਰ ਵੇਖ ਕੇ ਬੜਾ ਖੁਸ਼ ਹੋਇਆ। ਪਰ ਕੁੜੀ ਵੀ ਗੂਹੜੀ ਨੀਂਦਰ ਸੁੱਤੀ ਪਈ ਸੀ। ਏਸ ਲਈ ਉਹਦੀ ਮਾਂ ਤੋਂ ਡਰਦੇ ਵਾਪਸ ਆ ਗਿਆ।

ਬਾਬਾ ਨੱਥੋ ਜਦ ਫੇਰ ਵੀ ਨਾ ਉੱਠਿਆ ਤਾਂ ਮਾਖੇ ਨੇ ਗਾਲ੍ਹਾਂ ਕੱਢਦੇ ਹੋਏ ਗੁੱਸੇ ਵਿਚ ਆ ਕੇ ਉਹਦੀ ਚਾਦਰ ਲਾਹ ਕੇ ਵਗਾਹੀ ਕੇ ਪਰ੍ਹਾਂ ਸੁੱਟੀ ਤਾਂ ਉਹਦਾ ਬੇਜਾਨ ਸਰੀਰ ਵੇਖ ਕੇ, ਢਾਹ ਮਾਰੀ ਤੇ ਦੁਹੱਥੜ ਪਿੱਟ ਕੇ ਬੁੱਤ ਬਣ ਕੇ ਇਕ ਪਾਸੇ ਬਹਿ ਗਿਆ।

ਅੱਖਾਂ 'ਚੋਂ ਪਰਲ ਪਰਲ ਅੱਥਰੂ ਵਗੀ ਜਾਣ ਤੇ ਮੂੰਹੋਂ ਕੁਝ ਨਾ ਬੋਲੇ।

ਲੋਕੀਂ ਇਕੱਠੇ ਹੋ ਗਏ। ਕਫ਼ਨ-ਦਫ਼ਨ ਦੀ ਤਿਆਰੀ ਹੋਣ ਲੱਗੀ। ਪਰ ਬਾਬਾ ਗੁੰਮ – ਕੁਝ ਨਾ ਬੋਲੇ।

ਕਿਸੇ ਨੇ ਕਿਹਾ – ਏਹਨੂੰ ਬੁਲਾਓ – ਗ਼ਮ ਅੰਦਰ ਹੀ ਅੰਦਰ ਜਮ੍ਹਾਂ ਹੋ ਗਿਆ ਤਾਂ ਕਿਤੇ ਸਦਮੇ ਨਾਲ ਮਰ ਈ ਨਾ ਜਾਏ।

ਲੋਕਾਂ ਦੇ ਕਹਿਣ-ਸੁਣਨ ਤੇ ਬਾਬਾ ਮਾਖਾ ਮਰਿਆ ਮਰਿਆ ਉੱਠਿਆ ਤੇ ਲਾਸ਼ ਦੇ ਕੋਲ ਆਇਆ ਤੇ ਕਿਹਾ –

"ਹਰਾਮਜ਼ਾਦਾ ਮਰ ਕੇ ਵੀ ਮੇਰੇ ਨਾਲ ਦੁਸ਼ਮਣੀ ਕਰ ਗਿਆ। ਵਾਰੀ ਮੇਰੀ ਸੀ ਤੇ ਮਰ ਗਿਆ ਏਹ ਕੰਜਰ !"

ਪਿੰਡ ਦੇ ਲੋਕੀਂ ਹੈਰਾਨ ! ਮਾਖਾ ਕੀ ਕਹਿ ਰਿਹਾ ਏ ?

ਮਾਖੇ ਨੇ ਜਦੋਂ ਘੜੀ-ਮੁੜੀ ਏਹੋ ਲਫ਼ਜ਼ ਦੁਹਰਾਏ ਕਿ "ਵਾਰੀ ਮੇਰੀ ਸੀ ਮਰ ਗਿਆ ਏਹ –" ਤਾਂ ਸਭ ਤੋਂ ਛੋਟਾ ਦੀਨ ਮੁਹੰਮਦ, ਵੱਡੇ ਭਰਾ ਦੇ ਕੋਲ ਆਇਆ ਤੇ ਉਹਦੇ ਲੱਕ ਦੁਆਲੇ ਬਾਂਹ ਵਲਾ ਕੇ ਕਹਿਣ ਲੱਗਾ –

"ਜੇ ਨੱਥੇ ਦੇ ਆਖੇ ਲੱਗ ਕੇ ਆਪਣੀ ਵਾਰੀ ਸਿਰ ਤੂੰ ਵਿਆਹ ਕਰਾ ਲੈਂਦਾ ਤਾਂ ਸਾਰੀ ਉਮਰ ਦਾ ਝਗੜਾ ਨਾ ਸਹੇੜਦੇ ਤੁਸੀਂ।"

"ਮੈਂ ਤੇ ਏਸ ਕੰਜਰ ਨੂੰ ਕਿਹਾ ਸੀ ਕਿ ਵਿਆਹ ਕਰਵਾ ਲਵੇ – ਮੇਰੇ ਵਾਂਗ

ਏਹਦੀ ਉਮਰ ਵੀ ਬੀਤ ਨਾ ਜਾਏ – ਪਰ ਏਹ ਮੰਨਿਆਂ ਈ ਨਾ।"

ਏਹ ਕਹਿੰਦੇ ਹੋਏ ਬਾਬੇ ਮਾਖੇ ਨੇ ਜ਼ੋਰ ਦੀ ਭੁੱਬ ਮਾਰੀ। ਨੱਥੋ ਦੀ ਲਾਸ਼ ਤੇ ਡਿੱਗ ਪਿਆ ਤੇ ਉਹਦਾ ਸਾਹ ਟੁੱਟਣ ਲੱਗ ਪਿਆ। ਟੁੱਟਦੇ ਹੋਏ ਸਾਹਾਂ ਵਿਚ ਹੀ ਉਹਨੇ ਟੁੱਟੇ ਲਫ਼ਜ਼ਾਂ ਵਿਚ ਕਿਹਾ –

"ਓਏ ਦੀਨੇ ! ਪਹਿਲਾਂ ਮੈਨੂੰ ਦਫ਼ਨਾ ਦਿਉ ਤੇ ਫੇਰ ਏਸ ਕੰਜਰ ਨੂੰ" ਤੇ ਨਾਲ ਈ ਉਹ ਉਸ ਵਾਦੀ ਵਿਚ ਪਹੁੰਚ ਗਿਆ ਜਿਥੇ ਨੱਥੋ ਪਹਿਲਾਂ ਈ ਪਹੁੰਚ ਚੁੱਕਾ ਸੀ।

ਪਿੰਡ ਵਾਲਿਆਂ ਦੀ ਏਹ ਗੱਲ ਸੁਣ ਕੇ ਮੇਰੇ ਦਿਲ ਵਿਚ ਖਿਆਲ ਆਇਆ ਕਿ ਬਾਬੇ ਮਾਖੇ ਤੇ ਬਾਬੇ ਨੱਥੋ ਨੂੰ ਆਪਣੇ ਦਿਲ ਵਿਚ ਵਗ ਰਹੀ ਪਿਆਰ ਦੀ ਰੌ ਦਾ ਪੂਰਾ ਨਹੀਂ ਤਾਂ ਥੋੜ੍ਹਾ-ਬਹੁਤ ਅਹਿਸਾਸ ਜ਼ਰੂਰ ਸੀ, ਤਾਂਹੀਓਂ ਤਾਂ ਉਹ ਇਕ ਦੂਜੇ ਨੂੰ ਗਾਲ੍ਹੀਆਂ ਤਾਂ ਦੇਂਦੇ ਰਹੇ ਪਰ ਕਦੇ ਹੱਥ ਨਹੀਂ ਚੁੱਕਿਆ ਤੇ ਨਾਲੇ ਏਹ ਕਿ ਲੜਦੇ-ਝਗੜਦੇ ਵੀ ਸਾਰੀ ਉਮਰ ਇਕੋ ਘਰ ਦੀ ਚਾਰਦੀਵਾਰੀ ਵਿਚ ਰਹਿੰਦੇ ਰਹੇ।

ਹੁਣ ਸੋਚਦਾ ਹਾਂ ਕਿ ਜੇ ਪਿਆਰ ਦੀ ਇਸ ਖਾਮੋਸ਼ ਰੌ ਦਾ ਅਹਿਸਾਸ ਦੁਨੀਆਂ ਦੇ ਬੰਦਿਆਂ ਨੂੰ ਹੋ ਜਾਂਦਾ ਤਾਂ ਸ਼ਾਇਦ ਵੰਡ ਦੀਆਂ ਲਕੀਰਾਂ ਨਾ ਪੈਂਦੀਆਂ ਤੇ ਨਾ ਹੀ ਧਰਤੀ ਤੇ ਖ਼ੂਨ-ਖਰਾਬਾ ਹੁੰਦਾ।

◆◆◆


ਰਤਨ ਸਿੰਘ